
# ਚੱਠਿਆਂ ਦੀ ਵਾਰ




ਭਾਸ਼ਾ ਵਿਭਾਗ, ਪੰਜਾਬ

12479-9

# ਚੱਠਿਆਂ ਦੀ ਵਾਰ

GOVT PUNJAB

12479-G

ਪ੍ਰਕਾਸ਼ਕ

ਭਾਸ਼ਾ ਵਿਭਾਗ ਪੰਜਾਬ

1968

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

Department of Languages
LIBRARY
A.C.C. No... 124796
PATIALA

# ਚੱਠਿਆਂ ਦੀ ਵਾਰ

ਪ੍ਰਕਾਸ਼ਕ

ਭਾਸ਼ਾ ਵਿਭਾਗ ਪੰਜਾਬ
1968

*Original with:*
Language Department Punjab
*Digitized by:*
Panjab Digital Library

ਸਭ ਹੱਕ ਰਾਖਵੇਂ ਹਨ :

ਮੁੱਲ : ਰੁ: 1·10

ਛਾਪਕ :
ਸੋਹਨ ਲਾਲ ਖੰਨਾ,
ਸਵੈਨ ਪ੍ਰਿੰਟਿੰਗ ਪ੍ਰੈਸ, ਅੱਡਾ ਟਾਂਡਾ, ਜਲੰਧਰ ਸ਼ਹਿਰ

*Original with:*
Language Department Punjab
*Digitized by:*
Panjab Digital Library

## ਦੋ ਸ਼ਬਦ

**ਵਾਰ** ਭਾਵੇਂ ਰਾਜਸਥਾਨ ਦੀ ਜੰਮ-ਪਾਲ ਹੈ ਪਰ ਇਸ ਨੇ ਭਰ ਜੋਬਨ ਪੰਜਾਬੀ ਵਿਚ ਹੀ ਵੇਖਿਆ। ਪੰਜਾਬ ਵਿਚ ਇਸ ਦੇ ਰੰਗ ਵੀ ਅਨੇਕ ਹਨ। ਅਧਿਆਤਮਕ, ਫਲਸਾਮਈ ਅਤੇ ਜੰਗ ਦੀਆਂ ਵਾਰਾਂ ਨੇ ਪੰਜਾਬੀ ਸਾਹਿਤ ਨੂੰ ਅਮੀਰ ਕਰ ਦਿੱਤਾ। 'ਵਾਰ' ਦਾ ਸਥਾਈ ਭਾਵ—ਉਤਸ਼ਾਹ, ਉਵੇਂ ਵੀ ਪੰਜਾਬੀ ਜੀਵਨ ਦੇ ਸਦਾ ਖੇੜੇ ਅਤੇ ਹਰ ਮੁਸੀਬਤ ਝਲ ਸਕਣ ਦੀ ਸਮਰਥਾ ਨਾਲ ਮੇਲ ਖਾਂਦਾ ਹੈ।

ਭਾਸ਼ਾ ਵਿਭਾਗ ਪੰਜਾਬ ਵੱਲੋਂ ਪਹਿਲਾਂ ਵੀ ਇਸ ਸਾਹਿਤ-ਵੰਨਗੀ ਦੀਆਂ ਤਿੰਨ ਪੁਸਤਕਾਂ—ਭਾਈ ਗੁਰਦਾਸ, ਫਤਹਿਨਾਮ ਅਤੇ ਨੌਂ ਵਾਰਾਂ ਪੰਜਾਬੀ ਪਾਠਕਾਂ ਦੀ ਭੇਟਾ ਕੀਤੀਆਂ ਜਾ ਚੁਕੀਆਂ ਹਨ। ਮੈਨੂੰ ਯਕੀਨ ਹੈ ਕਿ ਪੰਜਾਬੀ ਜਾਨਣ ਵਾਲੇ ਇਸ ਬਹੁ-ਮੁਲੀ ਪੁਸਤਕ ਦਾ ਵੀ ਨਿੱਘਾ ਸੁਆਗਤ ਕਰਨਗੇ।

ਲਾਲ ਸਿੰਘ
ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

# ਪ੍ਰਿੰ: ਸੀਤਾਰਾਮ ਕੋਹਲੀ

ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਪ੍ਰਿੰ. ਸੀਤਾਰਾਮ ਕੋਹਲੀ ਜੀ ਦਾ ਜਨਮ ਪਿੰਡ ਭੇਰਾ, ਜ਼ਿ: ਸ਼ਾਹਪੁਰ (ਹੁਣ ਪੱਛਮੀ ਪਾਕਿਸਤਾਨ) ਵਿਚ ਫ਼ਰਵਰੀ, 1891 ਵਿਚ ਹੋਇਆ ਸੀ। ਆਪ ਸ਼ੁਰੂ ਤੋਂ ਹੀ ਬੜੇ ਬੁੱਧੀਮਾਨ ਸਨ ਅਤੇ 'ਹੋਣਹਾਰ ਬਰਵਾ ਕੇ ਚਿਕਣੇ ਚਿਕਣੇ ਪਾਤ' ਦੀ ਕਹਾਵਤ ਦੇ ਅਨੁਸਾਰ ਆਪ ਦੀ ਯੋਗਤਾ ਦਾ ਪਤਾ ਬੱਚਪਨ ਤੋਂ ਲਗਣ ਲੱਗ ਪਿਆ ਸੀ।

ਆਪ ਨੇ ਗੌਰਮਿੰਟ ਕਾਲਜ, ਲਾਹੌਰ ਤੋਂ ਐਮ. ਏ. (ਇਤਿਹਾਸ) ਦੀ ਪ੍ਰੀਖਿਆ ਪਾਸ ਕੀਤੀ। ਇਸ ਪ੍ਰੀਖਿਆ ਵਿਚ ਨਾ ਕੇਵਲ ਆਪ ਨੇ ਫ਼ਸਟ ਡਵੀਜ਼ਨ ਹੀ ਪ੍ਰਾਪਤ ਕੀਤੀ ਸਗੋਂ ਆਪ ਸਾਰੀ ਯੂਨੀਵਰਸਿਟੀ ਵਿਚ ਪ੍ਰਥਮ ਰਹੇ। ਵਿੱਦਿਆ ਪੂਰੀ ਕਰਨ ਤੋਂ ਬਾਅਦ ਆਪ ਗੌਰਮਿੰਟ ਕਾਲਜ ਵਿਚ ਹੀ ਇਤਿਹਾਸ ਦੇ ਲੈਕਚਰਾਰ ਦੇ ਤੌਰ ਤੇ ਨਿਯੁਕਤ ਹੋ ਗਏ। ਇਤਿਹਾਸਿਕ ਖੋਜ ਵੱਲ ਆਪ ਦਾ ਧਿਆਨ ਪਹਿਲਾਂ ਹੀ ਬਹੁਤ ਸੀ। ਲੈਕਚਰਾਰ ਦੇ ਤੌਰ ਤੇ ਨਿਯੁਕਤ ਹੁੰਦਿਆਂ ਹੀ ਆਪ ਨੇ ਪੰਜਾਬ ਦੇ ਇਤਿਹਾਸ ਦੇ ਗਵਾਚੇ ਪੱਤਰਿਆਂ ਨੂੰ ਖੋਜ ਕੇ ਇਕੱਤਰ ਕਰਨਾ ਅਤੇ ਲੋਕਾਂ ਸਾਹਮਣੇ ਲਿਆਉਣਾ ਆਰੰਭ ਕੀਤਾ। ਇਸ ਸਬੰਧ ਵਿਚ ਆਪ ਨੇ ਪੰਜਾਬ ਦੇ ਇਤਿਹਾਸ ਸਬੰਧੀ ਪੰਜਾਬ ਰਿਕਾਰਡਜ਼ ਆਫ਼ਿਸ ਵਿਚ ਪਈਆਂ ਦਸਤਾਵੇਜ਼ਾਂ ਦੀ ਸੂਚੀ ਤਿਆਰ ਕੀਤੀ ਅਤੇ ਇਸ ਨੂੰ ਦੋ ਜਿਲਦਾਂ ਵਿਚ 'ਖ਼ਾਲਸਾ ਦਰਬਾਰ ਰਿਕਾਰਡਜ਼' ਦੇ ਨਾਂ ਅਧੀਨ ਪ੍ਰਕਾਸ਼ਤ ਕੀਤਾ।

ਆਪ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੇ ਕਿ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਮੁਕੰਮਲ ਹਾਲ ਲਿਖਿਆ ਜੋ ਅੱਜ ਤੋਂ ਲੱਗ ਪੱਗ 30 ਵਰ੍ਹੇ ਪਹਿਲਾਂ ਕਿਸ਼ਤਵਾਰ, 'ਜਰਨਲ ਆਫ਼ ਇੰਡੀਅਨ ਹਿਸਟਰੀ' ਵਿਚ ਪ੍ਰਕਾਸ਼ਤ ਹੋਇਆ।

ਆਪ ਨੇ ਪੰਜਾਬ ਦੇ ਇਤਿਹਾਸ ਸਬੰਧੀ ਥਾਂ ਥਾਂ ਖਿੰਡੀਆਂ ਦਸਤਾਵੇਜ਼ਾਂ ਨੂੰ ਸੰਕਲਿਤ ਕੀਤਾ ਅਤੇ ਮੂਲ ਖਰੜਿਆਂ ਨੂੰ ਪੰਜਾਬੀ ਵਿਚ ਸੋਧ ਕੇ ਅੰਗਰੇਜ਼ੀ ਟਿੱਪਣੀਆਂ ਸਹਿਤ ਪ੍ਰਕਾਸ਼ਤ ਕੀਤਾ। ਇਸ ਤਰ੍ਹਾਂ ਆਪ ਨੇ ਪੰਜਾਬ ਦੇ ਇਤਿਹਾਸ ਸਬੰਧੀ ਲੱਗ ਪੱਗ ਇਕ ਦਰਜਨ ਪੁਸਤਕਾਂ ਦੀ ਰਚਨਾ ਕੀਤੀ। ਪ੍ਰਿੰ: ਕੋਹਲੀ ਨੂੰ ਸਿੱਖਾਂ ਦੇ ਇਤਿਹਾਸ, ਵਿਸ਼ੇਸ਼ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ, ਪੂਰਨ ਵਾਕਫ਼ੀਅਤ ਸੀ। ਉਨ੍ਹਾਂ ਨੇ ਮਹਾਰਾਜਾ

*Original with:*
Language Department Punjab
*Digitized by:*
Panjab Digital Library

ਰਣਜੀਤ ਸਿੰਘ ਬਾਰੇ ਉਰਦੂ ਵਿਚ ਇਕ ਪੁਸਤਕ ਲਿਖੀ ਜਿਸ ਵਿਚ ਸ਼ੇਰੇ ਪੰਜਾਬ ਦੇ ਜੀਵਨ ਅਤੇ ਇਨ੍ਹਾਂ ਦੀਆਂ ਜਿੱਤਾਂ ਨੂੰ ਸਹੀ ਰੂਪ ਵਿੱਚ ਪੇਸ਼ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਬਾਰੇ ਇਕ ਪੁਸਤਕ ਹਿੰਦੀ ਵਿਚ ਲਿਖ ਕੇ ਆਪ ਨੇ ਪੰਜਾਬ ਯੂਨੀਵਰਸਿਟੀ ਤੋਂ ਪਹਿਲਾ ਇਨਾਮ ਪ੍ਰਾਪਤ ਕੀਤਾ। ਪ੍ਰਿੰ: ਕੋਹਲੀ ਅੰਤਮ **ਸਵਾਸਾਂ** ਤਕ ਸਿੱਖ ਇਤਿਹਾਸ ਬਾਰੇ ਖੋਜ ਕਰਦੇ ਰਹੇ।

ਪੰਜਾਬ ਦੇ ਇਤਹਾਸ ਦੀ ਖੋਜ ਭਾਵੇਂ ਆਪ ਦਾ ਮੁੱਖ ਵਿਸ਼ਾ ਸੀ ਪਰ ਭਾਰਤ ਦੇ ਇਤਹਾਸ ਵੱਲ ਵੀ ਆਪ ਦੀ ਰੁਚੀ ਘੱਟ ਨਹੀਂ ਸੀ। ਵਿਸ਼ੇਸ਼ ਰੂਪ ਵਿਚ ਆਪ ਪੁਰਾਤਨ ਭਾਰਤ ਦੇ ਇਤਹਾਸ, ਸੁਲਤਾਨਾਂ ਦੇ ਸ਼ਾਸਨ ਕਾਲ ਅਤੇ ਮੁਗਲ ਕਾਲ ਵਿਚ ਵਧੇਰੇ ਦਿਲਚਸਪੀ ਰੱਖਦੇ ਸਨ। 'ਇੰਡਸ ਵੈਲੀ ਸਿਵਲੀਜ਼ੇਸ਼ਨ' ਦੇ ਵਿਸ਼ੇ ਤੇ ਜੋ ਲੈਕਚਰ ਆਪ ਨੇ ਦਿੱਤੇ ਉਹ ਅੰਗਰੇਜ਼ੀ ਵਿਚ ਪ੍ਰਕਾਸ਼ਤ ਹੋਏ ਅਤੇ ਇੰਨੇ ਪ੍ਰਮਾਣਿਕ ਪ੍ਰਵਾਨ ਕੀਤੇ ਗਏ ਕਿ 'ਕੈਂਬਰਿਜ ਹਿਸਟਰੀ ਆਫ਼ ਇੰਡੀਆ' ਦੀਆਂ ਜਿਲਦਾਂ ਵਿਚ ਵੀ ਇਨ੍ਹਾਂ ਵਿਚੋਂ ਟੂਕਾਂ ਹਵਾਲਿਆਂ ਵਜੋਂ ਵਰਤੀਆਂ ਗਈਆਂ ਹਨ।

ਆਪ ਨੇ 'ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ', ਨਵੀਂ ਦਿੱਲੀ ਵਿਚ ਮੌਜੂਦ ਫ਼ੋਰਟ ਵਿਲੀਅਮ-ਇੰਡੀਆ ਹਾਊਸ ਦੇ ਪੱਤਰ ਵਿਹਾਰ ਜਿਲਦ ਨੰ: 21 ਦਾ ਸੰਪਾਦਨ ਕੀਤਾ। 1939 ਤੋਂ ਆਪ ਇੰਡੀਅਨ ਹਿਸਟੋਰੀਕਲ ਰਿਕਾਰਡਜ਼ ਕਮਿਸ਼ਨ ਨਾਲ ਸਬੰਧਤ ਰਹੇ ਅਤੇ ਇਸ ਤੋਂ ਇਲਾਵਾ ਆਪ ਦਾ ਸਬੰਧ ਇੰਡੀਅਨ ਹਿਸਟਰੀ ਕਾਂਗਰਸ ਨਾਲ, ਇਸ ਦੇ ਸਥਾਪਤ ਹੋਣ ਦੇ ਸਮੇਂ ਤੋਂ ਹੀ ਰਿਹਾ।

ਆਪ ਦਿਆਲ ਸਿੰਘ ਕਾਲਜ ਲਾਇਬ੍ਰੇਰੀ ਦੇ 20 ਸਾਲ ਟਰੱਸਟੀ ਰਹੇ। ਆਪ ਹੁਸ਼ਿਆਰਪੁਰ, ਰੋਹਤਕ, ਅਤੇ ਸੰਗਰੂਰ ਵਿਖੇ ਪ੍ਰਿੰਸੀਪਲ ਰਹੇ। ਪੰਜਾਬ ਨੂੰ ਇਸ ਮਹਾਨ ਇਤਹਾਸਕਾਰ ਉਤੇ ਸਦਾ ਮਾਣ ਰਹੇਗਾ। ਆਪ ਨੇ ਜਿੱਥੇ ਸਾਨੂੰ ਇਤਹਾਸ ਸਬੰਧੀ ਇਤਨੀਆਂ ਵਡਮੁੱਲੀਆਂ ਦੇਣਾਂ ਦਿੱਤੀਆਂ ਹਨ ਉਥੇ ਪੰਜਾਬੀ ਸਾਹਿੱਤ ਨੂੰ ਵੀ ਉਨ੍ਹਾਂ ਨੇ ਮਹਾਨ ਕ੍ਰਿਤੀਆਂ ਦਿੱਤੀਆਂ ਹਨ ਜੋ ਸੰਪਾਦਨ ਅਤੇ ਸੰਕਲਨ ਦੇ ਇਤਹਾਸ ਵਿਚ ਆਪਣੀ ਮਿਸਾਲ ਆਪ ਹਨ। ਉਨ੍ਹਾਂ ਸ਼ਾਹ ਮੁਹੰਮਦ ਦੇ ਰਚੇ ਹੋਏ ਜੰਗਨਾਮੇ ਦਾ ਅਤੇ ਸ੍ਰੀ ਗਣੇਸ਼ ਦਾਸ ਦੇ ਲਿਖੇ ਹੋਏ 'ਫਤਿਹ ਨਾਮਾ ਗੁਰੂ ਖ਼ਾਲਸਾ ਜੀ' ਦਾ ਦਾ ਬੜੀ ਵਿਦਵੱਤਾ ਤੇ ਯੋਗਤਾ ਨਾਲ ਸੰਪਾਦਨ ਕੀਤਾ ਹੈ। ਇਕ ਪ੍ਰਬੀਨ ਇਤਹਾਸਕਾਰ ਹੋਣ ਦੇ ਨਾਤੇ ਉਨ੍ਹਾਂ ਨੇ ਇਨ੍ਹਾਂ ਦੋਹਾਂ ਪੁਸਤਕਾਂ ਦੀ ਜੋ ਵਿਸਥਾਰ ਪੂਰਬਕ ਭੂਮਿਕਾ ਲਿਖੀ ਹੈ ਉਹ ਇਨ੍ਹਾਂ ਰਚਨਾਵਾਂ ਦੀ ਇਤ-ਹਾਸਕ ਤੇ ਸਾਹਿਤਕ ਮਹੱਤਾ ਨੂੰ ਪੂਰੀ ਤਰ੍ਹਾਂ ਉਜਾਗਰ ਕਰਨ ਵਿਚ ਸਫ਼ਲ ਰਹੀ ਹੈ। ਇਨ੍ਹਾਂ ਪ੍ਰਸਿੱਧ ਰਚਨਾਵਾਂ ਦੇ ਸਾਹਿਤਿਕ ਅਤੇ ਇਤਹਾਸਿਕ ਮੁੱਲ ਨੂੰ ਜਾਂਚਣ ਲਈ ਅਤੇ ਇਨ੍ਹਾਂ ਵਿਚ ਬਿਆਨ ਕੀਤੀਆਂ ਘਟਨਾਵਾਂ ਨੂੰ ਨਿਆਂ ਯੁਕਤ ਲੜੀ ਵਿਚ ਪਰੋਣ ਲਈ ਆਪ ਦਾ ਇਹ ਉੱਦਮ ਅਤਿਅੰਤ ਹੀ ਸ਼ਲਾਘਾਯੋਗ ਹੈ। ਇਸੇ ਤਰ੍ਹਾਂ ਉਨ੍ਹਾਂ ਨੇ 'ਚੌਂਠਿਆਂ ਦੀ ਵਾਰ' ਦਾ ਸੰਪਾਦਨ ਵੀ ਕਈ ਵਰ੍ਹਿਆਂ ਦੀ ਲਗਾਤਾਰ ਮਿਹਨਤ ਨਾਲ ਮੁਕੰਮਲ ਕੀਤਾ ਹੈ ਅਤੇ ਉਨ੍ਹਾਂ ਨੂੰ ਪਹਿਲੀ ਵਾਰੀ ਸਾਹਿਤ-ਜਗਤ ਵਿਚ ਲਿਆਉਣ ਦਾ ਮਾਣ ਵੀ ਉਨ੍ਹਾਂ ਨੂੰ

Original with:
Language Department Punjab
Digitized by:
Panjab Digital Library

ਹੀ ਪ੍ਰਾਪਤ ਹੈ। ਇਸ ਵਾਰ ਬਾਰੇ ਉਨ੍ਹਾਂ ਨੇ ਪੰਜਾਬੀ ਦੁਨੀਆ ਵਿਚ ਪਹਿਲਾਂ ਇਕ ਲੇਖ ਵੀ ਲਿਖਿਆ ਸੀ, ਜਿਸ ਨੇ ਪਾਠਕਾਂ ਤੇ ਵਿਦਵਾਨਾਂ ਦਾ ਧਿਆਨ ਇਸ ਵਾਰ ਦੀ ਸਾਹਿਤਿਕ ਵਿਸ਼ੇਸ਼ਤਾ ਵਲ ਖਿੱਚਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਇਸ 'ਵਾਰ' ਨੂੰ ਪੰਜਾਬੀ ਦੀ ਇਕ ਉੱਚ ਪ੍ਰੀਖਿਆ ਦੇ ਕੋਰਸ ਦੇ ਲਈ ਨਿਯਤ ਕਰ ਦਿੱਤਾ ਹੈ ਇਸ ਤਰ੍ਹਾਂ ਇਹ 'ਵਾਰ' ਪੰਜਾਬੀ ਦੇ ਵਿਦਵਾਨਾਂ ਤੇ ਵਿਦਿਆਰਥੀਆਂ ਦੇ ਅਧਿਐਨ ਦਾ ਵਿਸ਼ੇਸ਼ ਵਿਸ਼ਾ ਬਣ ਗਈ ਹੈ। ਭਾਵੇਂ ਹਥਲੀ ਸੈਂਚੀ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਅਤੇ ਸ੍ਰ: ਸ਼ਮਸ਼ੇਰ ਸਿੰਘ 'ਅਸ਼ੋਕ' ਇਸ ਵਾਰ ਨੂੰ ਪੰਜਾਬੀ ਅੱਖਰਾਂ ਵਿੱਚ **ਪ੍ਰਕਾਸ਼ਤ** ਕਰ ਚੁਕੇ ਹਨ ਅਤੇ ਇਸ ਸਬੰਧੀ ਕਾਫ਼ੀ ਪੁਣ ਛਾਣ ਹੋ ਚੁਕੀ ਹੈ, ਪਰ ਪ੍ਰਿੰ: ਕੋਹਲੀ ਨੇ ਇਸ ਸੰਪਾਦਨ ਵਿਚ ਜੋ ਮਿਹਨਤ ਕੀਤੀ ਹੈ ਅਤੇ ਜਿਤਨੀ ਸਪੱਸ਼ਟਤਾ ਨਾਲ ਉਨ੍ਹਾਂ ਨੇ ਇਸ ਵਿਚ ਬਿਆਨ ਕੀਤੀਆਂ ਇਤਹਾਸਿਕ ਘਟਨਾਵਾਂ ਨੂੰ ਪੇਸ਼ ਕੀਤਾ ਹੈ ਉਸ ਨੂੰ ਵੇਖ ਕੇ ਵਿਭਾਗ ਨੇ ਇਹ ਲੋੜ ਅਨੁਭਵ ਕੀਤੀ ਕਿ ਉਨ੍ਹਾਂ ਦੀ ਮਿਹਨਤ ਪ੍ਰਕਾਸ਼ ਵਿਚ ਆਉਣੀ ਚਾਹੀਦੀ ਹੈ। ਵਿਭਾਗ ਉਨ੍ਹਾਂ ਦੀ ਪਤਨੀ ਸ੍ਰੀ ਮਤੀ ਲੀਲਾ ਵਤੀ ਕੋਹਲੀ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਦਾ, ਆਪਣੇ ਹੱਥ ਨਾਲ ਲਿਖਿਆ ਹੋਇਆ ਕੱਚਾ ਖਰੜਾ ਦੇ ਕੇ ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਵਿਚ ਵਿਭਾਗ ਦੀ ਸਹਾਇਤਾ ਕੀਤੀ ਹੈ।

ਅਸੀਂ ਆਸ ਕਰਦੇ ਹਾਂ ਕਿ ਇਹ ਪੁਸਤਕ ਵੀ ਸਵਰਗਵਾਸੀ ਪ੍ਰਿੰਸੀਪਲ ਸਾਹਿਬ ਦੀ ਇਕ ਅਮਰ ਕਿਰਤ ਸਿੱਧ ਹੋਵੇਗੀ।

———

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

## ਕੁਝ ਚੱਠਿਆਂ ਬਾਰੇ

ਚੱਠੇ ਲੋਕ ਮੁਸਲਮਾਨਾਂ ਦੇ ਇਕ ਵੱਡੇ ਕਬੀਲੇ ਵਿਚੋਂ ਹਨ ਜਿਹੜੇ ਵਿਸ਼ੇਸ਼ ਕਰਕੇ ਗੁਜਰਾਂਵਾਲੇ ਜ਼ਿਲ੍ਹੇ ਦੇ ਹਾਫ਼ਿਜ਼ਾਬਾਦ ਅਤੇ ਵਜ਼ੀਰਾਬਾਦ ਪਰਗਨਿਆਂ ਵਿਚ ਵੱਸੇ ਹੋਏ ਹਨ, ਜਿੱਥੇ ਕਿ ਇਨ੍ਹਾਂ ਦੇ ਅਠੱਤਰ ਪਿੰਡ ਹਨ। ਉਹ ਆਪਣੇ ਆਪ ਨੂੰ ਚੋਹਾਨ ਰਾਜਪੂਤਾਂ ਨਾਲ ਜੋੜਦੇ ਹਨ, ਜਿਹੜੇ ਕਿ ਦਿੱਲੀ ਦੇ ਜ਼ਿਲ੍ਹੇ ਵਿਚੋਂ ਪੰਜਾਬ ਵਿਚ ਆਏ ਸਨ। ਇਨ੍ਹਾਂ ਦੇ ਇਸ ਆਵਾਸ ਦੇ ਸਮੇਂ ਦਾ ਪੂਰਾ ਪਤਾ ਨਹੀਂ ਪਰ ਅੰਦਾਜ਼ਨ ਇਹ ਸਮਾਂ 300 ਵਰ੍ਹੇ ਪਹਿਲੋਂ ਦਾ ਮੰਨਿਆ ਜਾ ਸਕਦਾ ਹੈ। ਇਨ੍ਹਾਂ ਦੀ ਸੰਖਿਆ ਬੜੀ ਛੇਤੀ ਵਧੀ, ਝਨਾ ਦੇ ਕੰਢੇ ਦੇ ਨਾਲ ਨਾਲ ਇਹ ਫੈਲਦੇ ਰਹੇ ਅਤੇ ਇਨ੍ਹਾਂ ਨੇ ਨਡਾਲਾ, ਮੰਚਰ, ਬੇਗਲੀ, ਪੰਡੋਰੀਆਂ ਆਦਿ ਪਿੰਡ ਵਸਾਏ। ਜਾਪਦਾ ਹੈ ਕਿ ਇਨ੍ਹਾਂ ਦੇ ਗੱਗੂ ਨਾਂ ਦੇ ਕਿਸੇ ਵਿਅਕਤੀ ਨੇ ਸਭ ਤੋਂ ਪਹਿਲਾਂ ਸੰਨ 1600 ਦੇ ਨੇੜੇ ਤੇੜੇ ਇਸਲਾਮ ਕਬੂਲਿਆ ਅਤੇ ਕਬੀਲੇ ਦੇ ਬਾਕੀ ਲੋਕ ਉਸ ਦੇ ਪੂਰਨਿਆਂ ਤੇ ਤੁਰੇ। ਨੂਰ ਮੁਹੰਮਦ ਦਾ ਜਨਮ 1704 ਵਿਚ ਹੋਇਆ ਤਾਂ ਜੰਮੂ ਦੇ ਰਾਜਾ ਰਣਜੀਤ ਦੇਵ ਅਤੇ ਮੁਲਤਾਨ ਦੇ ਸਰਦਾਰਾਂ ਨੇ ਉਸ ਨਾਲ ਮਿੱਤਰਤਾ ਗੰਢੀ, ਕਿਉਂਕਿ ਚੱਠੇ ਹੁਣ ਸ਼ਕਤੀਸ਼ਾਲੀ ਹੋ ਗਏ ਸਨ ਅਤੇ ਨੂਰ ਮੁਹੰਮਦ ਉਨ੍ਹਾਂ ਦਾ ਮੰਨਿਆ ਹੋਇਆ ਮੁੱਖੀਆ ਸੀ। ਜਦੋਂ ਨੂਰ ਮੁਹੰਮਦ ਬੁੱਢਾ ਹੋ ਗਿਆ ਤਾਂ ਉਸ ਦਾ ਛੋਟਾ ਪੁੱਤਰ ਅਹਿਮਦ ਖਾਂ, ਜਿਹੜਾ ਇਕ ਬਹਾਦਰ ਤੇ ਸਿਆਣਾ ਸਿਪਾਹੀ ਸੀ, ਯੁੱਧ ਵਿਚ ਚੱਠਿਆਂ ਦੀ ਅਗਵਾਈ ਕਰਨ ਲਗ ਪਿਆ। ਗੁਜਰਾਂਵਾਲੇ ਦੇ ਸ਼ੁਕਰਚੱਕੀਏ ਸਰਦਾਰ ਇਸ ਕਬੀਲੇ ਦੇ ਵੱਡੇ ਵਿਰੋਧੀ ਸਨ, ਜਿਹੜੇ ਸਦਾ ਆਪਣਾ ਖੇਤਰ ਵਧਾਉਣ ਦੀ ਤਾੜ ਵਿਚ ਲਗੇ ਰਹਿੰਦੇ ਸਨ। ਸਰਦਾਰ ਚੜ੍ਹਤ ਸਿੰਘ ਦੇ ਸਮੇਂ ਚੱਠੇ ਆਪਣੀ ਮਨ-ਮਰਜ਼ੀ ਕਰਦੇ ਰਹਿੰਦੇ ਸਨ। ਅਹਿਮਦ ਖਾਂ ਨੇ 1765 ਵਿਚ ਭੰਗੀਆਂ ਵਾਲੀ ਤੋਪ, ਜਿਹੜੀ ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿਚ ਰੱਖੀ ਹੋਈ ਸੀ, ਖੋਹ ਲਈ। ਇਸ ਤੋਂ ਛੇਤੀ ਹੀ ਪਿੱਛੋਂ ਅਹਿਮਦ ਖਾਂ ਅਤੇ ਉਸ ਦਾ ਭਰਾ ਪੀਰ ਮੁਹੰਮਦ ਆਪੋ ਵਿਚ ਝੱਗੜ ਪਏ ਅਤੇ ਕੁਝ ਸਮੇਂ ਤੱਕ ਝੱਗੜਦੇ ਰਹੇ, ਜਿਸ ਵਿਚ ਕਦੇ ਇਕ ਦਾ ਪਲੜਾ ਭਾਰੀ ਹੋ ਜਾਂਦਾ ਅਤੇ ਕਦੇ ਦੂਜੇ ਦਾ। ਮਰਨ ਵਾਲਿਆਂ ਵਿਚ ਬਹਿਰਮ ਖਾਂ ਅਤੇ ਕਾਦਰ ਬਖ਼ਸ਼ ਜਿਹੜੇ ਅਹਿਮਦ ਖ਼ਾਂ ਦੇ ਪੁੱਤਰ ਸਨ, ਅਤੇ ਫਤਿਹ ਮੁਹੰਮਦ ਜੋ ਉਸ ਦਾ ਭਤੀਜਾ ਸੀ, ਸ਼ਾਮਿਲ ਸਨ। ਆਖ਼ਿਰ ਪੀਰ ਮੁਹੰਮਦ ਨੇ ਗੁੱਜਰ ਸਿੰਘ ਅਤੇ ਸਾਹਿਬ ਸਿੰਘ ਭੰਗੀ ਪਾਸੋਂ ਸਹਾਇਤਾ ਮੰਗੀ। ਇਨ੍ਹਾਂ ਨੇ

*Original with:*
Language Department Punjab
*Digitized by:*
Panjab Digital Library

ਅਹਿਮਦ ਖਾਂ ਨੂੰ ਗਲਬਾਤ ਲਈ ਬੁਲਾਇਆ; ਪਿੱਛੋਂ ਉਸ ਨੂੰ ਬੰਦੀ ਬਣਾ ਲਿਆ ਅਤੇ ਉਦੋਂ ਤਕ ਉਸ ਨੂੰ ਭੁੱਖਾ-ਪਿਆਸਾ ਰੱਖਿਆ ਜਦ ਤਕ ਕਿ ਉਹ ਤੋਪ ਵਾਪਿਸ ਕਰਨੀ ਨਾ ਮੰਨਿਆ, ਜਿਹੜੀ ਕਿ ਉਹ ਗੁਜਰਾਤ ਦੇ ਕਿਲੇ ਵਿਚ ਲੈ ਗਿਆ ਸੀ।

ਅਹਿਮਦ ਸ਼ਾਹ ਦੁੱਰਾਨੀ ਦੇ ਵਾਇਸਰਾਏ ਮੀਰ ਮਨੂੰ ਨੇ ਮੰਚਰ ਦੇ ਕਿਲ੍ਹੇ ਨੂੰ ਜਿੱਤਣ ਲਈ ਕਈ ਮਹੀਨੇ ਉਸ ਦੇ ਦੁਆਲੇ ਘੇਰਾ ਪਾਈ ਰੱਖਿਆ ਪਰ ਉਹ ਸਫ਼ਲ ਨਾ ਹੋ ਸਕਿਆ। ਪਰ ਜਦੋਂ ਸ਼ਹਿਨਸ਼ਾਹ ਨੇ ਆਪ ਪੰਜਾਬ ਤੇ ਚੜ੍ਹਾਈ ਕੀਤੀ ਤਾਂ ਇਉਂ ਜਾਪਦਾ ਹੈ ਕਿ ਉਹ ਚੱਠੇ ਸਰਦਾਰਾਂ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆਇਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਜਗੀਰਾਂ ਪੱਕੀ ਤਰ੍ਹਾਂ ਬਖ਼ਸ਼ ਦਿੱਤੀਆਂ। ਚੱਠਿਆਂ ਦਾ ਵੈਰੀ ਚੜ੍ਹਤ ਸਿੰਘ 1774 ਵਿਚ ਚਲਾਣਾ ਕਰ ਗਿਆ ਅਤੇ ਇਸ ਦੇ ਛੇਤੀ ਹੀ ਪਿੱਛੋਂ ਨੂਰ ਮੁਹੰਮਦ ਅਤੇ ਉਸ ਦਾ ਪੁੱਤਰ ਪੀਰ ਮੁਹੰਮਦ ਵੀ ਚਲ ਵਸੇ।

ਗੁਜਰਾਂਵਲੇ ਵਿਚ ਇਨਾਂ ਸਰਦਾਰਾਂ ਦੁਆਰਾ ਵਸਾਏ ਗਏ ਸ਼ਹਿਰ ਨਾ ਤਾਂ ਬਹੁਤੇ ਥੋੜੇ ਹਨ ਅਤੇ ਨਾ ਹੀ ਘੱਟ ਮਹੱਤਵ ਪੂਰਣ। ਨੂਰ ਮੁਹੰਮਦ ਦੁਆਰਾ ਵਸਾਏ ਗਏ ਪਿੰਡਾਂ ਵਿਚੋਂ 'ਅਹਿਮਦ ਨਗਰ' 'ਘੁੱਧੀ ਗੁਲ ਮੁਹੰਮਦ' ਅਤੇ 'ਰਸੂਲ ਨਗਰ' ਜਿਸ ਨੂੰ ਪਿੱਛੋਂ ਸਿੱਖਾਂ ਨੇ 'ਰਾਮ ਨਗਰ' ਦਾ ਨਾਂ ਦਿੱਤਾ, ਸਨ; ਜਦ ਕਿ ਪੀਰ ਮੁਹੰਮਦ ਨੇ ਤਿੰਨ ਵੱਖੋ ਵੱਖਰੇ ਕਿਲ੍ਹੇ ਬਣਵਾਏ ਜਿਨ੍ਹਾਂ ਦੇ ਨਾਂ ਉਸ ਦੇ ਆਪਣੇ ਨਾਂ ਤੇ ਰੱਖੇ ਗਏ; ਤੇ ਨਾਲ ਹੀ 'ਕੋਟ ਮੀਆਂ ਖਾਂ, ਜਿਸਨੂੰ ਸਿੱਖਾਂ ਨੇ ਪਿੱਛੋਂ ਅਕਾਲ ਗੜ੍ਹ ਦਾ ਨਾਂ ਦਿੱਤਾ, 'ਨਾਈਵਾਲਾ' 'ਕੋਟ ਸਲੀਮ, 'ਕੋਟ ਅਲੀ ਮੁਹੰਮਦ', ਅਤੇ 'ਫ਼ਤਿਹ ਪੁਰ' ਵੀ ਵਸਾਏ। ਗੁਲਾਮ ਮੁਹੰਮਦ, ਜੋ ਪਿੱਛੋਂ ਸਰਦਾਰੀ ਦਾ ਵਾਰਸ ਬਣਿਆ, ਨੂੰ ਸੁਕਰਚੱਕੀਆਂ ਦੀ ਘਿਰਣਾ ਵੀ ਵਿਰਸੇ ਵਿਚ ਮਿਲੀ। ਦੋਵੇਂ ਸਰਦਾਰ, ਚੜ੍ਹਤ ਸਿੰਘ ਦਾ ਪੁੱਤਰ ਮਹਾਂ ਸਿੰਘ ਅਤੇ ਗੁਲਾਮ ਮੁਹੰਮਦ ਸਿਆਣੇ ਅਤੇ ਯੋਧੇ ਸਨ। ਇਹ ਗੱਲ ਸਪੱਸ਼ਟ ਸੀ ਕਿ ਦੋਹਾਂ ਵਿਚੋਂ ਕਿਸੇ ਹਿਕ ਦੀ ਮੌਤ ਹੋ ਜਾਣ ਨਾਲ ਹੀ ਸ਼ਾਂਤੀ ਸਥਾਪਿਤ ਹੋ ਸਕਦੀ ਸੀ। ਕਾਫ਼ੀ ਚਿਰ ਤਕ ਚੱਠਿਆਂ ਦਾ ਪਲੜਾ ਭਾਰੀ ਰਿਹਾ ਅਤੇ ਮਹਾਂ ਸਿੰਘ ਨੂੰ ਕਈਆਂ ਮੌਕਿਆਂ ਤੇ ਹਾਰ ਦਾ ਮੂੰਹ ਵੇਖਣਾ ਪਿਆ। ਇਕ ਵਾਰੀ ਉਸ ਨੇ ਜੋਕੀਆਂ ਦੁਆਲੇ ਘੇਰਾ ਘੱਤ ਲਿਆ, ਜਿਹੜੀ ਗੁਲਾਮ ਮੁਹੰਮਦ ਦੇ ਚਾਚੇ ਮੀਆਂ ਖਾਂ ਦੇ ਕਬਜ਼ੇ ਵਿਚ ਸੀ। ਮੀਆਂ ਖ਼ਾਨ ਤੁਰਤ ਹੀ ਇਸ ਨੂੰ ਆਜ਼ਾਦ ਕਰਾਉਣ ਲਈ ਆ ਗਿਆ। ਕੁਝ ਸਮੇਂ ਦੇ ਘੋਰ ਯੁੱਧ ਪਿੱਛੋਂ ਦੋਵੇਂ ਸੁਲਾਹ ਲਈ ਰਾਜ਼ੀ ਹੋ ਗਏ ਪਰ ਮੌਕਾ ਤਾੜ ਕੇ ਇਸ ਧੋਖੇਬਾਜ਼ ਸਿੱਖ ਨੇ ਮੀਆਂ ਖ਼ਾਂ ਨੂੰ ਫੜ ਲਿਆ ਅਤੇ ਉਸ ਨੂੰ ਬੰਦੀ ਬਣਾ ਕੇ ਤੋਪ ਦਾ ਨਿਸ਼ਾਨਾ ਬਣਾ ਦਿੱਤਾ। ਅਖੀਰ 1790 ਵਿੱਚ ਜਦੋਂ ਕਿ ਮਹਾਂ ਸਿੰਘ ਵਧੇਰੇ ਸ਼ਕਤੀਸ਼ਾਲੀ ਹੋ ਗਿਆ ਤਾਂ ਉਸ ਨੇ ਆਪਣੀਆਂ ਫ਼ੌਜਾਂ ਇਕੱਠੀਆਂ ਕੀਤੀਆਂ ਅਤੇ ਮੰਚਰ ਨੂੰ ਘੇਰ ਲਿਆ। ਇਹ ਘੇਰਾ ਛੇ ਮਹੀਨਿਆਂ ਤੋਂ ਵਧ ਸਮੇਂ ਤਕ ਰਿਹਾ ਅਤੇ ਬਹੁ-ਗਿਣਤੀ ਵਿਚ ਸਿੱਖਾਂ ਦੇ ਬੰਦੇ ਮਾਰੇ ਗਏ। ਨੌਜਵਾਨ ਰਣਜੀਤ ਸਿੰਘ ਆਪ ਇਕ ਭਿਆਨਕ ਖ਼ਤਰੇ ਵਿਚ ਘਿਰ ਗਿਆ, ਕਿਉਂਕਿ ਗੁਲਾਮ ਮੁਹੰਮਦ ਦਾ ਚਾਚਾ ਹਸ਼ਮਤ ਖਾਂ ਕੁਝ ਸਵਾਰ ਲੈ ਕੇ ਉਹਦੇ ਦਸਤੇ ਤੇ ਟੁਟ ਪਿਆ ਅਤੇ ਆਪ ਉਸ ਦੇ ਹਾਥੀ ਉਤੇ ਚੜ੍ਹ ਕੇ ਇਸ ਬੱਚੇ ਨੂੰ

*Original with:*
Language Department Punjab
*Digitized by:*
Panjab Digital Library


ਮਾਰਨ ਹੀ ਵਾਲਾ ਸੀ ਕਿ ਉਸਦੇ ਇਕ ਅੰਗ ਰੱਖਿਅਕ ਨੇ ਉਸਨੂੰ ਮਾਰ ਗਿਰਾਇਆ । ਗ਼ੁਲਾਮ ਮੁਹੰਮਦ ਨੇ ਇਹ ਵੇਖ ਕੇ ਕਿ ਉਹ ਹੁਣ ਕਿੱਲ੍ਹੇ ਨੂੰ ਬਹੁਤੇ ਚਿਰ ਤਕ ਨਹੀਂ ਬਚਾ ਸਕਦਾ, ਇਸ ਸ਼ਰਤ ਉਤੇ ਹੱਥਿਆਰ ਸੁਟਣੇ ਪਰਵਾਨ ਕਰ ਲਏ ਕਿ ਉਸਨੂੰ ਸਹੀ ਸਲਾਮਤ ਮੱਕੇ ਜਾਣ ਦੀ ਆਗਿਆ ਦਿੱਤੀ ਜਾਵੇ । ਮਹਾਂ ਸਿੰਘ ਨੇ ਇਹ ਗੱਲ ਪ੍ਰਵਾਨ ਕਰ ਲਈ ਪਰ ਅਜੇ ਉਹਨੇ ਮੁਸ਼ਕਿਲ ਨਾਲ ਸਹੁੰ ਚੁੱਕੀ ਹੀ ਸੀ ਕਿ ਉਸਦੇ ਆਦਮੀਆਂ ਵਿਚੋਂ ਇਕ ਨੇ ਉਹਦੇ ਹੁਕਮ ਅਨੁਸਾਰ ਜਾਂ ਉਸਦੀ ਸੁਲਾਹ ਵੇਖ ਕੇ ਬਹਾਦਰ ਚੱਠਾ ਸਰਦਾਰ ਦੇ ਸਿਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ । ਇਸ ਤੋਂ ਪਿੱਛੋਂ ਮਹਾਂ ਸਿੰਘ ਨੇ ਮੰਚਰ ਦੇ ਕਿਲ੍ਹੇ ਨੂੰ ਖ਼ੂਬ ਲੁੱਟਿਆ ਅਤੇ ਚੱਠਿਆਂ ਦੇ ਇਲਾਕੇ ਦਾ ਬਹੁਤਾ ਭਾਗ ਕਾਬੂ ਕਰ ਲਿਆ ।

ਗ਼ੁਲਾਮ ਮੁਹੰਮਦ ਦਾ ਪੁੱਤਰ ਜਾਨ ਮੁਹੰਮਦ ਬਚ ਕੇ ਕਾਬਲ ਨੱਸ ਗਿਆ, ਜਿੱਥੋਂ ਕਿ ਉਹ 1797 ਵਿੱਚ ਸ਼ਾਹ ਜਮਾਨ ਨਾਲ ਵਾਪਸ ਪਰਤ ਆਇਆ ਅਤੇ ਅਫ਼ਗਾਨਾਂ ਦੀ ਸਹਾਇਤਾ ਨਾਲ ਝਨਾ ਦੇ ਨੇੜੇ ਆਪਣੀ ਬਹੁਤ ਸਾਰੀ ਜਗੀਰ ਮੁੜ ਹਾਸਲ ਕਰ ਲਈ । ਪਰ ਜਦੋਂ ਉਸ ਦਾ ਰੱਖਿਅਕ ਅਫ਼ਗਾਨਿਸਤਾਨ ਪਰਤ ਗਿਆ ਤਾਂ ਰਣਜੀਤ ਸਿੰਘ ਨੇ ਰਸੂਲ ਨਗਰ ਤੇ ਹੱਲਾ ਬੋਲ ਦਿੱਤਾ । ਘਿਰੇ ਹੋਏ ਚੱਠਿਆਂ ਨੇ ਦਲੇਰੀ ਨਾਲ ਮੁਕਾਬਲਾ ਕੀਤਾ ਪਰ ਦਿਨ ਪ੍ਰਤੀਦਿਨ ਉਨ੍ਹਾਂ ਦੀ ਸੰਖਿਆ ਅਤੇ ਸ਼ਕਤੀ ਨਿਘਰਦੀ ਗਈ । ਉਨ੍ਹਾਂ ਦੈਵੀ ਜੋੜੇ ਭਰਾਵਾਂ ਦੇ ਵਿਪਰੀਤ, ਜਿਹੜੇ ਝੀਲ ਰੈਗੀਲਸ ਦੇ ਨੇੜੇ ਰੋਮ ਦੀ ਖ਼ਾਤਰ ਬੜੀ ਦਲੇਰੀ ਨਾਲ ਲੜੇ ਸਨ, ਮੁਸਲਮਾਨ ਫ਼ਕੀਰਾਂ ਨੇ ਆਪਣੇ ਅਨੁਆਈਆਂ ਦਾ ਸਾਥ ਛੱਡ ਦਿੱਤਾ; ਕਿਉਂਕਿ ਕਹਾਣੀ ਇਉਂ ਚਲਦੀ ਹੈ ਕਿ ਚੱਠਿਆਂ ਨੇ ਰਸੂਲ ਨਗਰ ਵਿਚ ਰਹਿਣ ਵਾਲੇ ਇਕ ਪ੍ਰਸਿੱਧ ਫ਼ਕੀਰ ਨੂੰ ਸਹਾਇਤਾ ਲਈ ਆਖਿਆ । ਉਸਦਾ ਉੱਤਰ ਸੀ, 'ਮੈਂ ਕਿਵੇਂ ਤੁਹਾਡੀ ਸਹਾਇਤਾ ਕਰ ਸਕਦਾ ਹਾਂ, ਜਦ ਕਿ ਮੈਂ ਸਾਫ਼ ਵੇਖ ਰਿਹਾ ਹਾਂ ਕਿ ਹਜ਼ਰਤ ਮਹਿਬੂਬ ਸੁਭਾਨੀ[1] ਸਾਵਾ ਲਿਬਾਸ ਪਹਿਨਕੇ ਆਪ ਰਣਜੀਤ ਸਿੰਘ ਵੱਲੋਂ ਲੜ ਰਿਹਾ ਹੈ,ਅੰਤ ਤੋਪ ਦਾ ਗੋਲਾ ਲਗ ਜਾਣ ਕਾਰਨ ਜਾਨ ਮੁਹੰਮਦ ਮਾਰਿਆ ਗਿਆ ਅਤੇ ਕਿਲ੍ਹਾ ਰਣਜੀਤ ਸਿੰਘ ਦੇ ਹੱਥ ਆ ਗਿਆ ।

ਰਸੂਲ ਨਗਰ ਦੇ ਹੱਥੋਂ ਨਿਕਲ ਜਾਣ ਪਿੱਛੋਂ ਇਸ ਘਰਾਣੇ ਦੇ ਇਤਿਹਾਸ ਵਿਚ ਕੋਈ ਵਿਸ਼ੇਸ਼ ਮਹਤੱਵ ਪੂਰਣ ਘਟਨਾ ਨਾ ਵਾਪਰੀ । ਜਾਨ ਮੁਹੰਮਦ ਦੇ ਪੁੱਤਰਾਂ ਨੂੰ ਰਣਜੀਤ ਸਿੰਘ ਵੱਲੋਂ ਛੋਟੀ ਜਿਹੀ ਜਗੀਰ ਮਿਲ ਗਈ ਅਤੇ ਉਸ ਨੇ ਉਨ੍ਹਾਂ ਨੂੰ ਆਪਣੇ ਰਸਾਲੇ ਵਿਚ ਨੌਕਰ ਕਰ ਲਿਆ ।

1. ਉਸ ਦਾ ਇਸ਼ਾਰਾ ਅਬਦੁਲ ਕਾਦਰ ਜੀਲਾਨੀ ਵੱਲ ਸੀ ਜਿਨਾਂ ਦਾ ਅਸਥਾਨ ਬਗ਼ਦਾਦ ਵਿਚ ਹੈ ।

Original with:
Language Department Punjab
Digitized by:
Panjab Digital Library




*Original with:*
Language Department Punjab
*Digitized by:*
Panjab Digital Library

# ਚੱਠਿਆਂ ਦੀ ਵਾਰ

ਇਸ ਕਵਿਤਾ ਦਾ ਸਿਰਲੇਖ ਹੈ "ਚੱਠਿਆਂ ਦੀ ਵਾਰ" ਅਤੇ ਕਵੀ ਦਾ ਨਾਂ ਹੈ ਪੀਰ ਮੁਹੰਮਦ। ਆਪਣੀ ਇਸ ਕਵਿਤਾ ਵਿਚ ਪੀਰ ਮੁਹੰਮਦ ਨੇ ਦੋ ਲੜਾਈਆਂ ਅਰਥਾਤ ਜੰਗ ਸੈਦ ਨਗਰ ਤੇ ਜੰਗ ਮੰਚਰ ਨੂੰ ਬਿਆਨਿਆ ਹੈ। ਇਹ ਦੋਵੇਂ ਲੜਾਈਆਂ ਚੱਠੇ ਸਰਦਾਰਾਂ ਅਤੇ ਸੁਕਰਚੱਕੀਆ ਮਿਸਲ ਦੇ ਸਿੱਖ ਸਰਦਾਰ ਮਹਾਂ ਸਿੰਘ (ਰਣਜੀਤ ਸਿੰਘ ਮਹਾਰਾਜਾ ਇਸੇ ਸਰਦਾਰ ਦਾ ਪੁੱਤਰ ਸੀ) ਵਿਚਕਾਰ ਹੋਈਆਂ ਸਨ। ਜੰਗ ਦਾ ਮੈਦਾਨ ਗੁਜਰਾਂਵਾਲੇ ਜ਼ਿਲ੍ਹੇ ਵਿਚ ਬਣਿਆ ਜੋ ਦਰਿਆ ਰਾਵੀ ਤੇ ਚਨਾਬ ਦੇ ਦੁਆਬੇ ਵਿਚ ਸਥਿਤ ਹੈ ਤੇ ਹੁਣ ਪਾਕਿਸਤਾਨੀ ਪੰਜਾਬ ਵਿਚ ਆ ਚੁੱਕਾ ਹੈ। ਜੰਗ ਦੀਆਂ ਦੋ ਵੱਡੀਆਂ ਪਾਰਟੀਆਂ ਤੋਂ ਛੁਟ ਕਵੀ ਪੀਰ ਮੁਹੰਮਦ ਨੇ ਚਲਦੇ ਚਲਦੇ ਭੰਗੀ ਸਿੱਖ ਸਰਦਾਰਾਂ, ਅਹਿਮਦ ਸ਼ਾਹ ਅਬਦਾਲੀ ਅਤੇ ਗਖੜਾਂ ਦੇ ਸੁਲਤਾਨ ਮੁਕੱਰਬ ਖਾਂ ਦਾ ਵੀ ਜ਼ਿਕਰ ਕੀਤਾ ਹੈ। ਪਰ ਕਵੀ ਨੇ ਇਸ ਵਿਸ਼ੇ ਤੇ ਕੋਈ ਚਾਨਣ ਨਹੀਂ ਪਾਇਆ ਕਿ ਚੱਠੇ ਸਰਦਾਰਾਂ ਜਾਂ ਸੁਕਰਚੱਕੀਆਂ ਤੇ ਭੰਗੀ ਸਿੱਖ ਸਰਦਾਰਾਂ ਨੇ ਗੁਜਰਾਂਵਾਲੇ ਜ਼ਿਲ੍ਹੇ ਵਿਚ ਕਿਸ ਤਰ੍ਹਾਂ ਤੇ ਕਿਸ ਵਕਤ ਆਪਣੇ ਲਈ ਖ਼ੁਦਮੁਖਤਿਆਰ ਹਕੂਮਤਾਂ ਬਣਾ ਲਈਆਂ ਸਨ ਅਤੇ ਨਾ ਹੀ ਉਸ ਨੇ ਮੁਕੱਰਬ ਖਾਂ ਸੁਲਤਾਨ ਦੇ ਸਬੰਧ ਵਿਚ ਕੁਝ ਦੱਸਿਆ ਹੈ ਅਤੇ ਨਾ ਹੀ ਅਹਿਮਦ ਸ਼ਾਹ ਅਬਦਾਲੀ ਦੇ ਕਿਸੇ ਹੋਰ ਹਮਲੇ ਦਾ ਹੀ ਜ਼ਿਕਰ ਕੀਤਾ ਹੈ। ਇਹ ਗੱਲ ਚੰਗੀ ਤਰ੍ਹਾਂ ਸਮਝਣ ਲਈ ਕਿ ਚੱਠਿਆਂ, ਭੱਟੀਆਂ, ਗਖੜਾਂ ਜਾਂ ਖ਼ਾਲਸਾ ਸਰਦਾਰਾਂ ਨੇ ਕਿਹੋ ਜਿਹੇ ਹਾਲਾਤ ਵਿਚ ਮੁਲਕ ਅੰਦਰ ਆਪੋ ਆਪਣੀਆਂ ਹਕੂਮਤਾਂ ਸਥਾਪਤ ਕਰ ਲਈਆਂ ਅਤੇ ਅਬਦਾਲੀ ਲਈ ਬਾਰ ਬਾਰ ਆ ਕੇ ਦੇਸ਼ ਨੂੰ ਲੁਟ ਲੈ ਜਾਣਾ ਕਿਵੇਂ ਸੰਭਵ ਹੋ ਗਿਆ ਸੀ, ਕੀ ਦੇਸ਼ ਵਿਚ ਕੋਈ ਤਕੜੀ ਕੇਂਦਰੀ ਹਕੂਮਤ ਨਹੀਂ ਸੀ ਜੋ ਇਨ੍ਹਾਂ ਸਾਰਿਆਂ ਨੂੰ ਕਾਬੂ ਵਿਚ ਰੱਖੀ ਰਖਦੀ, ਅਸੀਂ ਆਪਣੇ ਪਾਠਕਾਂ ਦੇ ਕੰਮ ਨੂੰ ਸੁਖਾਲਾ ਕਰਨ ਦੇ ਭਾਵ ਨਾਲ ਹੇਠ ਲਿਖਿਆ ਇਤਿਹਾਸਿਕ ਪਿਛੋਕੜ ਦੇ ਰਹੇ ਹਾਂ।

**ਮੁਗ਼ਲ ਰਾਜ ਦਾ ਖੇਰੂੰ ਖੇਰੂੰ ਹੋ ਜਾਣਾ** :—ਸਭ ਤੋਂ ਪਹਿਲਾਂ ਵੱਡੀ ਇਤਿਹਾਸਕ ਘਟਨਾ ਜਿਸ ਦਾ ਇਸ ਸਬੰਧ ਵਿੱਚ ਜ਼ਿਕਰ ਕਰਨਾ ਜ਼ਰੂਰੀ ਹੈ ਉਹ ਸੀ ਵਿਸ਼ਾਲ ਮੁਗ਼ਲ ਰਾਜ ਦਾ ਖੇਰੂੰ ਖੇਰੂੰ ਹੋ ਜਾਣਾ ਅਤੇ ਦੇਸ਼ ਵਿਚ ਅਰਾਜਕਤਾ ਦਾ ਦੌਰ ਦੌਰਾ ਸ਼ੁਰੂ ਹੋ ਜਾਣਾ।

Original with:
Language Dept. Punjab
Digitized by:
Panjab Digital Library

ਮੁਗਲ ਰਾਜ ਦੀ ਨੀਂਹ 1526 ਈ: ਵਿਚ ਬਾਬਰ ਨੇ ਰੱਖੀ ਸੀ. ਉਨ੍ਹਾਂ ਦਿਨਾਂ ਵਿਚ ਉਹ ਕਾਬਲ ਦਾ ਬਾਦਸ਼ਾਹ ਸੀ। ਉਸ ਨੇ ਦਿੱਲੀ ਦੇ ਬਾਦਸ਼ਾਹ ਇਬਰਾਹੀਮ ਲੋਧੀ ਨੂੰ ਪਾਣੀਪਤ ਵਿਖੇ ਹਾਰ ਦੇ ਕੇ ਆਪ ਦਿੱਲੀ ਦੇ ਤੱਖਤ ਤੇ ਕਬਜ਼ਾ ਕਰ ਲਿਆ। ਬਾਬਰ ਦੇ ਮਰਨ ਪਿੱਛੋਂ 177 ਸਾਲਾਂ ਦੇ ਲੰਮੇ ਸਮੇਂ ਵਿਚ ਉਸ ਦੀ ਸਿੱਧੀ ਪੀੜ੍ਹੀ ਦੇ ਪੰਜ ਬਾਦਸ਼ਾਹ ਤੱਖਤ ਤੇ ਬੈਠੇ। ਇਹ ਪੰਜੇ ਹੀ ਇਕ ਦੂਜੇ ਨਾਲੋਂ ਵਧ ਕੇ ਉੱਦਮ ਵਾਲੇ ਸਨ ਜਿਸਦੇ ਸਦਕੇ ਸਲਤਨਤ ਦਿਨੋਂ ਦਿਨ ਵਾਧੇ ਤੇ ਹੀ ਜਾਂਦੀ ਰਹੀ। ਇਨ੍ਹਾਂ ਪ੍ਰਸਿੱਧ ਬਾਦਸ਼ਾਹਾਂ ਵਿਚੋਂ ਆਖਰੀ ਔਰੰਗਜ਼ੇਬ ਸੀ ਜਿਸ ਦੇ ਸਮੇਂ ਇਹ ਸਲਤਨਤ ਪੂਰੇ ਸਿਖਰ ਤੇ ਪੁਜ ਗਈ। ਉੱਤਰ ਵੱਲ ਦੀ ਕਸ਼ਮੀਰ, ਕਾਬਲ, ਗ਼ਜ਼ਨੀ ਤੇ ਉਸ ਦੇ ਹੇਠ ਦੱਰਾ ਬੋਲਾਨ ਤਕ, ਦੂਜੇ ਪਾਸੇ ਸਾਰਾ ਬੰਗਾਲ ਤੇ ਆਸਾਮ ਦੀਆਂ ਪਹਾੜੀਆਂ ਤਕ ਅਤੇ ਥੱਲੇ ਵੱਲ ਨੂੰ ਸਾਰਾ ਦੱਖਣ ਦਾ ਮੁਲਕ ਦਿੱਲੀ ਦੇ ਰਾਜ ਵਿਚ ਸ਼ਾਮਲ ਹੋ ਚੁਕਾ ਸੀ।

ਪਰ ਮੰਦੇ ਭਾਗੀਂ ਸਿਖਰ ਤੇ ਪੁਜ ਕੇ ਸਿਖਰ ਤੋਂ ਹੇਠਾਂ ਡਿੱਗਣ ਦਾ ਕੰਮ ਵੀ ਔਰੰਗਜ਼ੇਬ ਦੀਆਂ ਅੱਖਾਂ ਦੇ ਸਾਹਮਣੇ ਹੀ ਸ਼ੁਰੂ ਹੋ ਗਿਆ। ਫ਼ਰਵਰੀ[1] 1707 ਈ: ਨੂੰ ਔਰੰਗ-ਜ਼ੇਬ ਕਾਲ-ਵਸ ਹੋ ਗਿਆ ਤੇ ਉਸ ਦੇ ਮਰਨ ਪਿੱਛੋਂ ਗਿਰਾਵਟ ਦਾ ਕੰਮ ਤੇਜ਼ੀ ਨਾਲ ਚਲਣ ਲਗ ਪਿਆ। ਔਰੰਗਜ਼ੇਬ ਪਾਸੋਂ ਦੋ ਤਿੰਨ ਵੱਡੀਆਂ ਭੁੱਲਾਂ ਹੋਈਆਂ ਜਿਸ ਦੇ ਕਾਰਣ ਏਡੀ ਵਿਸ਼ਾਲ ਸਲਤਨਤ 30 ਸਾਲਾਂ ਦੇ ਥੋੜੇ ਸਮੇਂ ਵਿਚ ਆਪਣਾ ਇਕਤਦਾਰ ਗੁਆ ਬੈਠੀ।

**ਪਹਿਲਾਂ ਅੰਦਰੋਂ ਅੰਦਰ ਢਾਹ ਲਗਣੀ ਸ਼ੁਰੂ ਹੋਈ** :—ਇਕ ਭੁੱਲ ਤਾਂ ਉਸ ਪਾਸੋਂ ਇਹ ਹੋਈ ਕਿ ਉਸ ਜ਼ਿੱਦੀ ਬਾਦਸ਼ਾਹ ਨੇ ਦੱਖਣ ਵਿਚ ਲਗਾਤਾਰ 25 ਸਾਲਾਂ ਦੀ ਅਣਟੁਟ ਜੰਗ ਸ਼ੁਰੂ ਰੱਖੀ। ਨਾ ਹੀ ਇਸ ਗੱਲ ਦਾ ਧਿਆਨ ਰੱਖਿਆ ਕਿ ਉਸ ਦੀ ਆਪਣੀ ਉਮਰ ਜੰਗ ਦੇ ਮੈਦਾਨ ਦੀਆਂ ਸਖਤੀਆਂ ਸਹਾਰਨ ਯੋਗ ਨਹੀਂ ਸੀ ਤੇ ਨਾ ਹੀ ਇਹ ਖਿਆਲ ਕੀਤਾ ਕਿ ਉੱਤਰੀ ਭਾਰਤ ਬਿਲਕੁਲ ਨਿਖੱਸਮਾ ਹੋ ਰਿਹਾ ਸੀ। ਜੰਗ ਸ਼ੁਰੂ ਹੋਣ ਦੇ ਸਮੇਂ ਔਰੰਗਜ਼ੇਬ ਦੀ ਉਮਰ 65 ਸਾਲਾਂ ਦੇ ਲਗ ਭਗ ਸੀ। ਸਾਰੇ ਨਾਮੀ ਜਰਨੈਲ, ਵੱਡੇ ਵੱਡੇ ਵਜ਼ੀਰ, ਮੰਤਰੀ ਤੇ ਉਮਰਾ ਬਾਦਸ਼ਾਹ ਦੇ ਨਾਲ ਦੱਖਣ ਵਿਚ ਸਲਾਹ ਮਸ਼ਵਰੇ ਲਈ ਹਾਜ਼ਰ ਰਹਿੰਦੇ ਸਨ। ਇੱਧਰ ਦੱਖਣ ਵਿਚ ਪਹਿਲੋਂ ਪਹਿਲ ਤਾਂ ਉਸ ਨੂੰ ਫ਼ਤਿਹ ਤੇ ਫ਼ਤਿਹ ਹਾਸਲ ਹੁੰਦੀ ਰਹੀ। ਗੋਲਕੰਡਾ, ਬੀਜਾਪੁਰ ਆਦਿ ਵੱਡੀਆਂ ਵੱਡੀਆਂ ਰਿਆਸਤਾਂ ਖ਼ਤਮ ਹੋ ਗਈਆਂ, ਇਨ੍ਹਾਂ ਦਾ ਇਲਾਕਾ ਦਿੱਲੀ ਰਾਜ ਦਾ ਇਕ ਭਾਗ ਬਣ ਗਿਆ। ਇਸੇ ਤਰ੍ਹਾਂ ਮਰਹੱਟਾ ਬਾਦਸ਼ਾਹ ਸ਼ੰਭੂ ਜੀ ਗਰਿਫ਼ਤਾਰ ਕਰਕੇ ਕੱਤਲ ਕਰ ਦਿੱਤਾ ਗਿਆ, ਫਿਰ ਉਸ ਦਾ ਭਰਾ ਰਾਜਾ ਰਾਮ ਵੀ 1689 ਈ: ਨੂੰ ਆਪਣਾ ਰਾਜਧਾਨੀ ਰਾਜਗੜ੍ਹ ਛੱਡ ਕੇ ਅਤੇ ਵਤਨੋਂ ਬੇਵਤਨ ਹੋ

1. ਮਰਨ ਤੋਂ ਕੁਝ ਚਿਰ ਪਹਿਲਾਂ ਇਕ ਚਿੱਠੀ ਵਿਚ ਔਰੰਗਜ਼ੇਬ ਨੇ ਆਪਣੇ ਇਕ ਲੜਕੇ ਨੂੰ ਇਹ ਸ਼ਬਦ ਲਿਖੇ ਸਨ, "ਅਜ਼ਮਾਅਸਤ ਹਮਾ ਫ਼ਸਾਦ ਬਾਕੀ" ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਸ ਨੂੰ ਆਉਣ ਵਾਲੀ ਤਬਾਹੀ ਦੇ ਆਸਾਰ ਨਜ਼ਰ ਆ ਰਹੇ ਸਨ। ਉਹ ਵੇਖ ਰਿਹਾ ਸੀ ਕਿ ਮੇਰੇ ਪਿੱਛੋਂ ਫ਼ਸਾਦ ਹੀ ਫ਼ਸਾਦ ਨਜ਼ਰ ਆ ਰਿਹਾ ਹੈ।

Original with:
Language Dept. Punjab
Digitized by:
Panjab Digital Library

ਕੇ ਆਪਣੀ ਜਾਨ ਬਚਾਉਂਦਾ ਫਿਰਦਾ ਸੀ । ਮਰਹੱਟਾ ਰਾਜਧਾਨੀ ਵੀ ਔਰੰਗਜ਼ੇਬ ਦੇ ਹੱਥ ਆ ਗਈ ।

ਪਰ ਗਹੁ ਨਾਲ ਵੇਖਿਆ ਜਾਵੇ ਤਾਂ ਮਰਹੱਟਿਆਂ ਨੂੰ ਛੇੜਨਾ ਔਰੰਗਜ਼ੇਬ ਦੀ ਦੂਜੀ ਬੜੀ ਵੱਡੀ ਭੁੱਲ ਸੀ । ਮਰਹੱਟਿਆਂ ਦਾ ਰਾਜ ਗੋਲਕੰਡਾ ਜਾਂ ਬੀਜਾਪੁਰ ਵਾਂਗੂ ਇਨ੍ਹਾਂ ਦੇ ਬਾਦਸ਼ਾਹ ਦੀ ਜ਼ਿੰਦਗੀ ਦੇ ਨਾਲ ਵਾਬਸਤਾ ਨਹੀਂ ਸੀ । ਇਹ ਕੌਮੀਂ ਉਭਾਰ ਦਾ ਪਰਤੱਖ ਨਿਸ਼ਾਨ ਸੀ ਜਿਸ ਨੂੰ ਹਰ ਇਕ ਮਰਹੱਟਾ ਵਿਅਕਤੀ ਕਾਇਮ ਰੱਖਣਾ ਆਪਣਾ ਪਵਿੱਤਰ ਫ਼ਰਜ਼ ਸਮਝਦਾ ਸੀ । ਇਸ ਲਈ ਰਾਜਾ ਰਾਮ ਦਾ ਮਹਾਰਾਸ਼ਟਰ ਵਿਚ ਮੌਜੂਦ ਹੋਣਾ ਜਾਂ ਨਾ ਹੋਣਾ ਖ਼ਾਸ ਮਤਲੱਬ ਨਹੀਂ ਸੀ ਰਖਦਾ । ਇਸ ਲਈ ਮਰਹੱਟੇ ਸਰਦਾਰਾਂ ਨੇ, ਮਰਹੱਟੇ ਛੋਟੇ ਫ਼ੌਜੀ ਅਫ਼ਸਰਾਂ ਨੇ, ਮਰਹੱਟੇ ਸਿਪਾਹੀਆਂ ਨੇ ਅਤੇ ਮਰਹੱਟਾ ਜਨਤਾ ਨੇ ਆਪਣੇ ਆਪਣੇ ਵਸੀਲੇ ਅਨੁਸਾਰ ਇਹ ਜੰਗ ਜਾਰੀ ਰੱਖੀ, ਨਾ ਹੀ ਆਪ ਸੁਖ ਦਾ ਸਾਹ ਲਿਆ ਤੇ ਨਾ ਹੀ ਬੁੱਢੇ ਅਤੇ ਸਰੀਰ ਦੇ ਦੁਰਬਲ ਔਰੰਗਜ਼ੇਬ ਨੂੰ ਚੈਨ ਦੀ ਨੀਂਦ ਸੌਣ ਦਿੱਤਾ 17 ਸਾਲ (ਅਰਥਾਤ ਔਰੰਗਜ਼ੇਬ ਦੀ ਮੌਤ 1707 ਈ: ਤਕ) ਇਹ ਲੁਕਣ-ਮੀਚੀ ਵਾਲੀ ਜੰਗ ਮਹਾਰਾਸ਼ਟਰ ਦੇ ਪਹਾੜੀ ਇਲਾਕੇ ਵਿਚ ਜਾਰੀ ਰਹੀ ।

ਦੱਖਣ ਦੀ 25 ਸਾਲਾਂ ਦੀ ਜੰਗ ਅੰਦਰ ਸੈਂਕੜੇ ਮੁਗ਼ਲ ਜਨਰੈਲ, ਨਾਮੀ ਅਫ਼ਸਰ ਤੇ ਹਜ਼ਾਰਾਂ ਸਿਪਾਹੀ ਮਾਰੇ ਗਏ । ਕਰੋੜਾਂ ਰੁਪਏ ਜੰਗ ਤੇ ਖ਼ਰਚ ਹੋ ਗਏ ।

ਸਿੱਟਾ ਇਹ ਨਿਕਲਿਆ ਕਿ ਦੱਖਣ ਦੀ ਜੰਗ ਦੇ ਕਾਰਨ ਉਥੋਂ ਦੀ ਖੇਤੀਬਾੜੀ, ਵਪਾਰ ਤੇ ਉਦਯੋਗ ਨੂੰ ਭਾਰੀ ਸੱਟ ਵੱਜੀ, ਜਿਸ ਕਰਕੇ ਹਕੂਮਤ ਨੂੰ ਮਾਲੀਆ ਮਿਲਣਾ ਬੰਦ ਹੋ ਗਿਆ । ਇਸੇ ਤਰ੍ਹਾਂ ਉੱਤਰੀ ਹਿੰਦ ਵਿਚ ਹਕੂਮਤ ਦੇ ਢਿੱਲੇ ਪੈ ਜਾਣ ਕਾਰਣ ਉੱਤਰੀ ਹਿੰਦ ਵਿਚ ਵੀ ਮਾਲੀਏ ਦੀ ਆਮਦਨ ਇਨ੍ਹਾਂ 25 ਸਾਲਾਂ ਵਿਚ ਘੱਟਣੀ ਸ਼ੁਰੂ ਹੋ ਗਈ । ਇਨ੍ਹਾਂ ਲੜਾਈਆਂ ਵਿਚ ਉਸਦੇ ਭਰੋਸੇ ਯੋਗ ਅਫ਼ਸਰ, ਜਰਨੈਲ ਤੇ ਸਿਪਾਹੀ ਭਾਰੀ ਗਿਣਤੀ ਵਿਚ ਮਾਰੇ ਗਏ ਅਤੇ ਖ਼ਜ਼ਾਨੇ ਉਤੇ ਬਹੁਤ ਅਸਹਿ ਬੋਝ ਪਿਆ । ਇਨ੍ਹਾਂ ਕਾਰਣਾਂ ਨੇ ਮਿਲ ਕੇ ਸਲਤਨਤ ਦੀ ਨੀਂਹ ਨੂੰ ਹਿਲਾ ਦਿੱਤਾ ।

ਇਸ ਲੰਮੇਂ ਤੇ ਅਮੁੱਕ ਜੰਗ ਦਾ ਇਕ ਹੋਰ ਖ਼ਰਾਬ ਨਤੀਜਾ ਇਹ ਨਿਕਲਿਆ ਕਿ ਬਾਦਸ਼ਾਹ ਤੇ ਦੂਜੇ ਵੱਡੇ ਸ਼ਹਿਜ਼ਾਦੇ ਆਪਣੇ ਨਿੱਕੇ ਪੋਚ ਦੀ ਮੁਨਾਸਬ ਦੇਖਭਾਲ, ਇਨ੍ਹਾਂ ਦੀ ਤਾਲੀਮ ਤੇ ਤਰਤੀਬ ਦਾ ਯੋਗ ਪ੍ਰਬੰਧ ਨਾ ਕਰ ਸਕੇ । ਨਾ ਹੀ ਦਿੱਲੀ ਜਾਂ ਆਗਰੇ ਦੇ ਮਹੱਲਾਂ ਵਿਚ ਤੇ ਨਾ ਹੀ ਔਰੰਗਾਬਾਦ, ਗੋਲਕੰਡਾ, ਬੀਜਾਪੁਰ ਜਾਂ ਹੈਦਰਾਬਾਦ ਦੱਖਣ ਦੇ ਮਹੱਲਾਂ ਵਿਚ ਸ਼ਹਿਜ਼ਾਦਿਆਂ ਦੀ ਤਰਬੀਅਤ ਦਾ ਉਚਿਤ ਪ੍ਰਬੰਧ ਹੋ ਸਕਿਆ । ਸਿੱਟਾ ਇਹ ਨਿਕਲਿਆ ਕਿ ਔਰੰਗਜ਼ੇਬ ਦੇ ਪਿੱਛੋਂ ਇਕ ਵੀ ਸਿਆਣਾ, ਮੁਲਕੀ ਸੂਝ ਬੂਝ ਵਾਲਾ ਸ਼ਹਿਜ਼ਾਦਾ ਉਸ ਦੇ ਪੋਤਰਿਆਂ ਜਾਂ ਪੜੋਤਿਆਂ ਵਿਚੋਂ ਦਿੱਲੀ ਦੇ ਤੱਖ਼ਤ ਤੇ ਨਾ ਆਇਆ । ਜੋ ਆਇਆ ਉਹ ਬਸ ਅੱਲਾ ਦਾ ਨਾਂ ਹੀ ਸੀ । ਜਹਾਂਗੀਰ ਸ਼ਾਹ ਜਾਂ ਅਹਿਮਦ ਸ਼ਾਹ ਵਰਗੇ ਸ਼ਹਿਜ਼ਾਦੇ ਤਾਂ ਦੋ ਦੋ ਹਫ਼ਤੇ ਆਪਣੀਆਂ ਹਰਮ ਸਰਾਵਾਂ ਤੋਂ ਬਾਹਰ ਹੀ ਨਹੀਂ ਸੀ ਨਿਕਲਦੇ ਅਤੇ ਕਿਸੇ ਮੁਲਕੀ ਅਹਿਲਕਾਰ ਜਾਂ ਵਜ਼ੀਰ ਦਾ ਮੂੰਹ ਵੀ ਨਹੀਂ ਸੀ ਦੇਖਦੇ । ਇਨ੍ਹਾਂ ਪਾਸੋਂ

Original with:
Language Department Punjab
Digitized by:
Panjab Digital Library

ਅਜਿਹੇ ਔਕੜਾਂ ਭਰੇ ਵਕਤ ਵਿਚ ਰਾਜ ਦਾ ਕੰਮ ਕਰਨ ਦੀ ਕੀ ਆਸ ਹੋ ਸਕਦੀ ਸੀ। ਇਨ੍ਹਾਂ ਨੇ ਰਾਜ ਪਾਟ ਦਾ ਕੰਮ ਕਾਜ ਤੇ ਸਰਕਾਰੀ ਹੁਕਮ ਜਾਰੀ ਕਰਨ ਦਾ ਅਖ-ਤਿਆਰ ਨੀਵੇਂ ਜੰਮਪਲ ਤੇ ਨੀਵੇਂ ਅਚਾਰ ਵਾਲੇ ਮੁਲਾਜ਼ਮਾਂ ਦੇ ਹੱਥ ਦੇ ਰੱਖਿਆ ਸੀ।

ਇਹ ਹਾਲਤ ਦੇਖ ਕੇ ਉੱਚਕੋਟੀ ਦੇ ਜੋ ਪੰਜ ਸੱਤ ਵਜ਼ੀਰ ਉਮਰਾ ਦਿੱਲੀ ਦਰਬਾਰ ਵਿਚ ਬਾਦਸ਼ਾਹ ਦੇ ਸਲਾਹ ਮਸ਼ਵਰੇ ਲਈ ਰਿਹਾ ਕਰਦੇ ਸੀ, ਇਨ੍ਹਾਂ ਨੇ ਵੀ ਬਾਦਸ਼ਾਹ ਦਾ ਲੜ ਛੱਡ ਦਿੱਤਾ ਤੇ 1723 ਈ: ਨੂੰ ਆਪਣੇ ਆਪਣੇ ਹੈਡਕੁਆਰਟਰਾਂ ਤੇ ਚਲੇ ਗਏ। ਉਨ੍ਹਾਂ ਇਸ ਗੱਲ ਨੂੰ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਕਿ ਦਿੱਲੀ ਦਾ ਰਾਜ 'ਨੱਦੀ ਕਿਨ੍ਹਾਰੇ ਰੁਖੜੇ' ਵਾਂਗ ਅੱਜ ਗਿਆ ਕਿ ਕਲ੍ਹ। ਸੋ, ਉਹ ਆਪਣੀ ਤਾਕਤ ਨੂੰ ਪੱਕਿਆਂ ਕਰਨ ਵਿਚ ਲਗ ਗਏ। ਵੱਡਾ ਵਜ਼ੀਰ ਆਸਫ਼ ਜਾਹ ਹੈਦਰਾਬਾਦ ਦੱਖਣ ਨੂੰ ਅਤੇ ਸਆਦਤ ਖਾਂ ਅਵੱਧ ਨੂੰ ਚਲਿਆ ਗਿਆ। ਇਨ੍ਹਾਂ ਦੀ ਦੇਖਾ ਦੇਖੀ ਬੰਗਾਲ ਦੇ ਗਵਰਨਰ ਅਲੀ ਵੇਰਦੀ ਖਾਂ ਨੇ ਵੀ ਆਪਣੀ ਰਿਆਸਤ ਦੀ ਨੀਂਹ ਰੱਖ ਲਈ। ਮਰਹੱਟੇ ਪਹਿਲਾਂ ਹੀ 1719 ਈ: ਔਰੰਗਜ਼ੇਬ ਦੇ ਪੜੋਤੇ ਮੁਹੰਮਦ ਸ਼ਾਹ ਪਾਸੋਂ ਆਪਣੇ ਮੁਲਕ ਲਈ ਸੁਰਾਜ ਦਾ ਹੁਕਮਨਾਮਾ ਲਿਖਵਾ ਚੁਕੇ ਸਨ। ਕਿਸਮਤ ਦੇ ਕਾਰਿਆਂ ਦਾ ਵੀ ਕਿਸੇ ਭੇਦ ਨਹੀਂ ਪਾਇਆ। ਔਰੰਗਜ਼ੇਬ ਆਪ 17 ਸਾਲ ਲਗਾਤਾਰ ਮਰਹੱਟਾ ਰਾਜ ਦੀ ਬੇਖ਼ਕੁਨੀ ਲਈ ਜਾਨ ਤੋੜ ਕੇ ਕੋਸ਼ਿਸ਼ ਕਰਦਾ ਰਿਹਾ, ਪਰ ਉਸਦੀ ਮਿਰਤੂ ਦੇ 14 ਸਾਲ ਪਿੱਛੋਂ ਉਸ ਦੇ ਪੁਤ ਪੋਤਿਆਂ ਨੇ ਮਰਾਠਾ ਸਲਤਨਤ ਨੂੰ ਇਕ ਖ਼ੁਦ ਮੁਖ਼ਤਿਆਰ ਰਾਜਧਾਨੀ ਮੰਨ ਲੈਣ ਵਿਚ ਰਤਾ ਢਿੱਲ ਨਹੀਂ ਲਾਈ। ਭਾਵ ਇਹ ਹੈ ਕਿ ਔਰੰਗਜ਼ੇਬ ਦੇ ਮਰਨ ਤੋਂ ਝੱਟ ਹੀ ਪਿੱਛੋ ਦਿੱਲੀ ਦੇ ਵਿਸ਼ਾਲ ਰਾਜ ਨੂੰ ਅੰਦਰੋਂ ਅੰਦਰ ਢਾਹ ਲਗਣੀ ਸ਼ੁਰੂ ਹੋ ਗਈ।

**ਫਿਰ ਬਾਹਰੋਂ ਢਾਹ ਲਗਣੀ ਸ਼ੁਰੂ ਹੋ ਗਈ** :—ਅੰਦਰੋਂ ਅਦਰ ਢਾਹ ਹਾਲਾਂ ਚਲ ਹੀ ਰਹੀ ਸੀ ਕਿ ਬਦਕਿਸਮਤੀ ਨਾਲ ਰਾਜ ਨੂੰ ਬਾਹਰੋਂ ਵੀ ਢਾਹ ਲਗਣੀ ਸ਼ੁਰੂ ਹੋ ਗਈ। ਬਾਹਰੋਂ ਢਾਹ ਲਾਉਣ ਵਾਲੇ ਨਾਦਰਸ਼ਾਹ ਈਰਾਨੀ ਤੇ ਅਹਿਮਦ ਸ਼ਾਹ ਅਬਦਾਲੀ ਸਨ। ਈਰਾਨ ਦੇ ਬਾਦਸ਼ਾਹ ਨੇ ਜਦੋਂ ਇਹ ਸੁਣਿਆ ਕਿ ਦਿੱਲੀ ਦਾ ਬਾਦਸ਼ਾਹ ਸੁਸਤ ਤੇ ਨਾਲਾਇਕ ਹੈ, ਉਸ ਦੇ ਦਰਬਾਰੀਆਂ, ਵਜ਼ੀਰਾਂ ਤੇ ਉਮਰਾਵਾਂ ਦੀਆਂ ਆਪੋ ਵਿਚ ਦੀ ਧੜੇ-ਬੰਦੀਆਂ ਤੇ ਵੈਰ ਵਿਰੋਧ ਹੋ ਰਹੇ ਹਨ; ਜਨਤਾ ਦੇ ਦੁੱਖ ਦਰਦ ਦੂਰ ਕਰਨ ਵਾਲਾ ਜਾਂ ਇਨ੍ਹਾਂ ਦੇ ਨਾਲ ਇਨਸਾਫ਼ ਕਰਨ ਵਾਲਾ ਕੋਈ ਨਹੀਂ ਤੇ ਨਾ ਹੀ ਬਾਦਸ਼ਾਹ ਦੀ ਫ਼ੌਜ ਵਿਚ ਕੋਈ ਨਾਮੀ ਜਰਨੈਲ ਹੈ, ਤਾਂ ਇਸ ਨੇ ਦਿੱਲੀ ਤੇ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ। ਈਰਾਨ ਤੇ ਹਿੰਦੁਸਤਾਨ ਦੇ ਬਾਦਸ਼ਾਹਾਂ ਦਾ ਕੰਧਾਰ ਸ਼ਹਿਰ ਬਾਬਤ ਸੌ ਸਾਲਾਂ ਤੋਂ ਜ਼ਿਆਦਾ ਅਰਸੇ ਤੋਂ ਝੱਗੜਾ ਚਲਿਆ ਆਉਂਦਾ ਸੀ। ਕੰਧਾਰ ਦਾ ਸਰਹਦੀ ਕਸਬਾ ਕਦੇ ਦਿੱਲੀ ਰਾਜ ਦਾ ਭਾਗ ਬਣਾ ਲਿਆ ਜਾਂਦਾ ਤੇ ਕਦੇ ਈਰਾਨ ਦਾ ਹਿੱਸਾ। ਅਲਬਤਾ ਪਹਿਲੇ ਦਿਨਾਂ ਵਿਚ ਜੰਗ ਕੰਧਾਰ ਸ਼ਹਿਰ ਵਿਚ ਜਾ ਕੇ ਹੋਇਆ ਕਰਦੀ ਸੀ। ਇਸ ਵਾਰ ਨਾਦਰਸ਼ਾਹ ਇਕ ਬੜਾ ਜਾਬਰ ਲਸ਼ਕਰ ਨਾਲ ਲੈ ਕੇ ਦਿੱਲੀ ਤੇ ਚੜ੍ਹ ਆਇਆ, ਇਸਨੇ ਅਪਰੈਲ 1738 ਈ: ਵਿੱਚ ਕੰਧਾਰ ਤੋਂ ਕੂਚ ਕਰ ਦਿਤਾ। ਪਹਿਲਾਂ ਗ਼ਜ਼ਨੀ ਫਿਰ ਕਾਬਲ ਤੇ ਜਲਾਲਾਬਾਦ ਤੇ ਕਬਜ਼ਾ

Original Scan by:
Language Department Punjab
Digitized by:
Panjab Digital Library

ਕਰ ਲਿਆ । 18 ਨਵੰਬਰ ਨੂੰ ਪਿਸ਼ਾਵਰ ਵੀ ਫ਼ਤਿਹ ਕਰ ਲਿਆ । ਮੁਕਦੀ ਗੱਲ ਇਹ ਕਿ 7 ਮਹੀਨੇ ਦੇ ਅੰਦਰ ਅੰਦਰ ਦਿੱਲੀ ਰਾਜ ਦੇ ਹਿੰਦੁਸਤਾਨ ਤੋਂ ਬਾਹਰ ਵਾਲੇ ਸਾਰੇ ਸੂਬੇ ਅਰਥਾਤ ਕਾਬਲ, ਗ਼ਜ਼ਨੀ ਤੇ ਪਿਸ਼ਾਵਰ ਨਾਦਰਸ਼ਾਹ ਨੇ ਜਿੱਤ ਕੇ ਆਪਣੇ ਪੇਟੇ ਪਾ ਲਏ । ਮਗਰੋਂ ਲਾਹੌਰ ਵੱਲ ਤੁਰਿਆ ਤੇ 8 ਜਨਵਰੀ 1739 ਈ: ਤੋਂ ਲਾਹੌਰ ਦੇ ਸੂਬੇਦਾਰ ਨੇ ਵੀ ਹਥਿਆਰ ਸੁੱਟ ਦਿੱਤੇ । ਲਾਹੌਰ ਪੁਜਦੇ ਪੁਜਦੇ ਈਰਾਨੀ ਲਸ਼ਕਰ ਨੇ ਉਹ ਜ਼ੁਲਮ ਢਾਹਿਆ ਕਿ ਰਹੇ ਰੱਬ ਦਾ ਨਾਂ । ਜਿਤਨੇ ਵੱਡੇ ਵੱਡੇ ਸ਼ਹਿਰ ਰਾਹ ਵਿਚ ਆਏ, ਜਿਸ ਤਰ੍ਹਾਂ ਭੇਰਾ, ਗੁਜਰਾਤ, ਵਜ਼ੀਰਾਬਾਦ, ਐਮਨਾਬਾਦ, ਉਸ ਨੇ ਸਾਰੇ ਲੁੱਟ ਪੁਟ ਕੇ ਉਜਾੜ ਦਿਤੇ । ਕਿਸੇ ਦੀ ਨਾ ਇਜ਼ਤ ਬਚੀ ਨਾ ਆਬਰੂ, ਨਾ ਮਾਲ ਨਾ ਦੌਲਤ । ਲੋਕ ਡਰ ਨਾਲ ਭੈ ਭੀਤ ਹੋ ਗਏ ।

ਹੁਣ ਦਿੱਲੀ ਦੇ ਬਾਦਸ਼ਾਹ ਨੂੰ ਵੀ ਹੋਸ਼ ਆਈ ਕਿ ਦੁਸ਼ਮਨ ਨੇੜੇ ਨੇੜੇ ਆ ਰਿਹਾ ਹੈ ਸੋ ਉਹ ਵੀ ਕੁਝ ਹਿਲਿਆ ਜੁਲਿਆ । ਦੋਹਾਂ ਫ਼ੌਜਾਂ ਦਾ 13 ਫ਼ਰਵਰੀ ਨੂੰ ਕਰਨਾਲ ਦੇ ਮੈਦਾਨ ਵਿਚ ਆ ਕੇ ਟਾਕਰਾ ਹੋਇਆ । ਨਾਦਰਸ਼ਾਹ ਦੀ ਜਿੱਤ ਹੋਈ । ਫਿਰ ਦੋਵੇਂ ਬਾਦਸ਼ਾਹ ਅਰਥਾਤ ਮੁਹੰਮਦ ਸ਼ਾਹ ਤੇ ਨਾਦਰਸ਼ਾਹ ਦਿੱਲੀ ਨੂੰ ਚਲੇ ਗਏ । ਨਾਦਰਸ਼ਾਹ 56 ਦਿਨ ਦਿੱਲੀ ਠਹਿਰਿਆ । ਇਨ੍ਹਾਂ ਨੇਂ ਸਾਤਿਆਂ ਦੇ ਅੰਦਰ ਜਿਤਨੇ ਵੇਰ ਜੁੰਮੇ ਦੀ ਨਿਮਾਜ਼ ਪੜ੍ਹੀ ਗਈ ਉਸ ਵਿਚ ਖ਼ੁਤਬਾ ਨਾਦਰਸ਼ਾਹ ਦੇ ਨਾਂ ਦਾ ਹੀ ਪੜ੍ਹਿਆ ਜਾਂਦਾ ਰਿਹਾ । ਜਿਵੇਂ ਕਿ ਮੁਗ਼ਲ ਬਾਦਸ਼ਾਹ ਦੀ ਕੋਈ ਹੱਸਤੀ ਹੀ ਨਾ ਹੋਵੇ । ਭਲਾ ਮੁਗ਼ਲ ਬਾਦਸ਼ਾਹ ਨਾਲ ਤਾਂ ਜੋ ਹੋਈ ਸੋ ਹੋਈ ਪਰ ਜੋ ਕਰਤੂਤ ਉਸ ਜ਼ਾਲਮ ਨੇ ਰਾਜਧਾਨੀ ਦੇ ਵੱਸਨੀਕਾਂ ਨਾਲ ਕੀਤੀ ਉਹ ਉਨ੍ਹਾਂ ਨੂੰ ਸ਼ਾਇਦ 57 ਵਰ੍ਹੇ ਵੀ ਨਾ ਭੁੱਲੀ ਹੋਵੇਗੀ । ਗਿਆਰਾਂ ਮਾਰਚ ਐਤਵਾਰ ਦਾ ਦਿਨ ਸੀ ਕਿ ਇਕ ਆਦਮੀ ਪਾਸੋਂ ਬੰਦੂਕ ਦੀ ਗੋਲੀ ਚਲਣ ਕਾਰਨ ਨਾਦਰਸ਼ਾਹ ਦਾ ਇਕ ਜ਼ਾਤੀ ਟਹਿਲੀਆ ਹਲਾਕ ਹੋ ਗਿਆ । ਨਾਦਰਸ਼ਾਹ ਨੂੰ ਇਕ ਤਾਂ ਆਪਣੇ ਮਾਣ ਤੇ ਵਿਕਾਰ ਦਾ ਬੜਾ ਨਾਜ਼ ਸੀ ਦੂਜੇ ਉਸ ਨੂੰ ਇਹ ਵੀ ਖਿਆਲ ਹੋ ਗਿਆ ਕਿ ਗੋਲੀ ਦਾ ਨਿਸ਼ਾਨਾ ਦਰ ਅਸਲ ਉਸ ਦੇ ਆਪਣੇ (ਬਾਦਸ਼ਾਹ) ਉਪਰ ਹੀ ਬੰਨ੍ਹਿਆ ਗਿਆ ਸੀ, ਇਸ ਕਰਕੇ ਉਸ ਨੇ ਆਪਣੀ ਤੱਲਵਾਰ ਮਿਆਨ ਵਿਚੋਂ ਕੱਢ ਲਈ ਅਤੇ ਆਪਣੀ ਫ਼ੌਜ ਨੂੰ ਦਿੱਲੀ ਦੀ ਰਿਆਇਆ ਦੇ ਕਤਲੇਆਮ ਦਾ ਹੁਕਮ ਜਾਰੀ ਕਰ ਦਿਤਾ । ਈਰਾਨੀ ਸਿਪਾਹੀ ਬੰਦੂਕ, ਤੱਲਵਾਰ, ਬਰਛੇ ਤੇ ਕਟਾਰ ਲੈ ਕੇ ਨਿਕਲ ਖੜ੍ਹੇ ਹੋਏ । ਕਿਹਾ ਜਾਂਦਾ ਹੈ ਕਿ ਇਹ ਭਿਆਨਕ ਦ੍ਰਿਸ਼ 10 ਘੰਟੇ ਜਾਰੀ ਰਿਹਾ । ਡੇਢ ਲੱਖ ਦੇ ਕਰੀਬ ਮਰਦ, ਔਰਤਾਂ ਤੇ ਬੱਚੇ ਮੌਤ ਦੇ ਘਾਟ ਉਤਾਰ ਦਿੱਤੇ ਗਏ । ਸ਼ਹਿਰ ਦੀਆਂ ਗੱਲੀਆਂ ਵਿਚਕਾਰ ਲਹੂ ਦੀਆਂ ਨਾਲੀਆਂ ਚੱਲ ਪਈਆਂ । ਵੱਡੀਆਂ ਵੱਡੀਆਂ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਗਈ ਜੋ ਸੜ ਕੇ ਰਾਖ ਦਾ ਢੇਰ ਬਣ ਗਈਆਂ । ਆਪ ਈਰਾਨੀ ਜ਼ਾਲਮ ਮੂੰਹ ਵੱਟ ਕੇ ਨੰਗੀ ਤੱਲਵਾਰ ਹੱਥ ਵਿਚ ਲੈਕੇ ਇਕ ਮਸੀਤ ਦੇ ਬੁਰਜ ਉਪਰ ਬੈਠਾ ਇਹ ਖ਼ੂਨੀ ਨਾਟਕ ਵੇਖਦਾ ਰਿਹਾ । ਆਖ਼ਰ ਬਾਦਸ਼ਾਹ ਮੁਹੰਮਦ ਸ਼ਾਹ ਪੰਜ ਸੱਤ ਵਜ਼ੀਰ ਤੇ ਉਮਰਾ ਲੈ ਕੇ ਕੰਬਦਾ ਕੰਬਦਾ ਮਸੀਤ ਦੇ ਕੋਠੇ ਤੇ ਚੜ੍ਹ ਆਇਆ ਤੇ ਨਾਦਰ ਦੇ ਸਾਹਮਣੇ ਬੁੱਤ ਦੀ ਤਰ੍ਹਾਂ ਖ਼ਾਮੋਸ਼ ਹੋ ਕੇ ਖੜਾ ਹੋ ਗਿਆ । ਵਿਚੋਂ ਇਕ ਅਮੀਰ ਨੇ

Original with:
Language Department Punjab
Digitized by:
Panjab Digital Library

ਫ਼ਾਰਸੀ ਦਾ ਇਕ ਸ਼ਿਅਰ ਪੜ੍ਹਿਆ ਜਿਸ ਦਾ ਭਾਵ ਇਹ ਸੀ ਕਿ ਆਪ ਦੀ ਤੱਲਵਾਰ ਨੇ ਇਕ ਪ੍ਰਾਣੀ ਵੀ ਬਾਕੀ ਜ਼ਿੰਦਾ ਨਹੀਂ ਛੱਡਿਆ। ਜੇਕਰ ਆਪ ਦਾ ਮੁਦਾ ਕੱਤਲ ਦੇ ਹੁਕਮ ਨੂੰ ਰੱਖਣ ਦਾ ਹੀ ਹੋਵੇ ਤਾਂ ਮੋਈ ਖ਼ਲਕਤ ਨੂੰ ਇਕ ਵੇਰ ਫੇਰ ਜ਼ਿੰਦਾ ਕਰ ਲਉ[1]। ਨਾਦਰ ਮੁਸਕਰਾ ਪਿਆ, ਤੱਲਵਾਰ ਮਿਆਨ ਅੰਦਰ ਕਰ ਲਈ ਤੇ ਕੱਤਲ ਦਾ ਹੁਕਮ ਬੰਦ ਕਰ ਦਿੱਤਾ।

ਪੰਜ ਮਈ ਨੂੰ ਇਹ ਬਲਾ ਦਿੱਲੀ ਤੋਂ ਰੁਖ਼ਸਤ ਹੋਈ, ਲੋਕਾਂ ਨੇ ਸੁਖ ਦਾ ਸਾਹ ਲਿਆ। ਮਗਰ ਜਾਂਦਾ ਹੋਇਆ ਦਿੱਲੀ ਵਿਚ ਹੂੰਝਾ ਫੇਰ ਕੇ ਲੈ ਗਿਆ। ਮੁਗ਼ਲ ਬਾਦਸ਼ਾਹਾਂ ਦੀ ਛੇ ਪੀੜ੍ਹੀਆਂ ਦੀ ਜਮ੍ਹਾਂ ਕੀਤੀ ਹੋਈ ਦੌਲਤ ਲੁਟ ਪੁਟ ਕੇ ਨਾਲ ਲੈ ਗਿਆ। 60 ਲੱਖ ਰੁਪਿਆ ਨਕਦ, ਕਈ ਹਜ਼ਾਰ ਸੋਨੇ ਦੀਆਂ ਅਸ਼ਰਫ਼ੀਆਂ, ਇਕ ਕਰੋੜ ਦੀ ਮਾਲੀਅਤ ਦੇ ਚਾਂਦੀ ਸੋਨੇ ਦੇ ਭਾਂਡੇ, ਇਕ ਕਰੋੜ ਦੇ ਕਰੀਬ ਮੁੱਲ ਦਾ ਤਖ਼ਤੇ-ਤਾਊਸ ਅਤੇ ਦੁਨੀਆ ਦਾ ਸਭ ਤੋਂ ਵੱਡਾ ਤੇ ਅਣਮੁਲਾ ਹੀਰਾ ਕੋਹੇਨੂਰ ਵੀ ਦਿੱਲੀ ਦੇ ਖ਼ਜ਼ਾਨੇ ਵਿਚੋਂ ਲੈ ਤੁਰਿਆ। ਇਸ ਮਾਲ ਨੂੰ ਲੱਦ ਕੇ ਲੈ ਜਾਣ ਲਈ ਹਜ਼ਾਰਾਂ ਊਂਠ, ਘੋੜੇ, ਹਾਥੀ ਤੇ ਛਕੜੇ ਦਿੱਲੀ ਦੇ ਬਾਦਸ਼ਾਹ ਨੇ ਨਾਲ ਦਿੱਤੇ। ਇਸ ਤੋਂ ਛੁਟ ਦਿੱਲੀ ਦੇ ਬਾਦਸ਼ਾਹ ਨੇ ਆਪਣੀ ਸਲਤਨਤ ਦਾ ਸਾਰਾ ਇਲਾਕਾ ਜੋ ਸਿੰਧ ਦਰਿਆ ਤੋਂ ਪਰਲੇ ਪਾਸੇ ਸੀ, ਜਿਵੇਂ ਕਸ਼ਮੀਰ, ਹਜ਼ਾਰਾ, ਪਿਸ਼ਾਵਰ, ਕਾਬਲ, ਸਿੰਧ ਆਦਿ, ਅੱਗੋਂ ਲਈ ਨਾਦਰਸ਼ਾਹ ਦੇ ਹਵਾਲੇ ਕਰ ਦਿੱਤਾ।

ਨਾਦਰ ਸ਼ਾਹ ਦੇ ਹੱਮਲੇ ਦੇ ਬੁਰੇ ਨਤੀਜਿਆਂ ਵਿਚੋਂ ਇਕ ਨਤੀਜਾ ਇਹ ਵੀ ਸੀ ਕਿ ਦਿਲੀ ਦੀ ਮੁਗ਼ਲ ਸਰਕਾਰ ਦਾ ਪੋਲ ਖੁਲ੍ਹ ਗਿਆ, ਉਸ ਦੀ ਕਮਜ਼ੋਰੀ ਦਾ ਰਾਜ਼ ਆਮ ਜਨਤਾ ਨੂੰ ਪਤਾ ਲਗ ਗਿਆ, ਬਾਦਸ਼ਾਹ ਦਾ ਵਕਾਰ ਆਮ ਜਨਤਾ ਦੀਆਂ ਨਜ਼ਰਾਂ ਵਿਚੋਂ ਮਿਟ ਗਿਆ ਤੇ ਜਿਨ੍ਹੀਂ ਰਾਹੀਂ ਨਾਦਰ ਸ਼ਾਹ ਲੰਘ ਕੇ ਵਾਪਸ ਈਰਾਨ ਨੂੰ ਗਿਆ ਅਰਥਾਤ ਸੂਬਾ ਸਰਹੱਦ, ਲਾਹੌਰ, ਮੁਲਤਾਨ ਅਤੇ ਪਿਸ਼ਾਵਰ ਸਭ ਨੂੰ ਪਤਾ ਲਗ ਗਿਆ ਕਿ ਦਿੱਲੀ ਦਾ ਰਾਜ ਕਫ਼ਨ ਵਿੱਚ ਲਪੇਟੇ ਮੁਰਦੇ ਤੋਂ ਬਿਹਤਰ ਨਹੀਂ ਹੈ।

**ਅਹਿਮਦ ਸ਼ਾਹ ਅਬਦਾਲੀ** :—ਨਾਦਰ ਦੇ ਹੱਮਲੇ ਦਾ ਦਿੱਲੀ ਰਾਜ ਅੰਦਰ ਪਾਇਆ ਹੋਇਆ ਵਿਗਾੜ ਅਜੇ ਦਰੁੱਸਤ ਨਹੀਂ ਸੀ ਹੋ ਸਕਿਆ ਕਿ ਉੱਤੋਂ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਦਿੱਲੀ ਰਾਜ ਦੀ ਦਸ਼ਾ ਹੋਰ ਵੀ ਵਿਗੜਨੀ ਸ਼ੁਰੂ ਹੋ ਗਈ। ਇਹ ਉਹੀ ਅਹਿਮਦ ਸ਼ਾਹ ਹੈ ਜਿਸ ਦੇ ਹੱਮਲੇ ਦੇ ਨਾਲ ਇਹ ਕਵਿਤਾ ਸ਼ੁਰੂ ਹੁੰਦੀ ਹੈ। ਇਹ ਅਫ਼ਗਾਨਿਸਤਾਨ ਦਾ ਬਾਦਸ਼ਾਹ ਸੀ। ਇਸ ਦਾ ਜਨਮ 1744 ਈ: ਵਿਚ ਹੋਇਆ। ਜਦੋਂ ਇਸ ਦੀ ਉੱਮਰ 16 ਸਾਲਾਂ ਦੇ ਨੇੜੇ ਤੇੜੇ ਸੀ ਇਹ ਸੁਹਣਾ, ਕਦਆਵਰ ਤੇ ਭਰਵੇਂ ਜਿਸਮ ਵਾਲਾ ਗਭਰੂ ਨਜ਼ਰ ਆਉਣ ਲਗ ਪਿਆ। ਈਰਾਨ ਦੇ ਬਾਦਸ਼ਾਹ ਨਾਦਰਸ਼ਾਹ ਨੇ ਇਸ ਵੇਲੇ ਕੰਧਾਰ, ਗ਼ਜ਼ਨੀ ਤੇ ਕਾਬਲ ਦੇ ਸੂਬਿਆਂ ਉਪਰ ਆਪਣਾ ਅਧਿਕਾਰ ਜਮਾ ਰੱਖਿਆ ਸੀ। ਇਹ ਨੌਜੁਆਨ

1. ਕਸੇ ਨ ਮਾਂਦ ਕਿ ਦੀਗਰ ਤੇਗ਼ ਬਾ ਨਾਜ਼ ਕੁਸ਼ੀ
ਮਗਰ ਕਿ ਜ਼ਿੰਦਾ ਕੁਨੀ ਖ਼ਲਕ ਵਾਦ ਬਾਜ਼ ਕੁਸ਼ੀ

Original with: Language Department Punjab
Digitized by:
Panjab Digital Library

ਨਾਦਰ ਦੀ ਫ਼ੌਜ ਵਿਚ ਭਰਤੀ ਹੋ ਗਿਆ ਤਰੱਕੀ ਕਰਦਾ ਕਰਦਾ ਚਾਰ ਹਜ਼ਾਰ ਪਠਾਣ ਘੋੜਸਵਾਰਾਂ ਦੇ ਇਕ ਦਸਤੇ ਉਪਰ ਕਮਾਨ ਅਫ਼ਸਰ ਨੀਅਤ ਕੀਤਾ ਗਿਆ। ਇਹ ਇਕ ਖ਼ਾਸ ਦਸਤਾ ਸੀ ਜੋ ਹਰ ਵਕਤ ਜੰਗ ਦੇ ਸਮੇਂ ਨਾਦਰ ਸ਼ਾਹ ਦੀ ਅਰਦਲ ਵਿਚ ਰਿਹਾ ਕਰਦਾ ਸੀ। ਨਾਦਰਸ਼ਾਹ ਉਸ ਦੇ ਕਮਾਨ ਅਫ਼ਸਰ ਅਰਥਾਤ ਅਹਿਮਦ ਖਾਂ ਸਦੋਜ਼ੱਹੀ (ਅਬਦਾਲੀ) ਦੀ ਜ਼ਾਤੀ ਬਹਾਦਰੀ, ਲੀਡਰ ਬਣਨ ਦੀ ਯੋਗਤਾ ਤੇ ਜੰਗ ਵਿਚ ਫ਼ੌਜਾਂ ਦੀ ਤਰਤੀਬ ਦੇਣ ਦੀ ਯੋਗਤਾ ਨੂੰ ਦੇਖਿਆ ਕਰਦਾ। ਨਾਦਰਸ਼ਾਹ ਇਕ ਦਿਨ ਇਸ ਨੌਜੁਆਨ ਅਫ਼ਸਰ ਨੂੰ ਬੁਲਵਾ ਕੇ ਕਹਿਣ ਲਗਾ "ਅਹਿਮਦ ਅਬਦਾਲੀ ਤੁਮ ਏਕ ਦਿਨ ਜ਼ਰੂਰ ਬਾਦਸ਼ਾਹ ਬਨੋਗੇ, ਹਮਾਰੀ ਬਾਤ ਯਾਦ ਰਖਨਾ" ਨਾਦਰ ਨੂੰ ਇਹ ਖ਼ਬਰ ਨਹੀਂ ਸੀ ਕਿ ਉਸ ਦੇ ਆਪਣੇ ਹੀ ਮਰਨ ਮਗਰੋਂ ਅਹਿਮਦ ਅਬਦਾਲੀ ਆਪਣੀ ਖ਼ੁਦ ਮੁਖ਼ਤਿਆਰ ਸਲਤਨਤ ਅਫ਼ਗਾਨਿਸਤਾਨ ਵਿਚ ਕਾਇਮ ਕਰ ਲਵੇਗਾ।

ਅਖ਼ੀਰਲੀ ਉਮਰੇ ਨਾਦਰਸ਼ਾਹ ਦੇ ਦਿਮਾਗ ਵਿਚ ਕੁਝ ਫ਼ਤੂਰ ਜਿਹਾ ਆ ਗਿਆ। ਇਹੋ ਮਰਜ਼ ਸੁਦਾ ਵਿਚ ਵਟ ਗਈ। ਕਦੇ ਕਦੇ ਇਹ ਦੌਰਾ ਇਨਾ ਵੱਧ ਜਾਂਦਾ ਕਿ ਇਹ ਸੈਂਕੜੇ ਬੰਦਿਆਂ ਦੇ ਕੱਤਲ ਕੀਤੇ ਜਾਣ ਦਾ ਹੁਕਮ ਜਾਰੀ ਕਰ ਦਿੱਤਾ ਕਰਦਾ ਅਤੇ ਆਪ ਦੇਖਦਾ ਕਿ ਉਸ ਦੇ ਹੁਕਮ ਦੀ ਪਾਲਣ ਕੀਤੀ ਗਈ ਹੈ ਜਾਂ ਨਹੀਂ। ਇਸ ਦੇ ਰਿਸ਼ਤੇਦਾਰ ਵੀ ਇਸ ਗੱਲੋਂ ਤੰਗ ਆ ਗਏ। ਇਨ੍ਹਾਂ ਇਹ ਹੀ ਮੁਨਾਸਬ ਸਮਝਿਆ ਕਿ ਇਸ ਤਰ੍ਹਾਂ ਹਜ਼ਾਰਾਂ ਬੰਦਿਆਂ ਦਾ ਖ਼ੂਨ ਕਰਾਉਣ ਦੀ ਜਗ੍ਹਾ ਇਕੋ ਨਾਦਰ ਨੂੰ ਹੀ ਖ਼ਤਮ ਕਰ ਦੇਣਾ ਚੰਗਾ ਰਹੇਗਾ। ਸੋ 20 ਜੂਨ 1747 ਨੂੰ ਜਦੋਂ ਹਰਾਤ ਦੇ ਨੇੜੇ ਸ਼ਾਹ ਕੈਂਪ ਕਰ ਰਿਹਾ ਸੀ, ਅੱਧੀ ਰਾਤ ਨੂੰ ਸਿਪਾਹੀਆਂ ਦਾ ਇਕ ਟੋਲਾ ਇਸ ਦੇ ਕੱਤਲ ਕਰਨ ਨੂੰ ਤਿਆਰ ਹੋ ਗਿਆ, ਕੁਝ ਬਾਹਰ ਖੜ੍ਹੇ ਹੋ ਗਏ ਅਤੇ ਕੁਝ ਨਾਦਰਸ਼ਾਹ ਦੇ ਤੰਬੂ ਅੰਦਰ ਵੜ ਗਏ ਤੇ ਸੁੱਤੇ ਹੋਏ ਬਾਦਸ਼ਾਹ ਦਾ ਸਿਰ ਤੱਲਵਾਰ ਨਾਲ ਵੱਢ ਦਿਤਾ। ਸਵੇਰ ਤਕ ਸਾਰੇ ਕੈਂਪ ਵਿਚ ਖ਼ਬਰ ਫੈਲ ਗਈ। ਅਹਿਮਦ ਖਾਂ ਅਬਦਾਲੀ, ਜਿਸ ਦਾ ਤੰਬੂ ਨਾਦਰ ਸ਼ਾਹ ਦੇ ਨੇੜੇ ਹੀ ਲੱਗਾ ਸੀ, ਆਪਣੇ ਸਵਾਰਾਂ ਸਮੇਤ ਉਥੇ ਆ ਡੱਟਿਆ, ਹੁਕਮ ਦੇ ਦਿੱਤਾ ਕਿ ਤੰਬੂ ਦੇ ਅੰਦਰ ਕੋਈ ਸ਼ਖ਼ਸ ਵੀ ਦਾਖ਼ਲ ਨਾ ਹੋਵੇ। ਜਾਂਦੇ ਹੀ ਅਹਿਮਦ ਖਾਂ ਨੇ ਨਾਦਰਸ਼ਾਹ ਦੀ ਉਂਗਲੀ ਵਿਚੋਂ ਉਸ ਦੀ ਮੁਹਰ (Signet) ਉਤਾਰ ਲਈ। ਫਿਰ ਕੋਹਿਨੂਰ ਤੇ ਦੂਜੇ ਕੀਮਤੀ ਹੀਰਿਆਂ ਤੇ ਮੋਤੀਆਂ ਦੇ ਬਕਸ ਜੋ ਹਮੇਸ਼ਾਂ ਨਾਦਰ ਦੇ ਸੌਣ ਵਾਲੇ ਤੰਬੂ ਵਿਚ ਹੋਇਆ ਕਰਦੇ ਸਨ, ਉਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ।

ਹੁਣ ਆਪਣੇ ਚਾਰ ਹਜ਼ਾਰ ਅਬਦਾਲੀ ਭਰਾਵਾਂ ਨੂੰ ਬੁਲਾ ਕੇ ਕਹਿਣ ਲਗਾ। ਭਾਈਓ! ਨਾਦਰਸ਼ਾਹ ਦੀ ਹਕੂਮਤ ਖ਼ਤਮ ਹੋ ਗਈ ਹੈ; ਸਾਨੂੰ ਦੂਜੇ ਈਰਾਨੀ ਅਫ਼ਸਰਾਂ ਦੀ ਈਨ ਨਹੀਂ ਮੰਨਣੀ ਚਾਹੀਦੀ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਮੁਲਕ ਅਫ਼ਗਾਨਿਸਤਾਨ ਵਿਚ ਜਾ ਕੇ ਆਪਣਾ ਰਾਜ ਕਾਇਮ ਕਰੀਏ ਤੇ ਈਰਾਨੀਆਂ ਦੀ ਮਾਤਹਿਤੀ ਤੋਂ ਸਦਾ ਲਈ ਛੁਟਕਾਰਾ ਪ੍ਰਾਪਤ ਕਰ ਲਈਏ। ਸਾਰੇ ਪਠਾਣ ਉਸ ਦਾ ਕਿਹਾ ਮੰਨ ਕੇ ਕੰਧਾਰ ਨੂੰ ਚਲ ਪਏ। ਰਾਹ ਵਿਚ ਇਕ ਥਾਂ ਪੜਾਅ ਕਰਕੇ ਅਹਿਮਦ ਖਾਂ ਦੀ ਰਸਮ ਤਾਜਪੋਸ਼ੀ ਅਦਾ ਕੀਤੀ।

Original with:
Language Department Panjab
Digitized by:
Panjab Digital Library

ਇਸ ਨੂੰ ਅਹਿਮਦ ਖਾਂ ਦੀ ਥਾਂ ਅਹਿਮਦ ਸ਼ਾਹ "ਦੁਰਿ ਦੁੱਰਾਨ" ਦਾ ਲਕਬ ਦੇ ਕੇ ਆਪਣਾ ਬਾਦਸ਼ਾਹ ਮੰਨ ਲਿਆ ।

ਕੰਧਾਰ ਪਹੁੰਚ ਕੇ ਅਹਿਮਦ ਸ਼ਾਹ ਨੇ ਸ਼ਹਿਰ ਅਤੇ ਕਿਲ੍ਹੇ ਤੇ ਕਬਜ਼ਾ ਕਰ ਲਿਆ । ਨਾਦਰਸ਼ਾਹ ਦੇ ਈਰਾਨੀ ਅਫਸਰਾਂ ਨੂੰ ਉਥੋਂ ਬਾਹਰ ਕੱਢ ਦਿੱਤਾ । ਉਸ ਤੋਂ ਪਿੱਛੋਂ ਗਜ਼ਨੀ ਵੱਲ ਕੂਚ ਕਰ ਦਿੱਤਾ । ਗਜ਼ਨੀ ਜਿੱਤ ਕੇ ਕਾਬਲ ਵਲ ਮੂੰਹ ਕੀਤਾ । ਉੱਥੇ ਵੀ ਫ਼ਤਿਹ ਦੀ ਦੇਵੀ ਨੇ ਉਸ ਦੇ ਕਦਮ ਚੁੰਮੇ । ਮੁੱਦਾ ਕੀ, ਸੰਨ 1747 ਦੇ ਖ਼ਤਮ ਹੋਣ ਤੋਂ ਪਹਿਲਾਂ ਅਫਗਾਨਿਸਤਾਨ ਦੇ ਤਿੰਨੋਂ ਸੂਬਿਆ (ਕਾਬਲ, ਕੰਧਾਰ,ਗਜ਼ਨੀ) ਉਪਰ ਅਹਿਮਦਸ਼ਾਹ ਦਾ ਰਾਜ ਕਾਇਮ ਹੋ ਗਿਆ । ਫਿਰ ਇਹ ਦੱਰਾ ਖ਼ੈਬਰ ਵਿਚੋਂ ਨਿਕਲ ਕੇ ਪਿਸ਼ਾਵਰ ਆ ਪਹੁੰ-ਚਿਆ ।

**ਪੰਜਾਬ ਤੇ ਪਹਿਲਾ ਹਮਲਾ** :—ਇਸ ਵੇਲੇ ਪੰਜਾਬ ਵਿਚ ਕੀ ਕੁਝ ਹੋ ਰਿਹਾ ਸੀ ? ਨਵਾਬ ਜ਼ਕਰੀਆ ਖਾਂ ਪੰਜਾਬ ਦਾ ਸੂਬੇਦਾਰ 1745 ਵਿੱਚ ਕਾਲ ਵਸ ਹੋ ਚੁਕਾ ਸੀ । ਉਹ 20 ਸਾਲ ਪੰਜਾਬ ਦਾ ਗਵਰਨਰ ਰਿਹਾ ਸੀ । ਹੁਣ ਉਸ ਦੇ ਦੋ ਪੁੱਤਰਾਂ ਨੇ ਬਾਪ ਦੀ ਥਾਂ ਲੈਣ ਲਈ ਬਾਦਸ਼ਾਹ ਦਿੱਲੀ ਦੀ ਸੇਵਾ ਵਿਚ ਦਰਖਾਸਤ ਗੁਜ਼ਾਰੀ । ਵੱਡੇ ਭਰਾ ਦਾ ਨਾਂ ਯਹੀਆ ਖਾਂ ਤੇ ਛੋਟੇ ਦਾ ਨਾਂ ਸ਼ਾਹ ਨਿਵਾਜ਼ ਖ਼ਾਂ ਸੀ । ਦਿੱਲੀ ਸਲਤਨਤ ਦਾ ਵਜ਼ੀਰ ਇਸ ਵੇਲੇ ਨਵਾਬ ਕਮਰ–ਉੱਲ–ਦੀਨ ਖ਼ਾਂ ਸੀ । ਇਹ ਦੋਵੇਂ ਭਰਾ ਕਮਰ-ਉੱਲ-ਦੀਨ ਦੀ ਭੈਣ ਦੇ ਲੜਕੇ ਸਨ । ਪਰ ਯਹੀਆਂ ਖ਼ਾਂ ਕਮਰ-ਉੱਲ-ਦੀਨ ਦੀ ਬੇਟੀ ਨਾਲ ਵਿਆਹਿਆ ਹੋਇਆ ਵੀ ਸੀ । ਉਸ ਦਾ ਦੋਹਰਾ ਰਿੱਸ਼ਤਾ ਵਜ਼ੀਰੇ ਆਜ਼ਮ ਨਾਲ ਹੋਣ ਦੇ ਕਾਰਣ ਸ਼ਾਹ ਨਿਵਾਜ਼ ਖ਼ਾਂ ਨਾ ਉਮੀਦ ਹੋ ਗਿਆ । ਬਾਦਸ਼ਾਹ ਦਾ ਦਿਲ ਵੀ ਇਹ ਸੀ ਕਿ ਜ਼ਕਰੀਆ ਖ਼ਾਂ ਦੇ ਖ਼ਾਨਦਾਨ ਵਿਚੋਂ ਕਿਸੇ ਨੂੰ ਪੰਜਾਬ ਦਾ ਗਵਰਨਰ ਨਾ ਬਣਾਇਆ ਜਾਵੇ । ਬਾਦਸ਼ਾਹ ਦੀ ਇਹ ਮਨਸ਼ਾ ਵੇਖਕੇ ਕਮਰ-ਉੱਲ-ਦੀਨ ਵੀ ਢਿੱਲ ਮੱਠ ਕਰ ਰਿਹਾ ਸੀ । ਇਸ ਤਰ੍ਹਾਂ ਦੋ ਸਾਲ ਤਕ ਕੋਈ ਪੱਕੇ ਤੌਰ ਤੇ ਪੰਜਾਬ ਦਾ ਗਵਰਨਰ ਨਾ ਬਣਾਇਆ ਗਿਆ ।

ਸ਼ਾਹ ਨਿਵਾਜ਼ ਨੂੰ ਜਦੋਂ ਦਿੱਲੀ ਵੱਲੋਂ ਪੰਜਾਬ ਦੀ ਗਵਰਨਰੀ ਮਿਲਣ ਦੀ ਆਸ ਨਾ ਰਹੀ, ਉਸ ਨੇ ਅਹਿਮਦ ਸ਼ਾਹ ਅਬਦਾਲੀ ਦਾ ਕੁੰਡਾ ਜਾ ਖੜਕਾਇਆ । ਅਬਦਾਲੀ ਉਸ ਸਮੇਂ ਪਿਸ਼ਾਵਰ ਆਇਆ ਹੋਇਆ ਸੀ । ਸਾਰੇ ਲੋਕਾਂ ਦਾ ਆਚਾਰ ਇਸ ਕਦਰ ਗਿਰ ਚੁਕਾ ਸੀ ਕਿ ਆਪਣੇ ਸੁਆਰਥ ਨੂੰ ਪੂਰਾ ਕਰਨ ਲਈ ਆਪਣੇ ਦੇਸ਼ ਨੂੰ ਵਿਦੇਸ਼ੀ ਹੱਮਲਾ-ਆਵਰਾਂ ਅੱਗੇ ਵੇਚਣ ਤੱਕ ਤਿਆਰ ਹੋ ਜਾਂਦੇ । ਸ਼ਾਹ ਨਿਵਾਜ਼ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਅਖਵਾ ਘੱਲਿਆ "ਜੇ ਆਪ ਫ਼ੌਜ ਲੈ ਕੇ ਆ ਜਾਉ ਤਾਂ ਮੈਂ ਆਪ ਦੀ ਸਹਾਇਤਾ ਕਰਾਂਗਾ। ਹਿੰਦੁਸਤਾਨ ਦੀ ਬਾਦਸ਼ਾਹੀ ਆਪਦੀ ਤੇ ਵਜ਼ਾਰਤ ਮੇਰੀ" । ਅਹਿਮਦ ਸ਼ਾਹ ਜੋ 25 ਸਾਲਾਂ ਦੀ ਉੱਮਰ ਦਾ ਭਰਜੁਆਨ ਸੀ, ਅਣਥੱਕ ਸੀ ਤੇ ਹਿਰਸ ਦਾ ਭਰਿਆ ਹੋਇਆ ਸੀ, ਲਗਾ ਹਿੰਦੁਸਤਾਨ ਦੀ ਬਾਦਸ਼ਾਹੀ ਦੇ ਸੁੱਪਨੇ ਵੇਖਣ । ਉਸ ਨੇ ਝੱਟ ਹੀ ਸ਼ਾਹ ਨਿਵਾਜ਼ ਦਾ ਸੱਦਾ ਮਨਜ਼ੂਰ ਕਰ ਲਿਆ । ਜਨਵਰੀ 1748 ਨੂੰ ਅਟਕ ਦਰਿਆ ਪਾਰ ਕਰਕੇ ਲਾਹੌਰ ਵੱਲ ਚਾਲੇ

Original with: Language Department, Punjab
Digitized by:
Panjab Digital Library

ਪਾ ਦਿੱਤੇ। ਪਹਿਲੇ ਜਿਹਲਮ ਦੇ ਪਾਸ ਰੁਹਤਾਸ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ, ਫਿਰ ਗੁਜਰਾਤ ਆ ਗੱਜਿਆ। ਇਸ ਵਕਤ ਗੁਜਰਾਤ ਦਾ ਇਲਾਕਾ ਗੱਖੜ ਕੌਮ ਦੇ ਸੁਲਤਾਨ ਮੁਕੱਰਬ ਖ਼ਾਂ ਦੇ ਕਬਜ਼ੇ ਵਿਚ ਸੀ। ਮੁਕੱਰਬ ਖ਼ਾਂ ਇਸ ਜੰਗਜੂ ਅਤੇ ਬਹਾਦਰ ਕੌਮ ਦਾ ਆਖ਼ਰੀ ਸੁਲਤਾਨ ਸੀ। ਉਸ ਦੀ ਹਕੂਮਤ ਦੇ ਸਮੇਂ ਅਟਕ ਤੋਂ ਜਿਹਲਮ ਤੇ ਗੁਜਰਾਤ ਤੋਂ ਭਿੰਬਰ ਦਾ ਕੁੱਲ ਇਲਾਕਾ ਗੱਖੜਾਂ ਦੇ ਰਾਜ ਵਿਚ ਸ਼ਾਮਲ ਸੀ। ਸੰਨ 1741 ਵਿਚ ਸ਼ਹਿਰ ਗੁਜਰਾਤ ਨੂੰ ਉਸ ਨੇ ਆਪਣੀ ਰਾਜਧਾਨੀ ਬਣਾ ਲਿਆ ਸੀ। ਜ਼ਮਾਨੇ ਦਾ ਰੁਖ ਦੇਖ ਕੇ ਮੁਕੱਰਬ ਖ਼ਾਂ ਵੀ ਅਹਿਮਦ ਸ਼ਾਹ ਅਬਦਾਲੀ ਦੀ ਸਹਾਇਤਾ ਲਈ ਤਿਆਰ ਹੋ ਪਿਆ। ਇਸ ਲਈ ਅਹਿਮਦ ਸ਼ਾਹ ਨੇ ਇਸ ਨੂੰ 'ਸੁਲਤਾਨ' ਦਾ ਲਕਬ ਦੇ ਕੇ ਗੁਜਰਾਤ ਦੀ ਹਕੂਮਤ ਤੇ ਕਾਇਮ ਰੱਖਿਆ "ਸੁਲਤਾਨ ਮੁਕੱਰਬ ਬਾਦਸ਼ਾਹ ਗੁਜਰਾਤ ਬਣਾਇਆ।"

ਆਪ ਅਫ਼ਗਾਨੀ ਫ਼ੌਜ ਸਮੇਤ ਸ਼ਾਹਦਰੇ ਆ ਪੁੱਜਿਆ। ਜਹਾਂਗੀਰ ਬਾਦਸ਼ਾਹ ਦੇ ਮਕਬਰੇ ਵਾਲੇ ਬਾਗ਼ ਅੰਦਰ ਤੰਬੂ ਖ਼ੈਮੇ ਗੱਡ ਦਿੱਤੇ। 10 ਜਨਵਰੀ 1748 ਨੂੰ ਸ਼ਾਹ ਬਲਾਵਲ ਦੇ ਪਾਸ ਦਰਿਆ ਰਾਵੀ ਨੂੰ ਪਾਰ ਕਰਕੇ ਲਾਹੌਰੋਂ 5 ਮੀਲ ਦੀ ਵਿੱਥ ਤੇ ਸ਼ਾਲਾਮਾਰ ਬਾਗ਼ ਦੇ ਨੇੜੇ ਆਪਣਾ ਡੇਰਾ ਕਾਇਮ ਕਰ ਲਿਆ। ਸ਼ਾਹ ਨਿਵਾਜ਼ ਦਾ ਰੱਵਈਆ ਬਦਲ ਚੁਕਾ ਸੀ। ਇਸ ਨੂੰ ਮਾਮੇ (ਵਜ਼ੀਰ ਕਮਰ-ਉੱਲ-ਦੀਨ) ਨੇ ਬੁਲਾ ਕੇ ਸਮਝਾਇਆ ਕਿ ਉਹ ਅਹਿਮਦਸ਼ਾਹ ਅਬਦਾਲੀ ਦਾ ਸਾਥ ਛੱਡ ਦੇਵੇ, ਸੋ ਸ਼ਾਹ ਨਿਵਾਜ਼ ਨੇ ਡੱਟ ਕੇ ਮੁਕਾਬਲਾ ਕੀਤਾ ਪਰ ਹਾਰ ਖਾ ਕੇ ਦਿਲੀ ਨੂੰ ਭੱਜ ਗਿਆ। ਅਹਿਮਦ ਸ਼ਾਹ ਨੇ ਡੇਢ ਮਹੀਨਾ ਲਾਹੌਰ ਵਿਚ ਠਹਿਰ ਕੇ ਮੁਲਕ ਦੇ ਹਾਲ ਦੀ ਪੂਰੀ ਪੁੱਛ-ਗਿੱਛ ਕਰ ਲਈ, ਫਿਰ ਸਰਹੰਦ ਨੂੰ ਉੱਠ ਤੁਰਿਆ। 2 ਮਾਰਚ ਨੂੰ ਸ਼ਹਿਰ ਤੇ ਕਬਜ਼ਾ ਕਰ ਲਿਆ। ਹੁਣ ਦਿੱਲੀ ਦਾ ਪ੍ਰੋਗਰਾਮ ਸੀ। ਮਗਰ ਵਜ਼ੀਰ ਕਮਰ-ਉੱਲ-ਦੀਨ ਸੱਠ ਹਜ਼ਾਰ ਦਾ ਲਸ਼ਕਰ ਨਾਲ ਲੈ ਕੇ ਮਨੂੰਪੁਰ ਦੇ ਪਾਸ ਅਹਿਮਦਸ਼ਾਹ ਦੀ ਉਡੀਕ ਕਰ ਰਿਹਾ ਸੀ। ਗਿਆਰਾਂ ਮਾਰਚ ਨੂੰ ਸਵੇਰ ਵੇਲੇ ਜੰਗ ਸ਼ੁਰੂ ਹੋ ਗਈ, ਬਦਕਿਸਮਤੀ ਨਾਲ ਇਕ ਤੋਪ ਦਾ ਗੋਲਾ ਫਟਣ ਕਾਰਣ ਵਜ਼ੀਰ ਆਜ਼ਮ ਕਮਰ-ਉੱਲ-ਦੀਨ ਖ਼ੁਦ ਮੌਤ ਦਾ ਸ਼ਿਕਾਰ ਹੋ ਗਿਆ। ਪਰ ਉਸ ਦੀ ਫ਼ੌਜ ਨੇ ਹੌਂਸਲਾ ਨਾ ਹਾਰਿਆ। ਵਜ਼ੀਰ ਦੇ ਲਾਇਕ ਬੇਟੇ ਨੌਜੁਆਨ ਮੀਰ ਮਈਨ-ਉੱਲ-ਮੁਲਕ ਨੇ ਬਾਪ ਦੀ ਜਗ੍ਹਾ ਫ਼ੌਜ ਦੀ ਕਮਾਨ ਆਪਣੇ ਹੱਥ ਲੈ ਲਈ ਤੇ, ਜੰਗ ਜਾਰੀ ਰੱਖਿਆ। ਅਤੇ ਅਹਿਮਦਸ਼ਾਹ ਨੂੰ ਹਾਰ ਦੇ ਕੇ ਪਿੱਛਾਂ ਨੂੰ ਮੋੜ ਦਿੱਤਾ। 17 ਮਾਰਚ ਨੂੰ ਅਹਿਮਦਸ਼ਾਹ ਲੁਧਿਆਣੇ ਆ ਪੁਜਿਆ। ਸਤਲੁੱਜ ਨੱਦੀ ਪਾਰ ਕਰਕੇ ਲਾਹੌਰੋਂ ਲੰਘਦਾ ਆਪਣੇ ਵਤਨ ਕਾਬਲ ਨੂੰ ਹੋ ਤੁਰਿਆ। ਜੇਤੂ ਮੀਰ ਮੁਈਨ ਫ਼ਤਿਹ ਦੇ ਡੰਕੇ ਵਜਾਉਂਦਾ ਦਿੱਲੀ ਆ ਪੁੱਜਿਆ। ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਹੋ ਕੇ ਵਧਾਈ ਦਿੱਤੀ। ਬਾਦਸ਼ਾਹ ਨੇ ਖ਼ੁਸ਼ ਹੋਕੇ ਪੰਜਾਬ ਦੀ ਸੂਬੇਦਾਰੀ ਇਸ ਨੂੰ ਬਖਸ਼ ਦਿੱਤੀ।

**ਮੀਰ ਮਈਨ-ਉੱਲ-ਮੁਲਕ—ਗਵਰਨਰ ਪੰਜਾਬ** :— ਅਬਦਾਲੀ ਨੂੰ ਕਿਸੇ ਦੁਸ਼ਮਨ ਪਾਸੋਂ ਹਾਰ ਖਾਣ ਦਾ ਇਹ ਪਹਿਲਾ ਮੌਕਾ ਸੀ। ਉਸ ਨੂੰ ਆਪਣੇ ਆਪ ਪਾਸੋਂ ਬਹੁਤ ਸ਼ਰਮ ਆ ਰਹੀ ਸੀ। ਮੁਸ਼ਕਲ ਨਾਲ ਅੱਠ ਮਹੀਨੇ ਲੰਗਾਏ ਤੇ ਦਸੰਬਰ, 1748

*Original with:*
Language Department Punjab
*Digitized by:*
Panjab Digital Library

ਨੂੰ ਇੱਕ ਬਹੁਤ ਵੱਡਾ ਲਸ਼ਕਰ ਨਾਲ ਲੈਕੇ ਫਿਰ ਹਿੰਦੁਸਤਾਨ ਵਲ ਚਲ ਪਿਆ । ਬੇੜੀਆਂ ਦਾ ਪੁਲ ਬੰਨ੍ਹ ਕੇ ਦਰਿਆ ਅਟਕ ਨੂੰ ਪਾਰ ਕੀਤਾ ਅਤੇ ਲਾਹੌਰ ਨੂੰ ਚਾਲੇ ਪਾ ਦਿੱਤੇ । ਲਾਹੌਰ ਦਾ ਗਵਰਨਰ ਮੀਰ ਮੁਈਨ ਇਹ ਸਮਝ ਰਿਹਾ ਸੀ ਕਿ ਉਸ ਦੀ ਆਪਣੀ ਪੰਜਾਬ ਸੂਬੇ ਵਾਲੀ ਫੌਜ ਅਹਿਮਦ ਸ਼ਾਹ ਦੇ ਮੁਕਾਬਲੇ ਲਈ ਕਾਫੀ ਨਹੀਂ ਹੈ । ਸੋ ਉਸ ਨੇ ਦਿੱਲੀ ਨੂੰ ਬਾਰ ਲਿਖ ਘਲਿਆ ਕਿ ਉਸ ਨੂੰ ਕੁਮਕ ਭੇਜੀ ਜਾਵੇ ਤਾਂ ਜੋ ਦੁਸ਼ਮਨ ਨੂੰ ਹਾਰ ਦੇਕੇ ਲਾਹੌਰੋਂ ਹੀ ਪਿਛਾਂਹ ਮੋੜ ਦਿੱਤਾ ਜਾਵੇ । ਪਰ ਦਿੱਲੀ ਵਿੱਚ ਤਾਂ ਇਸ ਵੇਲੇ ਖੇਲ ਹੀ ਹੋਰ ਰਚ ਰਿਹਾ ਸੀ । ਮੁਹੰਮਦ ਸ਼ਾਹ ਬਾਦਸ਼ਾਹ ਅਪਰੈਲ ਦੇ ਮਹੀਨੇ ਮਰ ਚੁੱਕਾ ਸੀ ਤੇ ਉਹਦੀ ਥਾਂ ਉਸ ਦਾ ਨਾਲਾਇਕ ਪੁੱਤਰ ਅਹਿਮਦ ਸ਼ਾਹ ਤਖਤ ਦਿੱਲੀ ਨੂੰ ਲਾਜ ਲਾ ਰਿਹਾ ਸੀ । ਇਹ ਦੋ ਦੋ ਹਫ਼ਤੇ ਆਪਣੇ ਜ਼ਨਾਨ-ਖਾਨੇ ਅੰਦਰ ਹੀ ਗੁਜ਼ਾਰ ਦਿੰਦਾ ਸੀ ਤੇ ਕਿਸੇ ਦਾ ਮੂੰਹ ਵੀ ਨਹੀਂ ਸੀ ਵੇਖਿਆ ਕਰਦਾ ਰਾਜ ਦਰਬਾਰ ਦਾ ਕੁਲ ਕੰਮ ਆਪਣੇ ਵਜ਼ੀਰ ਸਫ਼ਦਰ ਜੰਗ ਦੇ ਹਵਾਲੇ ਕਰ ਰੱਖਿਆ ਸੀ। ਸਫ਼ਦਰ ਜੰਗ ਵਜ਼ੀਰ ਕਮਰ-ਉਲ-ਦੀਨ ਦੇ ਖ਼ਾਨਦਾਨ ਨਾਲ ਵੈਰ ਰਖਦਾ ਸੀ, ਇਸ ਕਰਕੇ ਉਸ ਦੀ ਦਿਲੀ ਖ਼ਾਹਸ਼ ਇਹ ਸੀ ਕਿ ਕਮਰ-ਉਲ-ਦੀਨ ਦਾ ਬੇਟਾ ਮੀਰ ਮੁਈਨ-ਉਲ-ਮੁਲਕ ਅਬਦਾਲੀ ਪਾਸੋਂ ਹਾਰ ਖਾਕੇ ਬਾਦਸ਼ਾਹ ਦਿੱਲੀ ਦੀਆਂ ਨਜ਼ਰਾਂ ਵਿੱਚ ਗਿਰ ਜਾਵੇ, ਸੋ ਪੰਜਾਬ ਦੀ ਸਹਾਇਤਾ ਲਈ ਬਾਦਸ਼ਾਹੀ ਲਸ਼ਕਰ ਵਿਚੋਂ ਕੋਈ ਕੁਮਕ ਨਾ ਭੇਜੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮੀਰ ਮਈਨ ਨੇ ਆਪਣੇ ਆਪ ਨੂੰ ਮੁਕਾਬਲੇ ਦੇ ਯੋਗ ਨਾ ਸਮਝ ਕੇ ਅਹਿਮਦ ਸ਼ਾਹ ਅਬਦਾਲੀ ਨੂੰ ਸੁਲਾਹ ਕਰ ਲੈਣ ਲਈ ਪੈਗ਼ਾਮ ਘੱਲਿਆ । ਸੁਲਾਹ ਦੀਆਂ ਸ਼ਰਤਾਂ ਜੋ ਅਬਦਾਲੀ ਨੇ ਪੇਸ਼ ਕੀਤੀਆਂ ਅਤੇ ਜੋ ਗਵਰਨਰ ਪੰਜਾਬ ਨੇ ਬਾਦਸ਼ਾਹ ਦਿੱਲੀ ਦੀ ਆਗਿਆ ਲੈ ਕੇ ਸਵੀਕਾਰ ਕਰ ਲਈਆਂ ਉਹ ਸਨ । (1) ਦਰਿਆ ਅਟਕ ਤੋਂ ਪਾਰ ਦਾ ਕੁਲ ਇਲਾਕਾ ਪਿਸ਼ਾਵਰ, ਬੰਨੂੰ, ਡੇਰਾਜਾਤ ਆਦਿ ਦਿੱਲੀ ਦੀ ਬਾਦਸ਼ਾਹੀ ਤੋਂ ਵੱਖਰਾ ਕਰਕੇ ਅਬਦਾਲੀ ਦੀ ਕਾਬਲ ਵਾਲੀ ਬਾਦਸ਼ਾਹੀ ਦਾ ਹਿੱਸਾ ਸਮਝਿਆ ਜਾਵੇਗਾ ।

(2) ਸਿਆਲਕੋਟ, ਪਿਸਰੂਰ, ਗੁਜਰਾਤ ਅਤੇ ਔਰੰਗਆਬਾਦ ਦੇ ਚਾਰ ਪਰਗਣੇ (ਜ਼ਿਲ੍ਹੇ) ਸੂਬਾ ਪੰਜਾਬ ਤੋਂ ਅਲਹਿਦਾ ਸਮਝੇ ਜਾਣਗੇ । ਇਨ੍ਹਾਂ ਦੀ ਸਾਲਾਨਾ ਆਮਦਨੀ ਅਰਥਾਤ 14 ਲੱਖ ਰੁਪਿਆ ਅੱਗੇ ਤੋਂ ਕਾਬਲ ਦੇ ਖ਼ਜ਼ਾਨੇ ਵਿੱਚ ਭੇਜਿਆ ਜਾਇਆ ਕਰੇਗੀ । ਇਨ੍ਹਾਂ ਦੇ ਇੰਤਜ਼ਾਮ ਲਈ ਬੇਸ਼ਕ ਪੰਜਾਬ ਦਾ ਗਵਰਨਰ ਹੀ ਆਪਣੇ ਨਾਇਬ ਨਾਜ਼ਮ ਮੁਕੱਰਰ ਕਰਿਆ ਕਰੇਗਾ । 1739 ਵਿੱਚ ਨਾਦਰ ਸ਼ਾਹ ਨੇ ਵੀ ਇਹੋ ਸ਼ਰਤਾਂ ਬਾਦਸ਼ਾਹ ਦਿੱਲੀ ਪਾਸੋਂ ਮਨਵਾਈਆਂ ਸਨ, ਪਰ ਨਾਦਰ ਮੁੜ ਕੇ ਇਸ ਹਿੰਦੁਸਤਾਨ ਵੱਲ ਧਿਆਨ ਨਾ ਦੇ ਸਕਿਆ । ਇਸ ਲਈ ਇਹ ਮਾਮਲਾ ਉੱਥੇ ਹੀ ਠੱਪਿਆ ਗਿਆ । ਹੁਣ ਅਬਦਾਲੀ ਨੇ ਨਵੇਂ ਸਿਰਿਓਂ ਦੇਸ਼ ਅੰਦਰ ਕਦਮ ਜਮਾਉਣ ਵਾਲੀ ਇਸ ਪਾਲਸੀ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਰੱਖਿਆ । ਆਪਣੀ ਜ਼ਾਤੀ ਵੈਰ ਕਮਾਉਣ ਲਈ ਵਜ਼ੀਰੇ-ਆਜ਼ਮ ਸਫ਼ਦਰ ਜੰਗ ਨੇ ਮੀਰ ਮੁਈਨ ਨੂੰ ਵਕਤ ਸਿਰ ਕੁਮਕ ਨਾ ਘਲੀ । ਦੁਸ਼ਮਣ ਪਾਸੋਂ ਆਪਣੇ ਦੇਸ਼ ਤੇ ਬਾਦਸ਼ਾਹ ਦੀ ਹੇਠੀ ਕਰਵਾ ਲਈ । ਇਸ ਕਿਸਮ ਦੇ ਆਚਾਰ ਦੀ ਇੱਕ ਗੁਲਾਮ ਕੌਮ ਦੇ ਲੋਕਾਂ ਪਾਸੋਂ ਹੀ ਆਸ ਕੀਤੀ ਜਾ ਸਕਦੀ ਹੈ ।

*Original with:*
Language Department Punjab
*Digitized by:*
Panjab Digital Library

ਅਹਿਮਦ ਸ਼ਾਹ ਅਬਦਾਲੀ ਦਾ ਤੀਜਾ ਹਮਲਾ 1751—52 ਵਿੱਚ ਹੋਇਆ। ਕਾਰਣ ਇਹ ਕਿ ਸ਼ਾਹ ਦੇ ਮੁੜ ਕੇ ਕਾਬਲ ਚਲੇ ਜਾਣ ਤੇ ਮੀਰ ਮੁੱਈਨ ਨੇ ਸਮਝਿਆ ਕਿ ਆਈ ਬਲਾ ਟਲ ਗਈ। ਦੋ ਸਾਲ ਲੰਘ ਗਏ, ਚਾਰ ਪਰਗਣਿਆਂ ਦੀ 14 ਲੱਖ ਰੁਪਿਆ ਸਾਲਾਨਾ ਆਮਦਨੀ ਵਿੱਚੋਂ ਉਸ ਨੇ ਇੱਕ ਪਾਈ ਤੱਕ ਕਾਬਲ ਖਜ਼ਾਨੇ ਵਿੱਚ ਨਾ ਭੇਜੀ। ਸੋ ਸ਼ਾਹ ਦਸੰਬਰ 1751 ਨੂੰ ਹਿੰਦੁਸਤਾਨ ਆਉਣ ਲਈ ਫਿਰ ਤਿਆਰ ਹੋ ਗਿਆ। ਦੋ ਮਹੀਨੇ ਪਹਿਲਾਂ ਆਪਣਾ ਇੱਕ ਏਲਚੀ ਘੱਲ ਚੁੱਕਾ ਸੀ, ਇਸ ਖਿਆਲ ਤੋਂ ਕਿ ਜੇ ਕਰ ਮੀਰ ਮਨੂੰ ਰੁਪਿਆ ਅਦਾ ਕਰ ਦੇਵੇ ਤਾਂ ਜੰਗ ਦੀ ਨੌਬਤ ਨਾ ਲਿਆਂਦੀ ਜਾਏ। ਮੀਰ ਮੰਨੂੰ ਨੇ ਏਲਚੀ ਨਾਲ ਟਾਲ ਟਾਲ ਮਟੌਲ ਕਰਕੇ ਦੋ ਮਹੀਨੇ ਲੰਘਾ ਦਿੱਤੇ ਪਰ ਆਪਣੀ ਪੂਰੀ ਤਰ੍ਹਾਂ ਫ਼ੌਜੀ ਤਿਆਰੀ ਕਰਦਾ ਰਿਹਾ। ਆਖਰ ਅਬਦਾਲੀ ਖ਼ੁਦ ਆ ਪਹੁੰਚਿਆ। ਜਨਵਰੀ 1752 ਦੇ ਪਿਛਲੇ ਅੱਧ ਵਿੱਚ ਸ਼ਹਿਰ ਲਾਹੌਰ ਤੋਂ ਬਾਹਰ ਕੁਝ ਫਾਸਲੇ ਤੇ ਦੋਵੇਂ ਫੌਜਾਂ ਆਮ੍ਹੋ-ਸਾਹਮਣੇ ਜੰਗ ਲਈ ਆ ਡਟੀਆਂ ਮੀਰ ਮੰਨੂੰ ਨੇ ਆਪਣੇ ਮੋਰਚੇ ਬੜੀ ਪਕਿਆਈ ਨਾਲ ਬਣਾ ਰੱਖੇ ਸਨ। ਇਨ੍ਹਾਂ ਨੂੰ ਚੀਰ ਕੇ ਪਠਾਣਾਂ ਲਈ ਸ਼ਹਿਰ ਲਾਹੌਰ ਉਪਰ ਹਮਲਾ ਕਰਨਾ ਬੜਾ ਔਖਾ ਹੋ ਗਿਆ। ਇੱਧਰ ਮੀਰ ਮੰਨੂੰ ਪਾਸ ਹਲਕੇ ਸੁਬਕ ਰਫ਼ਤਾਰ ਘੋੜ-ਸਵਾਰਾਂ ਦੀ ਕਮੀ ਹੋਣ ਕਾਰਨ ਉਸ ਲਈ ਵੀ ਮੁਸ਼ਕਲ ਹੋ ਗਿਆ ਕਿ ਉਹ ਆਪਣੇ ਮੋਰਚਿਆਂ ਵਿੱਚੋਂ ਬਾਹਰ ਨਿਕਲ ਕੇ ਅਬਦਾਲੀ ਦੀ ਫੌਜ ਤੇ ਹੱਲਾ ਬੋਲ ਦੇਵੇ। ਇਸ ਨੇ ਦਿੱਲੀ ਕੁਮਕ ਲਈ ਲਿਖਿਆ, ਮਗਰ ਓਹੀ ਦਿੱਲੀ, ਓਹੀ ਵਜ਼ੀਰ ਸਫ਼ਦਰ ਜੰਗ ਤੇ ਓਹੀ ਮੀਰ ਮੰਨੂੰ! ਭਲਾ ਉਹ ਤਾਜ਼ਾ ਦਮ ਫੌਜ ਕਦੋਂ ਭੇਜਣ ਲੱਗਾ ਸੀ। ਇਸ ਤਰ੍ਹਾਂ ਛੇ ਕੁ ਸਾਤੇ ਬੀਤ ਗਏ। ਆਖਰ ਅਬਦਾਲੀ ਦੇ ਪਠਾਨਾਂ ਨੇ 6 ਮਾਰਚ ਵਾਲੇ ਦਿਨ ਨਗਾਰੇ ਤੇ ਚੋਟ ਲਾ ਦਿੱਤੀ ਤੇ ਲਾਹੌਰ ਦੇ ਮੋਰਚਿਆਂ ਵੱਲ ਵੱਧ ਤੁਰੇ। ਦੋਵੇਂ ਪਾਸੇ ਸੂਰਮਿਆਂ ਦੇ ਚੰਗੇ ਆਹੂ ਲੱਥੇ। ਆਖਰ ਮੀਰ ਮੰਨੂੰ ਨੂੰ ਹਾਰ ਮੰਨਣੀ ਪਈ ਤੇ 7 ਮਾਰਚ ਨੂੰ ਪੰਜਾਬ ਦਾ ਸੁਹਣਾ ਗਭਰੂ ਗਵਰਨਰ ਇੱਕ ਕੈਦੀ ਦੀ ਹੈਸੀਅਤ ਵਿੱਚ ਅਹਿਮਦ ਸ਼ਾਹ ਅੱਗੇ ਹਾਜ਼ਰ ਹੋਇਆ, ਮਗਰ, ਜਿਵੇਂ ਦੀਵਾਨ ਅਮਰ ਨਾਥ ਦੇ ਲੇਖ ਤੋਂ ਸਾਬਤ ਹੁੰਦਾ ਹੈ, ਮੀਰ ਮੱਈਨ ਨੇ ਆਪਣੀ ਹੈਂਕੜ ਨਾ ਛੱਡੀ। ਸ਼ਾਹ ਅਬਦਾਲੀ ਨੇ ਪੁੱਛਿਆ, "ਦੱਸ ਭਈ ਨੌਜਵਾਨ ਨਵਾਬ! ਜੇ ਮੈਂ ਗ੍ਰਿਫ਼ਤਾਰ ਹੋ ਕੇ ਲਿਆਇਆ ਜਾਂਦਾ ਤਾਂ ਤੂੰ ਮੈਨੂੰ ਕੀ ਸਜ਼ਾ ਦਿੰਦਾ।" ਮੁੱਈਨ ਨੇ ਨਿਧੜਕ ਕੇ ਕਿਹਾ, ਕਿ "ਮੈਂ ਖੁਦ ਮੁਖ਼ਤਿਆਰ ਜਾਂ ਬਾਅਖ਼ਤਿਆਰ ਬਾਦਸ਼ਾਹ ਨਹੀਂ ਹਾਂ, ਮੈਂ ਆਪ ਨੂੰ ਇਕ ਲੋਹੇ ਦੇ ਪਿੰਜਰੇ ਵਿੱਚ ਬੰਦ ਕਰਕੇ ਆਪਣੇ ਆਕਾ ਬਾਦਸ਼ਾਹ ਦਿੱਲੀ ਦੀ ਸੇਵਾ ਵਿੱਚ ਘੱਲ ਦਿੰਦਾ।" ਜੁਆਬ ਵਿੱਚ ਅਬਦਾਲੀ ਨੇ ਕਿਹਾ, "ਫਿਰ ਬੋਲ ਅਸੀਂ ਤੈਨੂੰ ਕੀ ਸਜ਼ਾ ਦੇਈਏ।" ਮੁਈਨ ਬੋਲਿਆ (ਗਰ ਤਾਜਰੀ-ਬਾਫ਼ਰੋਸ਼, ਗਰ ਕਸਾਬੀ-ਬਾਕੁਸ਼, ਗਰ ਬਾਦਸ਼ਾਹੀ ਬਨਵਾਜ਼) ਜੇਕਰ ਤੂੰ ਤਾਜਰ ਹੈਂ ਤਾਂ ਮੈਨੂੰ ਵੇਚ ਕੇ ਰੁਪਿਆ ਕਮਾ ਲੈ, ਜੇ ਕਰ ਤੂੰ ਕਸਾਈ ਹੈਂ ਤਾਂ ਮੈਨੂੰ ਕਤਲ ਕਰ ਦੇ, ਅਗਰ ਬਾਦਸ਼ਾਹ ਹੈਂ ਤਾਂ ਬਖਸ਼ ਦੇ।' ਅਬਦਾਲੀ ਨੇ ਖੁਸ਼ ਕੇ ਕਿਹਾ "ਆਜ ਸੇ ਹਮ ਤੁਮ ਕੋ ਅਪਨਾ ਬੇਟਾ (ਫ਼ਰਜ਼ੰਦ) ਤਸੱਵਰ ਕਰੇਂਗੇ।"

ਸੁਲਾਹ ਦੀਆਂ ਸ਼ਰਤਾਂ ਜੋ ਅਬਦਾਲੀ ਨੇ ਲਿਖ ਕੇ ਮੁੱਈਨ-ਉੱਲ-ਮੁਲਕ ਦੇ ਹਵਾਲੇ.

*Original with:*
Language Department Punjab
*Digitized by:*
Panjab Digital Library

ਕੀਤੀਆਂ ਅਤੇ ਉਸ ਨੇ ਇਕ ਖ਼ਾਸ ਏਲਚੀ ਦੇ ਹੱਥ ਦਰਬਾਰ ਦਿੱਲੀ ਨੂੰ ਭੇਜ ਦਿੱਤੀਆਂ, ਇਹ ਸਨ :—

(1) ਸੂਬਾ ਮੁਲਤਾਨ ਤੇ ਸੂਬਾ ਲਾਹੌਰ ਅਗੋਂ ਲਈ ਸਲਤਨਤ ਦੇ ਭਾਗ ਸਮਝੇ ਜਾਣਗੇ। (2) ਮੀਰ ਮੁੱਈਨ-ਉੱਲ-ਮੁਲਕ ਅੱਗੇ ਤੋਂ ਅਮੀਰ ਕਾਬਲ ਵਲੋਂ ਨਾਜ਼ਮ ਲਾਹੌਰ ਸਮਝਿਆ ਜਾਵੇਗਾ (3) ਸੂਬੇ ਦਾ ਖਰਚ ਤੇ ਅਪਣੀ ਤਨਖਾਹ ਕੱਢ ਕੇ ਸੂਬੇਦਾਰ ਪੰਜਾਬ (ਲਹੌਰ ਤੇ ਮੁਲਤਾਨ) 50 ਲੱਖ ਰੁਪਿਆ ਸਾਲਾਨਾ ਦੇ ਹਿਸਾਬ ਨਾਲ ਖ਼ਜ਼ਾਨਾ ਕਾਬਲ ਲਈ ਘਲ ਦਿੱਤਾ ਕਰੇਗਾ।

ਦਿੱਲੀ ਦਾ ਬਾਦਸ਼ਾਹ ਆਪਣੀਆਂ ਰੰਗ-ਰਲੀਆਂ ਵਿੱਚ ਮਸਤ ਰਹਿੰਦਾ ਨੀਵੇਂ ਜਮਪਲ ਤੇ ਨੀਵੇਂ ਆਚਾਰ ਦੇ ਲੋਕ, ਨੌਕਰ-ਚਾਕਰ, ਉਸ ਦੇ ਇਰਦ-ਗਿਰਦ ਰਿਹਾ ਕਰਦੇ, ਉਸ ਨੂੰ ਕਿਸੇ ਕਿਸਮ ਦੇ ਵਾਧੇ-ਘਾਟੇ ਦੀ ਪ੍ਰਵਾਹ ਨਹੀਂ ਸੀ। ਸਲਤਨਤ ਪਹਿਲਾਂ ਹੀ ਖੇਰੂੰ ਖੇਰੂੰ ਹੋ ਰਹੀ ਸੀ। ਕਾਬਲ, ਪਿਸ਼ਾਵਰ ਤੇ ਸਿੰਧ ਦੇ ਸੂਬੇ ਅੱਗੇ ਹੀ ਹਥੋਂ ਨਿਕਲ ਚੁਕੇ ਸਨ। ਹੁਣ ਪੰਜਾਬ ਵੀ ਜਾ ਰਿਹਾ ਸੀ, ਪਰ ਉਸਦੇ ਪਿੰਡੇ 'ਤੇ ਜੂੰ ਤਕ ਨਾ ਸਰਕੀ। ਜੋ ਕਾਗਜ਼ ਲਾਹੌਰੋਂ ਲਿਖਿਆ ਆਇਆ ਉਸ ਨੂੰ ਪ੍ਰਵਾਨ ਕਰ ਲਿਆ ਤੇ ਉਸ ਤੇ ਮੁਹਰ ਲਾ ਕੇ ਹਸਤਾਖਰ ਕਰਕੇ ਵਾਪਸ ਕਾਸਦ ਦੇ ਹੱਥ ਘੱਲ ਦਿੱਤਾ। 20 ਅਪਰੈਲ ਨੂੰ ਕਾਸਦ ਬਾਦਸ਼ਾਹ ਦੀ ਪ੍ਰਵਾਨਗੀ ਲੈ ਕੇ ਲਾਹੌਰ ਪੁਜ ਗਿਆ ਤੇ 22 ਅਪਰੈਲ ਨੂੰ ਅਹਿਮਦ ਸ਼ਾਹ ਨੇ ਲਾਹੌਰ ਤੋਂ ਕੂਚ ਦਾ ਹੁਕਮ ਦੇ ਦਿੱਤਾ। ਅੱਜੇ ਅਹਿਮਦ ਸ਼ਾਹ ਅਬਦਾਲੀ ਦਾ ਡੇਰਾ ਸ਼ਾਹਦਰੇ ਹੀ ਲਗਿਆ ਹੋਇਆ ਸੀ ਕਿ ਕਸ਼ਮੀਰ ਤੋਂ ਪੈਗਾਮ ਆਇਆ ਕਿ ਲੋਕੀ ਆਪਣੇ ਹਾਕਮਾਂ ਦੇ ਜ਼ੁਲਮ ਤੋਂ ਬਹੁਤ ਤੰਗ ਹੋ ਰਹੇ ਹਨ। ਦਿੱਲੀ ਤੋਂ ਬਹੁਤ ਦੂਰ ਅਤੇ ਮੁਸ਼ਕਲਾਂ ਭਰਿਆ ਸਫ਼ਰ ਹੋਣ ਦੇ ਕਾਰਣ ਕਸ਼ਮੀਰ ਦਾ ਮੁਗਲ ਗਵਰਨਰ ਆਪਣੀ ਮਨਮਾਨੀ ਕਰਿਆ ਕਰਦਾ ਸੀ। ਅਬਦਾਲੀ ਨੇ ਝੱਟ ਹੀ ਆਪਣੇ ਜਰਨੈਲ ਅਬਦੁਲਾ ਖਾਂ ਨੂੰ ਇੱਕ ਲਸ਼ਕਰ ਦੇ ਕੇ ਕਸ਼ਮੀਰ ਨੂੰ ਤੋਰ ਦਿੱਤਾ ਅਤੇ ਪਿਸ਼ਾਵਰ ਪਹੁੰਚਣ ਤੋਂ ਪਹਿਲਾਂ ਹੀ ਖ਼ਬਰ ਮਿਲ ਗਈ ਕਿ ਕਸ਼ਮੀਰ ਦਾ ਦੌਲਤਾਂ ਭਰਿਆ ਸੂਬਾ ਵੀ ਕਾਬਲ ਸਲਤਨਤ ਵਿੱਚ ਸ਼ਾਮਲ ਕਰ ਲਿਆ ਹੈ ਅਤੇ ਦੀਵਾਨ ਸੁਖ ਜੀਵਨ ਮਲ ਨੂੰ ਉਥੋਂ ਦਾ ਗਵਰਨਰ ਬਣਾ ਦਿੱਤਾ ਹੈ।

ਪੰਜ ਸਾਲ ਦੇ ਮਗਰੋਂ ਅਹਿਮਦਸ਼ਾਹ ਚੌਥੀ ਵਾਰ ਫਿਰ ਇਕ ਭਾਰੀ ਲਸ਼ਕਰ ਲੈ ਕੇ ਆ ਗੱਜਿਆ। ਇਸ ਪੰਜ ਸਾਲਾਂ ਦੇ ਅਰਸੇ ਵਿੱਚ ਦੇਸ ਦੀ ਬੁਰੀ ਹਾਲਤ ਹੋ ਚੁਕੀ ਸੀ ਤੇ ਖ਼ਾਸ ਕਰ ਸੂਬਾ ਪੰਜਾਬ ਦੀ। ਮੀਰ ਮੁੱਈਨ ਆਪ ਮਰ ਚੁਕਾ ਸੀ। ਉਸ ਦਾ ਦੋ ਸਾਲਾਂ ਦਾ ਨਿਆਣਾ ਪੁੱਤਰ ਜਿਸ ਨੂੰ ਨਾਇਬ ਗਵਰਨਰ ਥਾਪਿਆ ਗਿਆ ਸੀ ਉਹ ਵੀ ਇੱਕ ਸਾਲ ਮਗਰੋਂ ਕਾਲਵਸ ਹੋ ਗਿਆ। ਹੁਣ ਉਸ ਦੀ ਵਿਧਵਾ ਇਸਤਰੀ ਮੁਗਲਾਣਾ ਬੇਗਮ ਕੁਝ ਚਿਰ ਲਈ ਹਕੂਮਤ ਕਰਦੀ ਰਹੀ ਮਗਰ ਹਾਲਾਤ ਦਿਨੋਂ ਦਿਨ ਵਿਗੜਦੇ ਹੀ ਗਏ। ਦਿੱਲੀ ਦਰ-ਬਾਰ ਦਾ ਬੁਰਾ ਹਾਲ ਹਾਲ ਹੋ ਰਿਹਾ ਸੀ। ਜਿਸ ਦਾ ਸਿਟਾ ਇਹ ਨਿਕਲਿਆ ਕਿ ਜਦ ਅਹਿਮਦ ਸ਼ਾਹ ਕੰਧਾਰ ਤੋਂ ਚੜ੍ਹ ਕੇ ਆਇਆ ਤੇ 15 ਨਵੰਬਰ, 1756 ਨੂੰ ਪਿਸ਼ਾਵਰ ਆ ਡੇਰਾ ਲਾਇਆ, ਇੱਕ ਮਹੀਨੇ ਮਗਰੋਂ ਲਾਹੌਰ ਆ ਪੁਜਿਆ। 18 ਜਨਵਰੀ, 1757 ਨੂੰ

*Original with:*
Language Department Punjab
*Digitized by:*
Panjab Digital Library

ਦਿੱਲੀ ਪੁਜ ਗਿਆ। ਪਿਸ਼ਾਵਰ ਤੋਂ ਲੈ ਕੇ ਦਿੱਲੀ ਤਕ ਉਸ ਦਾ ਰੱਸਤਾ ਸਾਫ਼ ਰਿਹਾ ; ਉਸ ਦਾ ਕਿਸੇ ਮੁਕਾਬਲਾ ਨਹੀਂ ਕੀਤਾ। ਦਿੱਲੀ ਵਿਚ ਆਪਣੇ ਨਾਂ ਦਾ ਸਿੱਕਾ ਜਾਰੀ ਕੀਤਾ। ਦਿੱਲੀ ਨੂੰ ਰੱਜ ਕੇ ਲੁਟਿਆ, ਰੱਈਸਾਂ ਤੇ ਸ਼ਾਹੂਕਾਰਾਂ ਦੇ ਘਰਾਂ ਦੀਆਂ ਤਲਾਸ਼ੀਆਂ ਲੈ ਕੇ ਜੋ ਨੱਕਦੀ, ਸੋਨਾ, ਚਾਂਦੀ ਹੱਥ ਆਇਆ ਸਭ ਪਠਾਣਾਂ ਨੇ ਆਪਣੇ ਕੱਬਜ਼ੇ ਵਿਚ ਲੈ ਲਿਆ ਕਿਸੇ ਦੀ ਇਜ਼ਤ ਆਬਰੂ ਨਾ ਬਚੀ ਤੇ ਨਾ ਹੀ ਕਿਸੇ ਪਾਸ ਮਾਲਦੌਲਤ ਰਹਿ ਗਿਆ। ਲੋਕਾਂ ਦੇ ਚੰਗੇ ਭਾਗੀਂ ਅਹਿਮਦ ਸ਼ਾਹ ਦੇ ਲਸ਼ਕਰ ਵਿਚ ਹੈਜ਼ੇ ਦੀ ਬੀਮਾਰੀ ਫ਼ੈਲ ਗਈ ਜਿਸ ਨਾਲ ਸੌ ਡੇਢ ਸੋ ਸਿਪਾਹੀ ਹਰ ਰੋਜ਼ ਮਰਨ ਲੱਗ ਪਏ। ਇਸ ਤੋਂ ਡਰ ਕੇ ਅਹਿਮਦ ਸ਼ਾਹ ਨੇ ਦਿੱਲੀ ਤੋਂ ਕੂਚ ਕਰਨ ਦਾ ਹੁਕਮ ਦੇ ਦਿੱਤਾ। ਚਾਰ ਅਪਰੈਲ 1757 ਨੂੰ ਕਰੋੜਾਂ ਰੁਪਏ ਨੱਕਦ ਤੇ ਮਾਲ ਅਸਬਾਬ ਹਾਥੀਆਂ, ਊਠਾਂ, ਘੋੜਿਆਂ ਅਤੇ ਗੱਡਿਆਂ ਤੇ ਲੱਦ ਕੇ ਦਿੱਲੀ ਤੋਂ ਵਾਪਸ ਤੁਰ ਪਿਆ। ਲੋਕਾਂ ਨੇ ਸੁਖ ਦਾ ਸਾਹ ਲਿਆ। ਅਹਿਮਦ ਸ਼ਾਹ ਦੇ ਹਮਲਿਆਂ ਦਾ ਬਿਰਤਾਂਤ ਇੱਥੇ ਬੰਦ ਕਰਕੇ ਅਸੀਂ ਹੁਣ ਦੂਜੀ ਗੱਲ ਵੱਲ ਧਿਆਨ ਦੇਂਦੇ ਹਾਂ।

**ਪੰਜਾਬ ਵਿਚ ਹਕੂਮਤਾਂ ਕਿਵੇਂ ਕਾਇਮ ਹੋ ਗਈਆਂ** :—ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਚੱਠਿਆਂ, ਗਖੜਾਂ ਅਤੇ ਖ਼ਾਲਸਾ ਸਰਦਾਰਾਂ ਨੇ ਆਪਣੇ ਲਈ ਕਿਸ ਤਰ੍ਹਾਂ ਛੋਟੀਆਂ ਛੋਟੀਆਂ ਹਕੂਮਤਾਂ ਕਾਇਮ ਕਰ ਲਈਆਂ। ਜੋ ਕੁਝ ਸੀਂ ਉਪਰ ਦੱਸ ਚੁੱਕੇ ਹਾਂ ਉਸ ਤੋਂ ਪਾਠਕ ਅੰਦਾਜ਼ਾ ਲਗਾ ਸਕਦੇ ਹਨ ਕਿ ਅਠਾਰ੍ਹਵੀਂ ਸਦੀ ਦਾ ਪਹਿਲਾ ਅੱਧ ਖ਼ਤਮ ਹੋਣ ਤਕ ਪੰਜਾਬ ਤੇ ਸਰਹੰਦ, ਮੁਲਤਾਨ ਤੇ ਡੇਰਾ ਅਸਮਾਈਲ ਖ਼ਾਂ ਪਿਸ਼ਾਵਰ ਤੇ ਕਸ਼ਮੀਰ ਸਾਰੇ ਸੂਬੇ ਦਿੱਲੀ ਦੀ ਹਕੂਮਤ ਹੇਠੋਂ ਨਿਕਲ ਚੁੱਕੇ ਸਨ। ਅਹਿਮਦਸ਼ਾਹ ਅਬਦਾਲੀ ਨੇ ਇਨ੍ਹਾਂ ਨੂੰ ਆਪਣੀ ਕਾਬਲ ਦੀ ਹਕੂਮਤ ਦਾ ਭਾਗ ਬਣਾ ਲਿਆ ਸੀ। ਇਹ ਸਾਰੀ ਕਾਰਵਾਈ ਕਾਗਜ਼ਾਂ (ਅਹਿਮਦ ਨਾਮਿਆਂ) ਵਿਚ ਦਰਜ ਕਰਨ ਲਈ ਤਾਂ ਠੀਕ ਸੀ ਪਰ ਅਮਲ ਵਿਚ ਲਿਆਉਣ ਲਈ ਇਹ ਵਧੇਰੇ ਮੁਸ਼ਕਲ ਹੋ ਗਈ। ਕਿਉਂਕਿ ਅ.ਬਦਾਲੀ ਆਪ ਤਾਂ ਕਾਬਲ ਰਹਿੰਦਾ ਸੀ, ਉਸ ਦੀ ਗ਼ੈਰ-ਹਾਜ਼ਰੀ ਵਿਚ ਇਨ੍ਹਾਂ ਸੂਬਿਆਂ ਦੇ ਰਾਜ ਪ੍ਰਬੰਧ ਦਾ ਕੋਈ ਇੰਤਜ਼ਾਮ ਨ ਹੋ ਸਕਿਆ। ਜੇ ਮੀਰ ਮਨੂੰ ਜਿਉਂਦਾ ਰਹਿੰਦਾ ਤਾਂ ਸ਼ਾਇਦ ਮੁੜ ਕੇ ਅਮਨ ਕਾਇਮ ਹੋ ਜਾਂਦਾ ਪਰ ਨਵੰਬਰ 1753 ਵਿੱਚ ਉਹ ਕਾਲਵਸ ਹੋ ਗਿਆ ਅਤੇ ਉਸ ਦੀ ਥਾਂ ਪਹਿਲਾਂ ਆਪਣੇ ਦੁੱਧ ਪੀਂਤੇ ਦੋ ਸਾਲਾਂ ਦੇ ਨਿਆਣੇ ਪੁੱਤਰ ਦੇ ਨਾਉਂ ਅਤੇ ਫਿਰ ਸਿੱਧੀ ਆਪਣੇ ਨਾਉਂ ਤੇ ਮੀਰ ਮਨੂੰ ਦੀ ਵਿਧਵਾ ਇਸਤਰੀ ਮੁਗ਼ਲਾਣੀ ਬੇਗਮ ਨੇ ਪੰਜਾਬ ਦੀ ਹਕੂਮਤ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਲਈ। ਅਜੇਹੇ ਮੁਸ਼ਕਲ ਸਮੇਂ ਵਿਚ ਇਕ ਇਸਤਰੀ ਲਈ ਰਾਜ ਦਾ ਪ੍ਰਬੰਧ ਕਰਨਾ ਅਸੰਭਵ ਸੀ। ਮੁਗ਼ਲਾਂ ਦੇ ਸਮੇਂ ਦਾ ਕਾਇਮ ਕੀਤਾ ਹੋਇਆ ਰਾਜ ਪ੍ਰਬੰਧ ਦਾ ਬਕਾਇਦਾ ਢਾਂਚਾ ਤਾਂ ਪਹਿਲਾਂ ਹੀ ਟੁਟ ਚੁੱਕਾ ਸੀ ਫਿਰ ਵੀ ਜੇ ਕੋਈ ਨਿਸ਼ਾਨ ਕਿਸੇ ਗੁਠ ਵਿਚ ਬਾਕੀ ਰਹਿ ਗਿਆ ਸੀ ਸੋ ਉਹ ਵੀ ਹੁਣ ਜਾਂਦਾ ਰਿਹਾ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪੰਜਾਬ ਵਿਚ ਅਰਾਜਿਕਤਾ ਦਾ ਦੌਰ ਦੌਰਾ ਸ਼ੁਰੂ ਹੋ ਗਿਆ। ਸਰਕਾਰ ਵੱਲੋਂ ਕੋਈ ਪੁੱਛ ਪਰਤੀਤ ਨਹੀਂ ਸੀ। ਇਕ ਪਿੰਡ ਦੀ ਦੂਜੇ ਗੁਆਂਢੀ ਪਿੰਡ ਨਾਲ ਅਤੇ ਇਕ ਜੰਗਜੂ ਕਬੀਲੇ ਦੀ ਦੂਜੇ

*Original with:*
Language Department Punjab
*Digitized by:*
Panjab Digital Library

ਜੰਗਜੂ ਕਬੀਲੇ ਨਾਲ ਜੰਗ ਚਲਦੀ ਰਹਿੰਦੀ ਸੀ। 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲਾ ਮਸਲਾ ਬਣ ਰਿਹਾ ਸੀ। ਦੇਸ ਦੇ ਅੰਦਰ ਦੀ ਅਰਾਜਿਕਤਾ ਅਤੇ ਆਏ ਦਿਨ ਅਬ-ਦਾਲੀ ਦੇ ਹਮਲਿਆਂ ਤੇ ਉਸ ਦੇ ਪਠਾਣਾਂ ਦੀ ਸਖ਼ਤੀ ਨੇ ਲੋਕਾਂ ਨੂੰ ਇਸ ਗੱਲ ਤੇ ਮਜਬੂਰ ਕਰ ਦਿੱਤਾ ਕਿ ਉਹ ਆਪਣੀ ਰੱਖਿਆ ਦੇ ਪ੍ਰਬੰਧਾਂ ਦਾ ਆਪ ਜਤਨ ਕਰਨ। ਸੋ ਸ਼ਹਿਰਾਂ, ਕਸਬਿਆਂ ਤੇ ਵੱਡੇ ਵੱਡੇ ਪਿੰਡਾਂ ਵਿਚ ਲੋਕਾਂ ਨੇ ਸੰਗਠਨ ਕਰ ਕੇ ਗੜ੍ਹੀਆਂ ਤੇ ਫਸੀਲਾਂ ਤਿਆਰ ਕਰ ਲਈਆਂ। ਦਿਹਾਤੀ ਇਲਾਕਿਆਂ ਵਿਚ ਜਿੱਥੇ ਫ਼ੌਜੀ ਸਪਿਰਟ ਵਾਲੇ ਲੋਕਾਂ ਦੇ ਪੰਜ ਦਸ ਘਰ ਵੱਸਦੇ ਸਨ, ਉਨ੍ਹਾਂ ਨੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਹਫੜਾ ਦਫੜੀ ਮਚਾਉਣ ਵਾਲਿਆਂ ਵਿਚੋਂ ਇਹੋ ਜੇਹੇ ਲੋਕ ਹੀ ਹਮੇਸ਼ਾ ਮੂਹਰੇ ਹੋਇਆ ਕਰਦੇ ਸਨ। ਜਿਹੜੇ ਇਨ੍ਹਾਂ ਵਿਚ ਜ਼ਿਆਦਾ ਸਿਰਕੱਢ, ਜ਼ਿਆਦਾ ਹੌਂਸਲੇ ਵਾਲਾ, ਜ਼ਿਆਦਾ ਅਕਲ ਤੇ ਵਸੀਲੇ ਵਾਲੇ ਹੁੰਦੇ, ਉਹੋ ਪੰਜ ਦਸ ਸਾਲਾਂ ਵਿਚ ਸਰਦਾਰੀ ਦੇ ਰੁਤਬੇ ਤੇ ਪਹੁੰਚ ਜਾਂਦੇ। ਆਸ ਪਾਸ ਦੇ ਦਿਹਾਤੀਆਂ ਦੀ ਰੱਖਿਆ ਆਪਣੇ ਜ਼ਿਮੇਂ ਲੈ ਕੇ ਉਨ੍ਹਾਂ ਨੂੰ ਆਪਣੀ ਰੱਈਅਤ ਬਣਾ ਲੈਂਦੇ। ਇਸ ਤੋਂ ਇਲਾਵਾ ਛੋਟੀਆਂ ਛੋਟੀਆਂ ਰਿਆਸਤਾਂ ਬਣਾਉਣ ਦਾ ਦੂਜਾ ਤਰੀਕਾ ਜੋ ਚਲ ਰਿਹਾ ਸੀ ਉਹ ਸੀ ਕਬੀਲਿਆਂ ਤੇ ਜਾਤੀਆਂ ਦਾ ਇਕੱਠ ਜਿੱਥੇ ਜਿੱਥੇ ਇਕੋ ਕਬੀਲੇ ਜਾਂ ਇਕੋ ਗੋਤ ਦੇ ਲੋਕ ਆਬਾਦ ਸਨ ਉਨ੍ਹਾਂ ਨੇ ਆਪਣੇ ਮੋਹਰੀ ਸਰਦਾਰਾਂ ਦੇ ਝੰਡੇ ਹੇਠ ਇਕੱਠੇ ਹੋ ਕੇ ਆਲੇ ਦੁਆਲੇ ਦੇ ਇਲਾਕੇ ਉਤੇ ਆਪਣਾ ਅਧਿਕਾਰ ਜਮਾ ਲਿਆ। ਛੋਟੇ ਛੋਟੇ ਕਿਲ੍ਹੇ ਜਾਂ ਗੜ੍ਹੀਆਂ ਤਿਆਰ ਕਰ ਲਈਆਂ। ਨਾਲ ਹੀ ਸਿੱਕਾ ਬਾਰੂਦ ਆਦਿ ਜਮ੍ਹਾਂ ਕਰਕੇ ਆਪਣੀਆਂ ਕੌਮ ਜਾਂ ਕਬੀਲੇ ਲਈ ਰਿਆਸਤਾਂ ਕਾਇਮ ਕਰ ਲਈਆਂ। ਜਿਵੇਂ ਰਾਵਲਪਿੰਡੀ ਦੇ ਆਸ ਪਾਸ ਗੱਖੜ ਕੌਮ ਨੇ, ਜਿਹਲਮ ਦੇ ਪਾਸ ਜੰਜੋਹੇ ਗੋਤ ਵਾਲਿਆਂ ਨੇ, ਝੰਗ ਵਿਚ ਸਿਆਲ ਕੌਮ ਦੇ ਮੁਸਲਮਾਨਾਂ ਨੇ, ਸਾਹੀਵਾਲ ਵਿਚ ਬਲੋਚਾਂ ਨੇ, ਖੁਸ਼ਾਬ ਵਿਚ ਆਵਾਨ ਕੌਮ ਦੇ ਮੁਸਲਮਾਨਾਂ ਨੇ, ਸ਼ਾਹਪੁਰ ਦੀ ਬਾਰ ਵਿਚ ਮਿੱਠੇ ਟਿਵਾਣਾ ਦੇ ਮਲਕਾਂ ਨੇ, ਸ਼ੇਖੂਪੁਰੇ ਦੇ ਇਲਾਕੇ ਵਿਚ ਭੱਟੀ ਕੌਮ ਦੇ ਲੋਕਾਂ ਨੇ ਅਤੇ ਵਜ਼ੀਰਾਬਾਦ ਤੇ ਹਾਫ਼ਜ਼ਾਬਾਦ ਦੀਆਂ ਤਸੀਲਾਂ ਵਿਚ ਚੱਠੇ ਕੌਮ ਦੇ ਮੁਸਲਮਾਨਾਂ ਨੇ ਆਪੋ ਆਪਣੀਆਂ ਰਾਜਧਾਨੀਆਂ ਦੀ ਬੁਨਿਆਦ ਰੱਖ ਲਈ। ਇਸ ਤਰ੍ਹਾਂ ਦਰਿਆ ਅੱਟਕ ਤੋਂ ਜਿਹਲਮ ਤੇ ਜਿਹਲਮ ਤੋਂ ਦਰਿਆ ਚਨਾਬ ਤਕ ਦੇਸ਼ ਦਾ ਵੱਡਾ ਹਿੱਸਾ ਮੁਸਲਮਾਨ ਕਬੀਲਿਆਂ ਦੇ ਦਸ ਪੰਦਰਾਂ ਸਰਦਾਰਾਂ ਨੇ ਆਪਣੇ ਮਾਤ-ਹਿਤ ਕਰ ਲਿਆ ਤੇ ਬਾਅਦ ਵਿਚ ਆਪਣੇ ਆਪ ਨੂੰ ਮਜ਼ਬੂਤ ਬਣਾਂਦੇ ਗਏ। ਮਹਾਰਾਜਾ ਰਣਜੀਤ ਸਿੰਘ ਦੇ ਆਉਣ ਤਕ ਅਰਥਾਤ ਉੱਨ੍ਹੀਵੀਂ ਸਦੀ ਦੇ ਸ਼ੁਰੂ ਹੋਣ ਤਕ ਇਹੋ ਹੀ ਹਾਲ ਰਿਹਾ। ਇਨ੍ਹਾਂ ਮੁਸਲਮਾਨ ਸਰਦਾਰਾਂ ਦਾ ਆਪੋ ਵਿਚ ਸੰਗਠਨ ਨਹੀਂ ਸੀ, ਨਹੀਂ ਤਾਂ ਰਣਜੀਤ ਸਿੰਘ ਲਈ ਇਨ੍ਹਾਂ ਨੂੰ ਜਿੱਤ ਲੈਣਾ ਇੰਨਾਂ ਸੌਖਾ ਨਾ ਹੁੰਦਾ।

**ਚੱਠਿਆਂ ਦਾ ਹਾਲ** :—ਇਸ ਕਵਿਤਾ ਵਿਚ ਚੱਠਿਆਂ ਨਾਲ ਸਾਡਾ ਵਾਸਤਾ ਪੈਣਾ ਹੈ ਇਸ ਲਈ ਇਨ੍ਹਾਂ ਦਾ ਬਿਰਤਾਂਤ ਜ਼ਰਾ ਜ਼ਿਆਦਾ ਵਿਸਤਾਰ ਵਿਚ ਦੇਣਾ ਮੁਨਾਸਬ ਹੈ।

*Original with:*
Language Department Punjab
*Digitized by:*
Panjab Digital Library

ਚੱਠੇ ਇਕ ਅੱਛੀ ਖ਼ਾਸੀ ਲੜਾਕੀ ਤੇ ਜੰਗਜੂ ਕੌਮ ਦੇ ਲੋਕ ਸਨ। ਇਹ ਕਈ ਕਬੀ-ਲਿਆਂ ਤੇ ਘਰਾਣਿਆਂ ਵਿਚ ਵੰਡੇ ਹੋਏ ਸਨ। ਇਹ ਆਪਣਾ ਗੋਤ ਹਿੰਦੂ ਚੁਹਾਨ ਰਾਜਪੂਤਾਂ ਨਾਲ ਮਿਲਾਉਂਦੇ ਹਨ। ਇਨ੍ਹਾਂ ਦੀਆਂ ਖ਼ਾਨਦਾਨੀ ਰਵਾਇਤਾਂ ਅਨੁਸਾਰ ਚੱਠਿਆਂ ਦੇ ਕਈ ਘਰਾਣੇ ਦਿੱਲੀ ਦੇ ਮੁਸਲਮਾਨ ਹਾਕਮਾਂ ਤੋਂ ਤੰਗ ਆ ਕੇ ਪੰਜਾਬ ਚਲੇ ਆਏ ਅਤੇ ਦਰਿਆ ਚਨਾਬ ਦੇ ਕੰਢੇ ਆਪਣੀਆਂ ਬਸਤੀਆਂ ਬਣਾ ਕੇ ਰਹਿਣ ਲਗ ਪਏ। ਅਜਿਹਾਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਨੂੰ ਇਥੇ ਵੀ ਸੁੱਖ ਦਾ ਜੀਵਣ ਬਤੀਤ ਕਰਨਾ ਨਸੀਬ ਨਾ ਹੋਇਆ ਅਤੇ ਦੋ ਤਿੰਨ ਪੁਸ਼ਤਾਂ ਪਿੱਛੋਂ ਇਹ ਇਸਲਾਮ ਧਰਮ ਕਬੂਲ ਕਰਨ ਤੇ ਮਜਬੂਰ ਹੋ ਗਏ। ਮੌਜੂਦਾ ਹਾਫ਼ਜ਼ਾਬਾਦ ਤੇ ਵਜ਼ੀਰਾਬਾਦ ਦੀਆਂ ਦੋਵੇਂ ਤਸੀਲਾਂ (ਅੱਜ ਕਲ੍ਹ ਪਾਕਿਸਤਾਨ ਵਿਚ ਹਨ) ਵਿਚ ਵਧੇਰੇ ਪਿੰਡ ਇਹੋ ਜਿਹੇ ਹਨ ਜਿਹੜੇ ਚੱਠੇ ਸਰਦਾਰਾਂ ਨੇ ਸ਼ੁਰੂ ਵਿਚ ਆਬਾਦ ਕੀਤੇ ਸਨ; ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—

ਮਨਚਰ, ਰਸੂਲ, ਨਗਰ, ਪਿੰਡ ਵਰੀ, ਨਦਾਲਾ, ਅਲੀਪੁਰ (ਅਕਾਲਗੜ੍ਹ) ਕੋਟ ਮੀਆਂ ਖ਼ਾਂ, ਫ਼ਤਿਹ ਪੁਰ ਤੇ ਵਜ਼ੀਰਾਬਾਦ।

ਚੱਠਾ ਕੌਮ ਦਾ ਮੋਢੀ ਸਰਦਾਰ, ਜਿਸ ਨੇ ਆਪਣੇ ਲਈ ਇਤਿਹਾਸ ਵਿਚ ਨਾਂ ਪੈਦਾ ਕੀਤਾ, ਨੂਰ ਮੁਹੰਮਦ ਸੀ। ਸਿੱਖ ਇਤਿਹਾਸਕਾਰ ਮੁਨਸ਼ੀ ਸੋਹਨ ਲਾਲ ਨੇ ਆਪਣੀ ਕਿਤਾਬ 'ਅਮਦਾਤ-ਅਲ-ਤਵਾਰੀਖ਼' ਵਿਚ ਇਸ ਨੂੰ 'ਨੂਰਾ ਚੱਠਾ' ਕਰਕੇ ਲਿਖਿਆ ਹੈ। ਸਰ ਲੇਪਲ ਗਰਿਫ਼ਿਨ ਨੂਰ ਮੁਹੰਮਦ ਦੇ ਜਨਮ ਦਾ ਸਾਲ 1704 ਈ: ਲਿਖਦਾ ਹੈ। ਜਿਉਂ ਜਿਉਂ ਉਹ ਉੱਮਰ ਵਿਚ ਵੱਡਾ ਹੁੰਦਾ ਗਿਆ, ਉਸ ਨੇ ਸੈਦ ਨਗਰ ਦੇ ਰਹਿਣ ਵਾਲੇ ਸਈਯਦਾਂ ਦੇ ਖ਼ਾਨਦਾਨ ਨਾਲ ਅੱਛਾ ਮੇਲਜੋਲ ਪੈਦਾ ਕਰ ਲਿਆ ਅਤੇ ਉਨ੍ਹਾਂ ਵੱਲੋਂ ਗਵਰਨਰ ਲਾਹੌਰ ਦੇ ਦਰਬਾਰ ਵਿਚ ਆਇਆ ਜਾਇਆ ਕਰਦਾ ਸੀ। ਇਸ ਲਈ ਇਹ ਦਰਬਾਰੀ ਹਰ ਰੀਤੀ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਗਿਆ, ਜਿਸ ਦਾ ਲਾਭ ਇਸ ਨੂੰ ਪਿੱਛੋਂ ਜਾ ਕੇ ਮਿਲਿਆ। ਜਦ ਨੂਰ ਮੁਹੰਮਦ ਭਰ ਜੁਆਨੀ ਵਿਚ ਸੀ, ਨਾਦਰਸ਼ਾਹ ਦਾ ਹਮਲਾ ਦਿੱਲੀ ਤੇ ਹੋਇਆ ਜਿਸ ਕਾਰਣ ਪੰਜਾਬ ਦਾ ਰਾਜ ਪ੍ਰਬੰਧ ਡਿੱਗਣ ਲਗ ਪਿਆ ਅਤੇ ਫਿਰ ਬੜੀ ਤੇਜ਼ੀ ਨਾਲ ਵਿਗੜਦਾ ਹੀ ਗਿਆ। ਨੂਰ ਮੁਹੰਮਦ ਨੇ ਇਸ ਤੋਂ ਪੂਰਾ ਲਾਭ ਉਠਾਇਆ। ਪਹਿਲਾ ਹੱਥ ਤਾਂ ਉਸ ਨੇ ਸਈਯਦਾਂ ਦੇ ਇਲਾਕੇ ਉਤੇ ਹੀ ਮਾਰਿਆ। ਉਨ੍ਹਾਂ ਦੇ ਡੇਰੇ ਸਈਯਦ ਸੈਦ ਨਗਰ ਦੇ ਪਾਸ ਤਿੰਨ ਚਾਰ ਮੀਲ ਦੇ ਫ਼ਾਸਲੇ ਤੇ ਆਪਣੇ ਲਈ ਇਕ ਛੋਟਾ ਜਿਹਾ ਕਿਲ੍ਹਾ ਤੇ ਫ਼ਸੀਲ ਵੀ ਬਣਾ ਲਈ ਤੇ ਉਸ ਨੂੰ ਚੰਗੀ ਤਰ੍ਹਾਂ ਸੁਰੱਖਿਅਤ ਕਰ ਲਿਆ; ਤੇ ਉਸ ਦਾ ਨਾਂ ਆਪਣੇ ਨਾਂ ਤੇ 'ਕੋਟ ਨੂਰ ਮੁਹੰਮਦ' ਰਖ ਲਿਆ ਕੇ ਲੱਗਾ ਉਥੇ ਸਵਾਧੀਨਤਾ ਨਾਲ ਰਾਜ ਕਰਨ। ਇਸ ਦੇ ਪੁਤਰ ਪੀਰ ਮੁਹੰਮਦ ਨੇ ਆਪਣੇ ਸਮੇਂ ਵਿਚ ਇਸ ਕੋਟ ਨੂੰ ਹੋਰ ਵੀ ਰੌਣਕੀਲਾ ਬਣਾ ਦਿੱਤਾ। ਸਈਯਦਾਂ ਦੇ ਘਰਾਣੇ ਵਿਚ ਪੈਗੰਬਰ ਮੁਹੰਮਦ ਸਾਹਿਬ ਦੇ ਜੋ ਤਬੱਰਕਾਤ (Relics) ਇਕੱਠੇ ਕੀਤੇ ਹੋਏ ਸਨ। ਇਨ੍ਹਾਂ ਨੂੰ ਸੈਦ ਨਗਰ ਤੋਂ ਲਿਆ ਕੇ ਆਪਣੇ ਤੋਸ਼ੇ ਖ਼ਾਨੇ ਵਿਚ ਰੱਖ ਲਿਆ, ਨਾਲ ਹੀ ਉਸ ਕੋਟ ਦਾ ਨਾਂ ਬਦਲ ਕੇ ਮੁਹੰਮਦ ਸਾਹਿਬ ਦੇ ਨਾਂ ਤੇ ਰਸੂਲ ਨਗਰ ਰੱਖ ਦਿੱਤਾ। ਮੁਤਬੱਰਕ ਤਬੱਰਕਾਤ ਜਮ੍ਹਾਂ ਕਰਕੇ ਤੇ ਰਸੂਲ ਇਸਲਾਮ

*Original with:*
Language Department Punjab
*Digitized by:*
Panjab Digital Library

ਦੇ ਨਾਂ ਨਾਲ ਆਪਣੇ ਹੈਡਕੁਆਰਟਰ ਨੂੰ ਮੌਸੂਮ ਕਰਕੇ ਪੀਰ ਮੁਹੰਮਦ ਨੇ ਇਸ ਨੂੰ ਮੁਸਲਮਾਨਾਂ ਲਈ ਇਕ ਪ੍ਰਕਾਰ ਦਾ ਤੀਰਥ ਸਥਾਨ ਬਣਾ ਲਿਆ ਤਾਂ ਜੋ ਸਭ ਮੁਸਲਮਾਨਾਂ ਦੀ ਹਮਦਰਦੀ ਇਸ ਦੇ ਘਰਾਣੇ ਨਾਲ ਵੱਧ ਜਾਵੇ । ਇਸੇ ਵਲ ਇਸ਼ਾਰਾ ਕਰਕੇ ਸ਼ਾਇਦ ਕਵੀ ਪੀਰ ਮੁਹੰਮਦ ਚੜ੍ਹਤ ਸਿੰਘ ਪਾਸੋਂ ਚੱਠੇ ਸਰਦਾਰ ਨੂੰ ਇਹ ਸ਼ਬਦ ਅਖਵਾਉਂਦਾ ਵੀ ਹੈ, "ਮੁਲਕ ਆਹਾ ਇਹ ਖ਼ਾਲਸਾ, ਤੁਧ ਕੀਤਾ ਮੱਕਾ" ਨੂਰ ਮੁਹੰਮਦ ਦੇ ਦੋ ਪੁਤਰ ਸਨ : ਪੀਰ ਮੁਹੰਮਦ ਅਤੇ ਅਹਿਮਦ ਖ਼ਾਂ । ਪਿਉ ਦੇ ਜਿਉਂਦਿਆਂ ਵੀ ਚੰਗੇ ਗਭਰੂ ਸਨ ਅਤੇ ਜੰਗ ਵਿਚ ਉਸ ਦਾ ਹੱਥ ਵਟਾਉਂਦੇ ਸਨ । ਇਸ ਤਰ੍ਹਾਂ ਇਨ੍ਹਾਂ ਤਿੰਨਾਂ ਨੇ ਮਿਲ ਕੇ ਸਾਰੀ ਰਿਆਸਤ ਨੂੰ ਖ਼ੂਬ ਫਰੋਗ਼ ਦਿੱਤਾ ਅਤੇ ਚਨਾਬ ਦਰਿਆ ਦੇ ਦੋਵੇਂ ਪਾਸੇ ਅਰਥਾਤ ਮੌਜੂਦਾ ਜ਼ਿਲ੍ਹਾ ਗੁਜਰਾਂਵਾਲਾ ਤੇ ਜ਼ਿਲ੍ਹਾ ਗੁਜਰਾਤ ਵਿਚ ਆਪਣਾ ਦਬਦਬਾ ਜਮਾ ਲਿਆ । ਇਥੋਂ ਤੱਕ ਕਿ ਜਮੂੰ ਦੇ ਰਾਜਾ ਰਣਜੀਤ ਦੇਵ ਤੇ ਮੁਲਤਾਨ ਦੇ ਪਠਾਣ ਸੂਬੇਦਾਰ ਵੀ ਚੱਠਿਆਂ ਦੀ ਮਿੱਤਰਤਾ ਦੇ ਚਾਹਵਾਨ ਹੋ ਗਏ । ਅਜਿਹਾ ਪ੍ਰਤੀਤ ਹੁੰਦਾ ਹੈ ਕਿ ਲਾਹੌਰ ਦੇ ਇਸ ਕਦਰ ਨੇੜੇ ਨੂਰ ਮੁਹੰਮਦ ਦੀ ਵੱਧਦੀ ਹੋਈ ਤਾਕਤ ਨੇ ਗਵਰਨਰ ਪੰਜਾਬ ਦੇ ਦਿਲ ਵਿਚ ਵੀ ਕੁਝ ਖ਼ਦਸ਼ਾ ਉਤਪੰਨ ਕਰ ਦਿੱਤਾ । ਇਸ ਲਈ ਮੀਰ ਮੁਈਨ-ਉਲ-ਮੁਲਕ ਨੇ ਸੰਨ 1751—52 ਵਿਚ ਚੱਠਿਆਂ ਦੇ ਕਿਲ੍ਹੇ ਮੰਚਰ ਨੂੰ ਆ ਘੇਰਿਆ । ਪਰ ਇਸ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ । ਫਿਰ ਜਦੋਂ ਥੋੜੇ ਚਿੱਰ ਪਿੱਛੋਂ ਅਹਿਮਦ ਸ਼ਾਹ ਅਬਦਾਲੀ ਆਪ ਪੰਜਾਬ ਆਇਆ ਅਤੇ ਮੀਰ ਮੁਈਨ ਨੇ ਇਸ ਨੂੰ ਇਸ ਖ਼ਤਰੇ ਦੀ ਨਿਸਬਤ ਅਗਾਹੀ ਕੀਤੀ, ਉਸ ਨੇ ਗਵਰਨਰ ਮਨੂੰ ਨੂੰ ਸਮਝਾਇਆ ਕਿ ਨੂਰ ਮੁਹੰਮਦ ਨੂੰ ਆਪਣੀ ਥਾਂ ਤੇ ਕਾਇਮ ਰਹਿਣ ਦੇਣਾ ਹੀ ਠੀਕ ਰਹੇਗਾ, ਕਿਉਂ ਜੋ ਉਹ ਭੰਗੀ ਤੇ ਸੁਕਰਚਕੀਏ ਖ਼ਾਲਸਾ ਸਰਦਾਰਾਂ ਦੇ ਮੁਕਾਬਲੇ ਤੇ ਇਕ ਪ੍ਰਕਾਰ ਦੇ ਪਾਸਕੂ ਦਾ ਕੰਮ ਦੇਵੇਗਾ । ਚੱਠਿਆਂ ਦੇ ਕਿਲ੍ਹੇ, ਕੱਸਬੇ, ਫ਼ਸੀਲਾਂ ਅਤੇ ਉੱਚੀਆਂ ਉੱਚੀਆਂ ਦੀਵਾਰਾਂ ਨਾਲ ਚੰਗੇ ਸੁਰੱਖਿਅਤ ਸਨ । ਭਾਵ ਸਾਰੇ ਹੀ ਕਿਲ੍ਹੇ, ਰਸੂਲ ਨਗਰ, ਮੰਚਰ, ਅਹਿਮਦ ਪੁਰ, ਅਲੀਪੁਰ ਆਦਿ ਹੈ ਤਾਂ ਸਨ ਮਿੱਟੀ ਦੇ ਹੀ ਬਣੇ ਹੋਏ ਪਰ ਸਨ ਬੜੇ ਮਜ਼ਬੂਤ; ਅਤੇ ਇਸ ਸਮੇਂ ਦੀ ਮਾਮੂਲੀ ਜਿਹੀ ਆਰਟਿਲਰੀ (ਹੱਲਕੀ ਫੁਲਕੀ ਸ਼ੁਤਰੀ ਤੋਪਾਂ) ਦਾ ਪੂਰੀ ਤਰ੍ਹਾਂ ਸਾਹਮਣਾ ਕਰ ਸਕਦੇ ਸਨ ।

ਜਿਤਨਾ ਚਿਰ ਨੂਰ ਮੁਹੰਮਦ ਜਿਊਂਦਾ ਰਿਹਾ ਉਸ ਦਾ ਚੜ੍ਹਤ ਸਿੰਘ ਨਾਲ ਵੈਰ ਵਿਰੋਧ ਲੱਗਾ ਹੀ ਰਿਹਾ । ਕਈ ਵੇਰ ਇਕ ਦੂਜੇ ਨਾਲ ਇਨ੍ਹਾਂ ਦੇ ਯੁੱਧ ਵੀ ਹੋਏ ਪਰ ਸਮੁੱਚੇ ਤੌਰ ਤੇ ਇਹ ਦੋਵੇ ਸਾਂਵੇਂ-ਸਿੱਟੇ ਹੀ ਰਹੇ । ਬਲਕਿ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਚੱਠਿਆਂ ਦਾ ਪਲੜਾ ਕੁਝ ਭਾਰਾ ਹੀ ਰਿਹਾ । ਦੋ ਵੇਰ ਤਾਂ ਇਹ ਲੋਕ ਮੌਕਾ ਪਾ ਕੇ ਚੜ੍ਹਤ ਸਿੰਘ ਦੇ ਕੱਬਜ਼ੇ ਵਿਚੋਂ ਗੁਜਰਾਂਵਾਲਿਓਂ ਅਹਿਮਦ ਸ਼ਾਹ ਅਬਦਾਲੀ ਵਾਲੀ ਵੱਡੀ

*Original with:*
Language Department Punjab
*Digitized by:*
Panjab Digital Library

ਤੋਪ[1] ਖੋਹ ਕੇ ਲੈ ਆਏ ਅਤੇ ਲਿਆ ਕੇ ਆਪਣੀ ਰਿਆਸਤ ਦੇ ਕਿਲ੍ਹੇ ਅਹਿਮਦ ਨਗਰ ਵਿਚ ਰੱਖ ਲਈ। ਫਿਰ ਕਿਲ੍ਹਾ ਮੰਚਰ ਤੇ ਕੁਝ ਚਿਰ ਪਿੱਛੋਂ ਕਿਲ੍ਹਾ ਰਸੂਲ ਨਗਰ ਵਿਚ ਰੱਖ ਲਈ। ਚੱਠਿਆਂ ਪਾਸੋਂ ਮੁੜ ਕੇ ਆਪਣੀ ਜ਼ਿੰਦਗੀ ਵਿਚ ਚੜ੍ਹਤ ਸਿੰਘ ਇਸ ਤੋਪ ਨੂੰ ਵਾਪਸ ਨਾ ਲੈ ਸਕਿਆ। ਸ਼ਾਇਦ ਇਹ ਗੱਲ ਦੱਸਣ ਲਈ ਕਵੀ ਨੇ ਇਹ ਸ਼ਬਦ ਲਿਖੇ ਹਨ :—

ਪਰ ਚੜ੍ਹਤ ਸਿੰਘ ਸੀ 'ਸੂਰਮਾਂ, ਉਹ ਆਹਾ ਪੱਕਾ।
ਉਹ ਡਰਦਾ ਮੂਲ ਨਾ ਉਧਰੇ, ਮਤ ਰਹੇ ਨਾ ਫੱਕਾ।
ਜੋ ਜੱਟ ਭਲੇਰਾ ਰੱਜਿਆ, ਮਤ ਕਰੇ ਪਿਛੱਦਾ।
ਪਰ ਮੋਇਆ ਇਸ ਆਰਜ਼ੂ ਵਿਚ, ਨ ਹੋਇਆ ਹੱਕਾ।

ਚੜ੍ਹਤ ਸਿੰਘ ਦੇ ਮਗਰੋਂ ਮਹਾਂ ਸਿੰਘ ਅਤੇ ਨੂਰ ਮੁਹੰਮਦ ਦੇ ਪਿੱਛੋਂ ਪੀਰ ਮੁਹੰਮਦ ਨੇ ਇਹ ਖ਼ਾਨਦਾਨੀ ਜੰਗ ਵਿਰਸੇ ਵਿਚ ਲਈ। ਦੋਵੇਂ ਧਿਰਾਂ, ਜਦੋਂ ਵੀ ਇਨ੍ਹਾਂ ਨੂੰ ਮੌਕਾ ਮਿਲੇ,

1. ਇਹ ਵੱਡੀ ਤੋਪ ਓਹੀ ਤੋਪ ਸੀ ਜਿਸ ਨੂੰ ਆਮ ਕਰਕੇ "ਭੰਗੀਆਂ ਵਾਲੀ ਤੋਪ" ਕਿਹਾ ਜਾਂਦਾ ਹੈ। ਇਹ ਅਹਿਮਦ ਸ਼ਾਹ ਅਬਦਾਲੀ ਨੇ ਸੰਨ 1761 ਵਿਚ ਲਾਹੌਰ ਵਿਖੇ ਢਲਵਾਈ ਸੀ। ਕਹਿੰਦੇ ਨੇ ਕਿ ਲਾਹੌਰ ਦੇ ਹਰ ਇਕ ਹਿੰਦੂ ਘਰਾਣੇ ਪਾਸੋਂ ਇਕ ਧਾਤ ਦਾ ਭਾਂਡਾ ਇਕੱਠਾ ਕੀਤਾ ਗਿਆ ਸੀ। ਉਸ ਸਾਰੇ ਪਿਤਲ, ਕਾਂਸੀ ਤੇ ਤਾਂਬੇ ਨੂੰ ਗਾਲ ਕੇ ਦੋ ਤੋਪਾਂ ਤਿਆਰ ਹੋਈਆਂ ਸਨ। ਜਿਨ੍ਹਾਂ ਵਿਚੋਂ ਇਕ ਇਹ ਸੀ। ਇਸ ਦਾ ਫ਼ਾਰਸੀ ਨਾਂ 'ਜ਼ਮਜ਼ਮਾ' ਹੈ। ਇਸ ਵਿਚ ਪੱਕਾ ਚਾਲ੍ਹੀ ਸੇਰ ਦਾ ਗੋਲਾ ਪੈਂਦਾ ਹੈ। ਜਦੋਂ ਲਾਹੌਰ ਖ਼ਾਲਸਾ ਭੰਗੀ ਸਰਦਾਰਾਂ ਦੇ ਕਬਜ਼ੇ ਵਿਚ ਆਇਆ ਤਾਂ ਇਹ ਤੋਪ ਵੀ ਇਨ੍ਹਾਂ ਦੇ ਹੱਥ ਆ ਗਈ। ਪਰ ਸ਼ਹਿਰ ਦੀ ਵੰਡ ਅਤੇ ਲੁੱਟ ਮਾਰ ਦੀ ਤਕਸੀਮ ਵਿਚ ਇਹ ਤੋਪ ਚੜ੍ਹਤ ਸਿੰਘ ਦੇ ਹਿੱਸੇ ਆਈ ਅਤੇ ਇਸ ਨੂੰ ਉਹ ਗੁਜਰਾਂ ਵਾਲੇ ਲੈ ਆਇਆ। ਸੋਹਨ ਲਾਲ ਦੀ ਲਿਖਤ ਮੁਤਾਬਕ ਚੜ੍ਹਤ ਸਿੰਘ ਅਹਿਮਦ ਖ਼ਾਂ ਪਾਸ ਤੋਪ ਇਮਾਨਤ ਦੇ ਤੌਰ ਤੇ ਰੱਖ ਗਿਆ ਸੀ। ਜਦੋਂ ਸੰਨ 1765—66 ਵਿਚ ਉਹ ਗੁਜਰਾਂ ਵਾਲਿਓਂ ਬਾਹਰ ਚੜ੍ਹਾਈ ਨੂੰ ਗਿਆ, ਪਿੱਛੋਂ ਅਹਿਮਦ ਖ਼ਾਂ ਦਾ ਮਨ ਬਦਲ ਗਿਆ ਅਤੇ ਉਸ ਨੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਅਹਿਮਦ ਖ਼ਾਂ ਦੇ ਭਰਾ ਪੀਰਮੁਹੰਮਦ ਦਾ ਵੀ ਦਿਲ ਲਲਚਾਇਆ ਤੇ ਉਸਨੇ ਪਿਓ ਦਾ ਵੱਡਾ ਪੁੱਤਰ ਹੋਣ ਕਾਰਣ ਇਹ ਮੰਗ ਕੀਤੀ ਕਿ ਤੋਪ ਗੁਜਰਾਂਵਾਲੇ ਤੋਂ ਲਿਆ ਕੇ ਰਸੂਲ ਨਗਰ, ਉਸ ਦੇ ਪਾਸ, ਹੋਣੀ ਚਾਹੀਦੀ ਹੈ ਨਾ ਕਿ ਅਹਿਮਦ ਨਗਰ ਦੇ ਕਿਲ੍ਹੇ ਵਿਚ। ਇਸ ਕਰ ਕੇ ਦੋਹਾਂ ਭਰਾਵਾਂ ਦੀ ਲੜਾਈ ਤਕ ਨੌਬਤ ਆ ਗਈ। ਉਸ ਘਰੇਲੂ ਲੜਾਈ ਵਿਚ ਪੀਰ ਮੁਹੰਮਦ ਦਾ ਇਕ ਪੁੱਤਰ ਅਤੇ ਅਹਿਮਦ ਖ਼ਾਂ ਦੇ ਦੋ ਲੜਕੇ ਮਾਰੇ ਗਏ। ਪੀਰ ਮੁਹੰਮਦ ਨੇ ਭੰਗੀ ਸਰਦਾਰ ਗੁੱਜਰ ਸਿੰਘ ਨੂੰ ਆਪਣਾ ਹਮਾਇਤ ਲਈ ਸੱਦ ਘੱਲਿਆ। ਪਰ ਗੁਜਰ ਸਿੰਘ ਇਸ ਸਹਾਇਤਾ ਬਦਲੇ ਝਗੜੇ ਵਾਲੀ ਤੋਪ ਨੂੰ ਆਪਣੇ ਨਾਲ ਗੁਜਰਾਤ ਲੈ ਆਇਆ। ਦੋਵੇਂ ਭਰਾ ਚੱਠੇ ਮੂੰਹ ਵੇਖਦੇ ਰਹਿ ਗਏ। ਕੁਝ ਅਰਸਾ ਪਿੱਛੋਂ ਜਦੋਂ ਗੁੱਜਰ ਸਿੰਘ ਅਤੇ ਚੜ੍ਹਤ ਸਿੰਘ ਦਾ ਆਪੋ ਵਿਚ ਯੁੱਧ ਹੋ ਪਿਆ, ਭੰਗੀ ਸਰਦਾਰ ਉਸ ਵੱਡੀ ਤੋਪ ਨੂੰ ਮੈਦਾਨੇ-ਜੰਗ ਵਿਚ ਲੈ ਆਇਆ ਪਰ ਮੰਦੇ ਭਾਗਾਂ ਨੂੰ ਉਹ ਲੜਾਈ ਹਾਰ ਗਿਆ। ਚੜ੍ਹਤ ਸਿੰਘ ਨੇ ਸਭ ਤੋਂ ਪਹਿਲਾਂ ਇਸ ਤੋਪ ਤੇ ਕਬਜ਼ਾ ਕੀਤਾ ਤੇ ਗੁਜਰਾਂਵਾਲੇ ਲੈ ਆਇਆ। ਪਰ ਮਰਨ ਤੋਂ ਥੋੜਾ ਚਿਰ ਪਹਿਲਾਂ ਸੰਨ 1772 ਵਿਚ ਚੜ੍ਹਤ ਸਿੰਘ ਚੱਠਿਆਂ ਪਾਸੋਂ ਫਿਰ ਇਹ ਤੋਪ ਖੁਹਾ ਬੈਠਾ। ਪਰ ਚੱਠੇ ਵੀ ਬਹੁਤੀ ਦੇਰ ਲਈ ਇਸ ਨੂੰ ਆਪਣੇ ਕੱਬਜ਼ੇ ਵਿਚ ਨਾ ਰੱਖ ਸਕੇ। ਝੰਡਾ ਸਿੰਘ ਭੰਗੀ ਨੇ ਮੁਲਤਾਨ ਨੂੰ ਜਿਤਣ ਤੋਂ ਬਾਅਦ ਵਾਪਸ ਮੁੜਦਿਆਂ ਇਹ ਤੋਪ ਚੱਠਿਆਂ ਤੋਂ ਖੋਹ ਕੇ ਆਪਣੇ ਕੱਬਜ਼ੇ ਵਿਚ ਲੈ ਲਈ ਤੇ ਇਸ ਨੂੰ ਅੰਮ੍ਰਿਤਸਰ ਲੈ ਆਇਆ ਤੇ ਇਹ ਉਦੋਂ ਤਕ ਇਥੇ ਹੀ ਪਈ ਰਹੀ ਜਦੋਂ ਤਕ ਰਣਜੀਤ ਸਿੰਘ ਨੇ ਸੰਨ 1802 ਵਿਚ ਭੰਗੀ ਸਰਦਾਰਾਂ ਦੇ ਆਖ਼ਰੀ ਸਰਦਾਰਾਂ ਨੂੰ ਆਪਣੇ ਅਧੀਨ ਨਾ ਕਰ ਲਿਆ।

ਐਲ. ਸੀ. ਪੀ. 382.

Original with:
Language Department Punjab
Digitized by:
Panjab Digital Library

ਲੜਾਈ ਵਿਚ ਜੁਟ ਪੈਂਦੀਆਂ, ਸਗੋਂ ਇਹ ਈਰਖਾ ਇਥੋਂ ਤਕ ਵਧ ਚੁਕੀ ਸੀ ਕਿ ਮੌਕਾ ਮਿਲਣ ਤੇ ਪੀਰ ਮੁਹੰਮਦ ਮਹਾਂ ਸਿੰਘ ਦੇ ਵੈਰੀ ਸਿੱਖ ਸਰਦਾਰਾਂ ਨਾਲ ਵੀ ਜਾ ਮਿਲਦਾ ਸੀ। ਸੰਨ 1775 ਵਿਚ ਜਦੋਂ ਜੈ ਸਿੰਘ ਕਨ੍ਹੀਏ ਪਾਸੋਂ ਆਪਣੇ ਭਰਾ ਝੰਡਾ ਸਿੰਘ ਭੰਗੀ ਦੇ ਕੱਤਲ ਦਾ ਬਦਲਾ ਲੈਣ ਲਈ ਸ: ਗੰਡਾ ਸਿੰਘ ਨੇ ਗੁੱਜਰ ਸਿਘ ਤੇ ਝੰਡਾ ਸਿੰਘ ਭੰਗੀ, ਭਾਗ ਸਿੰਘ ਚਮਿਆਰੀ ਵਾਲੇ, ਜੱਸਾ ਸਿੰਘ ਰਾਮਗੜ੍ਹੀਆ ਅਤੇ ਰਣਜੀਤ ਦੇਵ ਜਮੂੰ ਵਾਲੇ ਨੂੰ ਆਪਣੀ ਸਹਾਇਤਾ ਲਈ ਸਦ ਘਲਿਆ ਕਿ ਉਹ ਸਾਰੇ ਮਿਲ ਕੇ ਕਨ੍ਹੀਏ, ਆਹਲੂਵਾਲੀਏ ਅਤੇ ਸ਼ੁੱਕਰ-ਚੱਕੀਏ ਸਰਦਾਰਾਂ ਦੀ ਸੰਗਠਤ ਫ਼ੌਜ ਤੇ ਧਾਵਾ ਬੋਲ ਦੇਣ, ਇਸ ਮੌਕੇ ਨੂੰ ਨਾਦਰ ਮੌਕਾ ਦੇਖ ਕੇ ਪੀਰ ਮੁਹੰਮਦ ਚੱਠਾ ਜੋ ਬਾਪ ਦੀ ਥਾਂ ਕੌਮ ਦਾ ਸਰਕਰਦਾ ਸੀ, ਵੀ ਮਹਾਂ ਸਿੰਘ ਸੁਕਰ ਚੱਕੀਏ ਪਾਸੋਂ ਬਦਲਾ ਲੈਣ ਦੀ ਨੀਯਤ ਨਾਲ ਇਨ੍ਹਾਂ (ਗੰਡਾ ਸਿੰਘ ਭੰਗੀ) ਦੇ ਨਾਲ ਜਾ ਮਿਲਿਆ ਅਤੇ ਖ਼ਾਲਸੇ ਦੇ ਘਰੇਲੂ ਜੰਗ ਵਿਚ ਚੱਠਿਆਂ ਵੀ ਹਿੱਸਾ ਲਿਆ। ਮਹਾਂ ਸਿੰਘ ਨੂੰ ਇਸ ਗੱਲ ਤੋਂ ਚਿੜ੍ਹ ਚੜ੍ਹਨੀ ਸੁਭਾਵਕ ਸੀ। ਹੁਣ ਉਹ ਪੀਰ ਮੁਹੰਮਦ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਦੇ ਮੌਕੇ ਦੀ ਭਾਲ ਵਿਚ ਸੀ ਪਰ ਪੀਰ ਮੁਹੰਮਦ ਜਲਦੀ ਹੀ ਮਰ ਗਿਆ ਅਤੇ ਉਸ ਦੀ ਥਾਂ ਉਸ ਦੇ ਬੇਟੇ ਗ਼ੁਲਾਮ ਮੁਹੰਮਦ ਨੇ ਲੈ ਲਈ। ਮਹਾਂ ਸਿੰਘ ਨੂੰ ਇਹ ਮੌਕਾ ਮਿਲਿਆ, ਉਸ ਨੇ ਆਪਣੇ ਆਪ ਨੂੰ ਇਸ ਇਲਾਕੇ (ਗੁਜਰਾਂਵਾਲੇ) ਦਾ ਵੱਡ-ਸਾਹਿਬ ਤਸੱਵਰ ਕਰਕੇ ਗ਼ੁਲਾਮ ਮੁਹੰਮਦ ਪਾਸੋਂ ਗੱਦੀ-ਨਸ਼ੀਨੀ ਦਾ ਨਜ਼ਰਾਨਾ ਤਲਬ ਕੀਤਾ। ਭਲਾ ਗ਼ੁਲਾਮ ਮੁਹੰਮਦ ਇਸ ਨੂੰ ਅਧਿਰਾਜ ਮੰਨਣ ਲਈ ਕਦੋਂ ਤਿਆਰ ਸੀ! ਸੋ ਦੋਵਾਂ ਵਿਚਕਾਰ ਜੰਗ ਛਿੜ ਗਈ। ਮਹਾਂ ਸਿੰਘ ਨੇ ਪਹਿਲਾਂ ਸੈਦ ਨਗਰ ਉਪਰ, ਫਿਰ ਕੋਟ ਕਲੀਆਂ ਵਾਲੇ 'ਤੇ ਅਤੇ ਸਭ ਤੋਂ ਪਿੱਛੋਂ ਕਿਲ੍ਹਾ ਮੰਚਰ ਉਤੇ ਹੱਮਲਾ ਕੀਤਾ। ਇਹ ਜੰਗ ਸੰਨ 1773 ਤੋਂ ਲੈ ਕੇ ਸੰਨ 1790 ਤਕ ਚਲਦਾ ਰਿਹਾ। ਅੰਤ ਵਿਚ ਫ਼ਤਿਹ ਮਹਾਂ ਸਿੰਘ ਦੀ ਹੋਈ ਅਤੇ ਗ਼ੁਲਾਮ ਮੁਹੰਮਦ ਨੂੰ ਆਪਣਾ ਸਾਰਾ ਮੌਰੂਸੀ ਮੁਲਕ ਛੱਡਣਾ ਪਿਆ। ਪਰ ਚੱਠਿਆਂ ਨੇ ਡੱਟ ਕੇ ਮੁਕਾਬਲਾ ਕੀਤਾ ਜਿਸ ਕਾਰਣ ਇਕ ਅੱਧੀ ਵੇਰ ਮਹਾਂ ਸਿੰਘ ਜੰਗੀ ਹੱਥਿਆਰਾਂ ਨੂੰ ਛੱਡ ਕੇ ਰਾਜਨੀਤੀ ਦੇ ਹਥਿਆਰਾਂ ਨੂੰ ਵਰਤਾਣ ਤੇ ਮਜਬੂਰ ਹੋ ਗਿਆ। ਇਨ੍ਹਾਂ ਤਿੰਨਾਂ ਲੜਾਈਆਂ ਦਾ ਵਿਸਤਾਰ ਪੂਰਵਕ ਹਾਲ ਪਾਠਕਾਂ ਨੂੰ ਮਹਾਂ ਸਿੰਘ ਦੇ ਸਬੰਧ ਵਿਚ ਅਗਲੇ ਪੰਨਿਆਂ ਤੇ ਮਿਲੇਗਾ।

**ਸਿੱਖ ਗੁਰੂ ਸਾਹਿਬਾਨ ਦਾ ਹਾਲ** :—ਜਿਨ੍ਹੀਂ ਦਿਨ੍ਹੀਂ ਸੰਨ 1526—30 ਵਿਚ ਬਾਬਰ ਨੇ ਮੁਗ਼ਲ ਰਾਜ ਘਰਾਣੇ ਦੀ ਨੀਂਹ ਦਿੱਲੀ ਵਿਚ ਰੱਖੀ ਸੀ। ਲੱਗ ਭੱਗ ਇਸੇ ਸਮੇਂ ਗੁਰੂ ਨਾਨਕ ਦੇਵ ਜੀ ਫਿਰ ਫਿਰਾ ਕੇ ਪ੍ਰਚਾਰ ਕਰਨ ਦਾ ਕੰਮ ਮੁਕਾ ਕੇ ਸਿੱਖ ਧਰਮ ਲਈ ਸ੍ਰੀ ਕਰਤਾਰ ਪੁਰ ਵਿਚ ਇਕ ਕੇਂਦਰੀ ਅਸਥਾਨ ਸਥਾਪਤ ਕਰ ਰਹੇ ਸਨ। ਬਾਬਰ ਦੇ ਹੱਮਲਿਆਂ ਬਾਰੇ ਗੁਰੂ ਨਾਨਕ ਦੇਵ ਜੀ ਦੇ ਦੋ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਜਨਮ ਸਾਖੀਆਂ ਅਤੇ ਰਵਾਇਤਾਂ ਤੋਂ ਪਤਾ ਲਗਦਾ ਹੈ ਕਿ ਬਾਬਰ ਤੇ ਗੁਰੂ ਸਾਹਿਬ ਦੀ ਆਪੋ ਵਿਚ ਮੁਲਾਕਾਤ ਵੀ ਹੋਈ ਸੀ। ਇਕ ਰਵਾਇਤ ਤਾਂ ਇਥੋਂ ਤਕ ਜਾਂਦੀ ਹੈ ਕਿ ਮੁਲਾਕਾਤ ਦੇ ਸਮੇਂ ਗੁਰੂ ਨਾਨਕ ਦੇਵ ਨੇ ਸੱਤ ਮੁਠੀਆਂ ਸੁਕੀ ਭੰਗ ਦੀਆਂ ਭਰ ਕੇ

Original with:
Language Department Punjab
Digitized by:
Panjab Digital Library

(ਬਾਬਰ ਨੂੰ ਭੰਗ ਪੀਣ ਦਾ ਬਹੁਤ ਸ਼ੌਂਕ ਸੀ) ਇਕ ਪਾਸੇ ਅਤੇ ਦਸ ਮੁਠੀਆਂ ਭਰ ਕੇ ਦੂਜੇ ਪਾਸੇ ਢੇਰੀ ਲਗਾ ਦਿੱਤੀ, ਤੇ ਬਾਦਸ਼ਾਹ ਨੂੰ ਕਿਹਾ ਕਿ ਸੱਤ ਪੀੜ੍ਹੀਆਂ ਆਪ ਦੀਆਂ ਦਿੱਲੀ ਤੇ ਰਾਜ ਕਰਨਗੀਆਂ ਅਤੇ ਦਸ ਪੀੜ੍ਹੀਆਂ ਬਾਬੇ (ਨਾਨਕ) ਦੀਆਂ ਗੁਰਗੱਦੀ ਤੇ ਬਿਰਾਜਣ ਗੀਆਂ[1] । ਬਾਬਰ ਸੰਨ 1530 ਵਿਚ ਕਾਲਵਸ ਹੋ ਗਿਆ । ਗੁਰੂ ਨਾਨਕ ਦੇਵ ਜੀ ਇਸ ਤੋਂ 9 ਵਰ੍ਹੇ ਪਿੱਛੋਂ ਜੋਤੀ ਜੋਤ ਸਮਾ ਗਏ । ਇਨ੍ਹਾਂ ਤੋਂ ਪਿੱਛੋਂ ਵੀ ਚਾਰ ਪੁਸ਼ਤਾਂ ਦੋਹਾਂ ਘਰਾਣਿਆਂ ਵਿਚਕਾਰ ਚੰਗਾ ਮੇਲ-ਜੋਲ ਬਣਿਆ ਰਿਹਾ । ਇਸ ਤਰ੍ਹਾਂ ਸੱਤਰ ਸਾਲ ਦਾ ਲੰਮਾ ਸਮਾਂ ਅੱਛੇ ਪ੍ਰੇਮ ਨਾਲ ਬੀਤ ਗਿਆ । ਪਰ ਉਸ ਕਾਲ ਦੇ ਅੰਤਲੇ ਗੁਰੂ ਸਾਲ ਘਰਾਣੇ ਅਤੇ ਮੁਗਲਸ਼ਾਹੀ ਘਰਾਣੇ ਦੇ ਆਪੋ ਵਿਚਲੇ ਸਬੰਧ ਵਿਗੜਨੇ ਸ਼ੁਰੂ ਹੋ ਗਏ । ਜਹਾਂਗੀਰ ਬਾਦਸ਼ਾਹ ਦੀ ਤਰਫੋਂ ਗੁਰੂ ਅਰਜਨ ਦੇਵ ਦੇ ਨਾਂ ਹੁਕਮ ਜਾਰੀ ਹੋਇਆ ਕਿ ਉਹ ਇਸਲਾਮ ਮਜ਼੍ਹਬ ਕਬੂਲ ਕਰ ਲੈਣ, ਨਹੀਂ ਤਾਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ । ਗੁਰੂ ਸਾਹਿਬ ਨੇ ਜਾਨ ਦੇਣੀ ਮਨਜ਼ੂਰ ਕਰ ਲਈ ਪਰ ਧਰਮ ਤਿਆਗਣ ਤੋਂ ਇਨਕਾਰ ਕਰ ਦਿੱਤਾ । 70 ਸਾਲ ਬਾਅਦ ਫਿਰ ਇਕ ਇਹੋ ਜਿਹੀ ਦੁਰਘਟਨਾ ਵਾਪਰੀ । ਇਸ ਵੇਰ ਜਹਾਂਗੀਰ ਦਾ ਪੋਤਾ ਔਰੰਗ-ਜ਼ੇਬ ਦਿੱਲੀ ਦੇ ਤਖਤ ਤੇ ਬੈਠਾ ਸੀ ਤੇ ਗੁਰ-ਗੱਦੀ ਤੇ ਗੁਰੂ ਅਰਜਨ ਦੇਵ ਜੀ ਦਾ ਪੋਤਾ ਗੁਰੂ ਤੇਗ ਬਹਾਦਰ ਬਿਰਾਜਮਾਨ ਸੀ । ਔਰੰਗਜ਼ੇਬ ਨੇ ਆਪਣੇ ਦਾਦੇ ਦੀ ਮਿਸਾਲ ਸਾਹਮਣੇ ਰੱਖ ਕੇ ਤੇਗ ਬਹਾਦਰ ਜੀ ਨੂੰ ਇਕ ਪਾਸੇ ਇਸਲਾਮ ਵਿਚ ਦਾਖਲ ਹੋਣ ਦੀ ਤੇ ਦੂਜੇ ਪਾਸੇ ਸਜ਼ਾਏ ਮੌਤ ਦਾ ਤਜਵੀਜ਼ ਪੇਸ਼ ਕੀਤਾ । ਇਨ੍ਹਾਂ ਨੇ ਵੀ ਆਪਣੇ ਦਾਦਾ ਜੀ ਦੀ ਕੁਰਬਾਨੀ ਦੀ ਮਿਸਾਲ ਨੂੰ ਮੁੱਖ ਰਖਦੇ ਹੋਏ ਸ਼ਹਾਦਤ ਸਵੀਕਾਰ ਕਰ ਲਈ ਪਰ ਧਰਮ ਬਦਲਣਾ ਨਾ ਮੰਨਿਆ । ਹੁਣ ਉਹਨਾਂ ਦੇ ਸਪੂਤ ਗੁਰੂ ਗੋਬਿੰਦ ਸਿੰਘ ਜੀ 1675 ਤੋਂ 1708 ਤਕ ਗੱਦੀ ਤੇ ਬੈਠੇ । ਪਰ ਇਨ੍ਹਾਂ ਨੇ ਔਰੰਗਜ਼ੇਬ ਨੂੰ ਖੁਲ੍ਹਮ ਖੁਲ੍ਹਾ ਚੈਲੰਜ ਦੇ ਦਿੱਤਾ ਅਤੇ ਉਸ ਦੀਆਂ ਛੇਆਂ ਪੁਸ਼ਤਾਂ ਦੀ ਵਿਰਾਸਤ ਨੂੰ ਖ਼ਤਮ ਕਰ ਦੇਣ ਦਾ ਵੀ ਦਮ ਭਰ ਲਿਆ ।[2]

ਭਾਣਾ ਐਸਾ ਵਰਤਿਆ ਕਿ ਇਸੇ ਸਮੇਂ ਅਰਥਾਤ ਸੰਨ 1682 ਤੋਂ 1707 ਤਕ 25 ਸਾਲ ਲਗਾਤਾਰ ਇਹ ਜ਼ਿੱਦੀ ਬਾਦਸ਼ਾਹ ਦੱਖਣ ਦੀਆਂ ਅਣਟੁਟ ਲੜਾਈਆਂ ਵਿਚ

---

1. ਇਸ ਰਵਾਇਤ ਲਈ ਸਾਡੇ ਪਾਸ ਇਤਿਹਾਸਕ ਪ੍ਰਮਾਣ ਕੋਈ ਨਹੀਂ ਹੈ । ਰਣਜੀਤ ਸਿੰਘ ਦੇ ਦਰਬਾਰੀ ਕਵੀ ਗਣੇਸ਼ ਦਾਸ ਨੇ ਵੀ ਇਸ ਰਵਾਇਤ ਨੂੰ ਆਪਣੇ ਛੰਦਾਂ ਵਿਚ ਥਾਂ ਦਿੱਤੀ ਹੈ ।

ਸ੍ਰੀ ਗੁਰੂ ਨਾਨਕ ਕੋ ਇਕ ਵੇਰ ਜੋ ਬਾਬਰ ਆਣ ਦਿਦਾਰ ਲੀਉ ।
ਮੁੱਠੀ ਸਾਤ ਲੇ ਭੰਗ ਦੀਉ ਇਹ ਰੰਗ ਸਤੇ ਬਾਦਸ਼ਾਹੀ ਕਾ ਰਾਜ ਦੀਉ ।
ਦਸ ਬਾਬੇ ਕੀ ਹੈਂ ਸਤ ਬਾਬਰ ਕੀ ਸੌ ਕਿਰਪਾ ਕਰਕੇ ਤਿਨ ਆਪ ਕਹਿਉ ।

2. ਇਸ ਦੀ ਨਿਸਬਤ ਗੁਰੂ ਨਾਨਕ ਤੇ ਕਾਰੂੰ ਬਾਦਸ਼ਾਹ ਦੀ ਗੋਸ਼ਟ ਵਾਲੀ ਰਵਾਇਤ ਵਿਚ ਜ਼ਿਕਰ ਆਉਂਦਾ ਹੈ । ਕਵੀ ਗਣੇਸ਼ ਦਾਸ ਨੇ ਆਪਣੇ ਛੰਦਾਂ ਵਿਚ ਉਸ ਨੂੰ ਇਉਂ ਬਿਆਨ ਕੀਤਾ ਹੈ ਲੱਗ ਭੱਗ ਇਸੇ ਤਰ੍ਹਾਂ ਸਿੱਖਾਂ ਦੇ ਪ੍ਰਸਿੱਧ ਇਤਿਹਾਸਕਾਰ ਕਨਿੰਘਮ ਨੇ ਵੀ ਇਸ ਗੋਸ਼ਟ ਦਾ ਜ਼ਿਕਰ ਕੀਤਾ ਹੈ—ਗਣੇਸ਼ ਦਾਸ

ਸੁਨੋ ਪੀਰੋ ਵਿਚਾਰ ਕਾਰੂੰ ਪੁਛਿਉ ਇਕ ਬਾਰ-ਕਵੀ ਫੇਰ ਵੀ ਦਿਦਾਰ ਤੁਮ ਅਪਨਾ ਸੋ ਦਿਉਗ ।
ਕਹਿਉ ਨਾਨਕ ਸੰਸਾਰ,ਹੁਏ ਦਸਵਾਂ ਅਵਤਾਰ-ਨੌਰੰਗੋ ਅਮਲ ਮੰਝਾਰ ਰਾਜ ਤਮਰੋ ਸੋ ਲੇਂਗੋ ।
[illegible] ਹੁਏ, ਦੁਖ ਦੇਵੇ ਅਤੀ ਗੋਏ-ਤਾਂਹੀ ਮਾਰੇਂਗੇ ਘਲੋਏ, ਦੋਹੀ ਅਪਨੀ ਕਰੇਂਗੇ ।

Original with:
Language Department Punjab
Digitized by:
Panjab Digital Library

ਰੁੱਝਿਆ ਰਿਹਾ । ਆਖ਼ਰ ਮਰਿਆ ਵੀ ਉੱਥੇ ਹੀ ਤੇ ਦਬਾਇਆ ਵੀ ਉਥੇ ਹੀ ਗਿਆ । ਗੁਰੂ ਗੋਬਿੰਦ ਸਿੰਘ ਲਈ ਇਹ ਨਾਦਰ ਮੌਕਾ ਸੀ । ਇਨ੍ਹਾਂ ਨੇ ਗੁਰੂ ਸੰਗਤ ਦਾ ਸਾਰਾ ਢਾਂਚਾ ਹੀ ਬਦਲ ਦਿੱਤਾ । ਖ਼ਾਲਸਾ ਸਜਾਇਆ, ਪੰਥ ਰਚਿਆ । ਗੁਰ ਸਿੰਘਾਂ ਲਈ ਆਗਿਆ ਜਾਰੀ ਕੀਤੀ ਕਿ ਉਹ ਹਰ ਵਕਤ ਆਪਣੇ ਤਨ ਉਪਰ ਕਿਰਪਾਨ ਆਦਿ ਦੀ ਸ਼ਕਲ ਵਿਚ ਲੋਹ ਧਾਰਨ ਕੀਤੇ ਰੱਖਣ ਤੇ ਨਾਲ ਹੀ ਆਸਾਂ ਉਮੀਦਾਂ ਦਾ ਭਰਿਆ ਮੰਤਰ ਇਨ੍ਹਾਂ ਦੇ ਦਿਲਾਂ ਉਪਰ ਨਕਸ਼ ਕਰ ਦਿੱਤਾ ਕਿ "ਕਰਤਾ ਪੁਰਖ ਦੇ ਹੁਕਮ ਨਾਲ ਪੰਥ ਕਾਇਮ ਕੀਤਾ ਗਿਆ ਹੈ ਅਤੇ ਆਜ਼ਾਦੀ ਦਾ ਯੁੱਧ, ਜੋ ਹੁਣ ਸ਼ੁਰੂ ਕੀਤਾ ਜਾਵੇਗਾ, ਉਸ ਵਿਚ ਆਖ਼ਰੀ ਫ਼ਤਿਹ ਖ਼ਾਲਸੇ ਦੀ ਹੀ ਹੋਵੇਗੀ ।" ਧਰਮ ਦਾ ਧੌਂਸਾ ਵੱਜ ਗਿਆ । ਜੰਗ ਸ਼ੁਰੂ ਹੋ ਗਿਆ, ਅਨੰਦਪੁਰ, ਚਮਕੌਰ, ਸਰਸਾ ਨੱਦੀ ਦੇ ਕਿਨ੍ਹਾਰੇ ਅਤੇ ਹੋਰ ਇਕ ਦੋ ਥਾਵਾਂ ਤੇ ਵੈਰੀ ਨਾਲ ਜੰਗ ਹੋਏ । ਭਾਵੇਂ ਦੁਸ਼ਮਣ ਦਾ ਪੱਲਾ ਭਾਰੀ ਰਿਹਾ ਪਰ ਗੁਰੂ ਗੋਬਿੰਦ ਸਿੰਘ ਨੇ ਹੌਂਸਲਾ ਨਹੀਂ ਹਾਰਿਆ ।

ਔਰੰਗਜ਼ੇਬ ਆਪ ਵੀ ਹੁਣ ਮਰਹੱਟਾ ਜੰਗ ਤੋਂ ਤੰਗ ਆ ਚੁਕਾ ਸੀ । ਨਾ ਤਾਂ ਇਹ ਜੰਗ ਜਿੱਤਣ ਵਿਚ ਆਉਂਦਾ ਨਾ ਹੀ ਮੁਕਣ ਵਿਚ ਆਉਂਦਾ । ਸਗੋਂ ਆਖ਼ਰੀ ਸੱਤ ਸਾਲਾਂ ਤੋਂ ਨਤੀਜਾ ਕੁਝ ਉਲਟ ਜਾ ਰਿਹਾ ਸੀ । ਜੋ ਪਹਾੜੀ ਇਲਾਕੇ ਮੁਗ਼ਲ ਜਿੱਤ ਚੁਕੇ ਸਨ ਹੁਣ ਮਰਹੱਟੇ ਇਨ੍ਹਾਂ ਨੂੰ ਖੋਹ ਕੇ ਵਾਪਸ ਲੈ ਰਹੇ ਸਨ । ਉੱਤਰੀ ਪ੍ਰਾਂਤ ਤੋਂ ਵੀ ਬਾਦਸ਼ਾਹ ਨੂੰ ਖ਼ਬਰਾਂ ਕੁਝ ਭੈੜੀਆਂ ਹੀ ਆ ਰਹੀਆਂ ਸਨ । ਗੁਰੂ ਗੋਬਿੰਦ ਸਿੰਘ ਦਾ ਚਲਾਇਆ ਯੁੱਧ ਵੀ ਹੁਣ ਬੇਚੈਨੀ ਫੈਲਾ ਰਿਹਾ ਸੀ । ਉਸ ਤੋਂ ਛੁੱਟ ਮੈਦਾਨੀ ਇਲਾਕੇ ਤੋਂ ਦੂਰ ਦੂਰ ਰਹਿਣ ਵਾਲੇ ਵੱਡੇ ਵੱਡੇ ਜ਼ਿਮੀਂਦਾਰ, ਜਾਗੀਰਦਾਰ ਤੇ ਰਾਜੇ ਦਿੱਲੀ ਰਾਜ ਤੋਂ ਬੇਮੁਖ ਹੋ ਰਹੇ ਸਨ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਦੱਖਣ ਆਉਣ ਲਈ ਸੱਦਾ ਘਲਿਆ । ਇਸ ਲਈ ਸੰਨ 1707 ਵਿੱਚ ਗੁਰੂ ਸਾਹਿਬ ਦੱਖਣ ਨੂੰ ਚਲ ਪਏ । ਪਰ ਇਨ੍ਹਾਂ ਦੇ ਪੁੱਜਣ ਤੋਂ ਪਹਿਲਾਂ ਹੀ ਬਾਦਸ਼ਾਹ ਚਲਾਣਾ ਕਰ ਗਿਆ । ਡੇਢ ਕੁ ਸਾਲ ਬਾਅਦ ਗੁਰੂ ਸਾਹਿਬ ਵੀ ਗੁਦਾਵਰੀ ਦੇ ਕਿਨ੍ਹਾਰੇ ਨੰਦੇੜ ਦੇ ਮੁਕਾਮ ਤੇ ਅਕਤੂਬਰ 1708 ਨੂੰ 42 ਸਾਲਾਂ ਦੀ ਉੱਮਰ ਵਿਚ ਜੋਤੀ ਜੋਤ ਸਮਾ ਗਏ ।

**ਬੰਦਾ ਬਹਾਦਰ** :—ਕਿਹਾ ਜਾਂਦਾ ਹੈ ਜਦੋਂ ਸਮਾਜ ਨੂੰ ਇਕ ਆਗੂ ਦੀ ਜ਼ਰੂਰਤ ਹੁੰਦੀ ਹੈ, ਪਰਮਾਤਮਾ ਐਸੇ ਮਹਾਪੁਰਸ਼ ਨੂੰ ਕਿਤੋਂ ਨਾ ਕਿਤੋਂ ਕੱਢ ਕੇ ਲੈ ਹੀ ਆਉਂਦਾ ਹੈ । ਜਿਸ ਘਟਨਾ ਦਾ ਹੁਣ ਜ਼ਿਕਰ ਆਏਗਾ ਉਸ ਵਿਚ ਵੀ ਅਜਿਹਾ ਹੀ ਵਾਪਰਿਆ ਪ੍ਰਤੀਤ ਹੁੰਦਾ ਹੈ । ਨੰਦੇੜ ਸਾਹਿਬ ਵਿਚ ਰਹਿੰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੂੰ ਬੰਦਾ ਬੈਰਾਗੀ ਨਾਲ ਮਿਲਣ ਦਾ ਇਤਫ਼ਾਕ ਹੋਇਆ । ਇਹ ਸ਼ਖ਼ਸ ਪੰਜਾਬ ਦਾ ਵੱਸਨੀਕ ਸੀ । ਉਸ ਦਾ ਜੰਮਪਲ ਇਕ ਰਾਜਪੂਤ ਖੱਤਰੀ ਘਰਾਣੇ ਵਿਚ ਹੋਇਆ ਅਤੇ ਜਿਸ ਦਾ ਜਨਮ ਦਾ ਨਾਂ ਲਛਮਨ ਦੇਵ ਸੀ । ਜੁਆਨੀ ਦੀ ਉੱਮਰ ਵਿਚ ਸ਼ਿਕਾਰ ਖੇਡਣ ਦਾ ਸ਼ੌਂਕ ਸੀ । ਸੈਂਕੜੇ ਜਾਨਵਰ ਸ਼ਿਕਾਰੀਆਂ ਵਾਂਗ ਆਪਣੇ ਹੱਥੀਂ ਮਾਰੇ ਤੇ ਕੋਹੇ । ਕਦੇ ਤਰਸ, ਭੌ ਜਾਂ ਕੋਈ ਵਾਧਰ ਖ਼ਿਆਲ ਉਸ ਦੇ ਮਨ ਵਿਚ ਨਹੀਂ ਆਇਆ । ਕਹਿੰਦੇ ਹਨ ਕੋਈ ਵੇਲਾ ਸੁਣੀਂਦਾ ਹੁੰਦਾ ਹੈ ਅਤੇ ਮਨੁੱਖ ਦੇ ਬਾਕੀ ਜੀਵਨ

Original with:
Language Department Punjab
Digitized by:
Panjab Digital Library

ਨੂੰ ਪਲਟ ਦਿੰਦਾ ਹੈ । ਕਮ-ਅਜ਼-ਕਮ ਨੌਜਵਾਨ ਲੱਛਮਨ ਦੇਵ ਨਾਲ ਤਾਂ ਅਜਿਹੀ ਹੀ ਬੀਤੀ ਦਿਖਾਈ ਦਿੰਦੀ ਹੈ । ਇਕ ਰੋਜ਼ ਹਰਨੀ ਦਾ ਸ਼ਿਕਾਰ ਕਰਕੇ ਲੈ ਆਇਆ । ਜਦੋਂ ਉਸ ਦਾ ਪੇਟ ਚਾਕ ਕੀਤਾ ਵਿਚੋਂ ਦੋ ਨਨ੍ਹੇ ਬੱਚੇ ਨਿਕਲੇ ਜੋ ਲੱਛਮਨ ਦੇਵ ਦੀਆਂ ਅੱਖਾਂ ਦੇ ਸਾਹਮਣੇ ਹੀ ਸਿਸਕ ਸਿਸਕ ਕੇ ਮਰ ਗਏ । ਇਸ ਦ੍ਰਿਸ਼ ਦਾ ਅਸਰ ਨੌਜਵਾਨ ਰਾਜਪੂਤ ਦੇ ਮਨ ਤੇ ਇਤਨਾ ਗਹਿਰਾ ਪਿਆ ਕਿ ਨਾ ਉਸ ਨੇ ਕੇਵਲ ਸ਼ਿਕਾਰ ਕਰਨਾ ਬੰਦ ਕਰ ਦਿੱਤਾ ਸਗੋਂ ਕੁਝ ਦੇਰ ਪਿੱਛੋਂ ਦੁਨਿਆਵੀ ਜ਼ਿੰਦਗੀ ਬਤੀਤ ਕਰਨੀ ਵੀ ਛੱਡ ਦਿੱਤੀ ਅਤੇ ਸਾਧੂ ਬਣ ਗਿਆ, ਤੇ ਨਾਂ ਮਾਧੋਦਾਸ ਰੱਖ ਲਿਆ । ਦੂਜਾ ਅਜਿਹਾ ਵੇਲਾ, ਮੌਕਾ ਜਾਂ ਲਮਹਾ ਉਸ ਵਕਤ ਜ਼ਹੂਰ ਵਿਚ ਆਇਆ ਜਦੋਂ ਮਾਧੋਦਾਸ ਤੇ ਗੁਰੂ ਗੋਬਿੰਦ ਸਿੰਘ ਦੀ ਮੁਲਾਕਾਤ ਦਾ ਸਿਲਸਿਲਾ ਸ਼ੁਰੂ ਹੋਇਆ । ਪਹਿਲਾਂ ਤਾਂ ਇਹ ਕਿ ਆਪਣੇ ਵਤਨ ਤੋਂ ਸੈਂਕੜੇ ਸਗੋਂ ਹਜ਼ਾਰਾਂ ਮੀਲ ਦੂਰ ਪਰਦੇਸ ਵਿਚ ਦੋ ਪੰਜਾਬੀ ਮਹਾਪੁਰਸ਼ਾਂ ਦਾ ਇਤਫ਼ਾਕ ਨਾਲ ਮੇਲ ਹੋ ਜਾਣਾ, ਇਕ ਵੱਡੀ ਕਸ਼ਿਸ਼ ਵਾਲੀ ਘਟਨਾ ਸੀ । ਦੂਜਾ ਇਹ ਕਿ ਗੁਰੂ ਗੋਬਿੰਦ ਸਿੰਘ ਦੀ ਕੱਠਨਾਈਆਂ ਤੇ ਮੁਸੀਬਤਾਂ ਭਰੀ ਆਪ ਬੀਤੀ ਵਾਰਤਾ । ਇਨ੍ਹਾਂ ਦੇ ਬਜ਼ੁਰਗਾਂ, ਮਾਸੂਮ ਬੱਚਿਆਂ ਤੇ ਇਨ੍ਹਾਂ ਦੇ ਸਿੰਘਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਅਤੇ ਗੁਰੂ ਸਾਹਿਬ ਦੀ ਪਾਕੀਜ਼ਾ ਤਾਲੀਮ ਤੇ ਉੱਚੇ ਉਭਾਰੂ ਉਪਦੇਸ਼ ਸੁਣ ਕੇ, ਮਾਧੋਦਾਸ, ਜੋ ਉੱਮਰ ਵਿਚ ਚਾਰ ਕੁ ਸਾਲ ਛੋਟਾ ਸੀ ਆਪਣੇ ਆਪ ਗੁਰੂ ਸਾਹਿਬ ਵੱਲ ਖਿੱਚਿਆ ਚਲਿਆ ਜਾ ਰਿਹਾ ਸੀ । ਜਦੋਂ ਉਸ ਨੇ ਹੋਰ ਵੀ ਗਹੁ ਨਾਲ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਦੀ ਮਹਾਨਤਾ ਨੂੰ ਕੌਮੀ ਦਰਿਸ਼ਟੀਕੋਣ ਤੋਂ ਵੇਖਿਆ ਤੇ ਉਸ ਉਪਰ ਵਿਚਾਰ ਕੀਤੀ; ਤਾਂ ਗੁਰੂ ਸਾਹਿਬ ਦੇ ਕਹਿਣ ਤੇ ਉਸ ਮਿਸ਼ਨ ਦੀ ਪੂਰਤੀ ਲਈ ਤਿਆਰ ਹੋ ਪਿਆ । ਰਾਜਪੂਤੀ ਖ਼ੂਨ ਉਸਦੀਆਂ ਰਗਾਂ ਵਿਚ ਨਵੇਂ ਸਿਰਿਓਂ ਜੋਸ਼ ਮਾਰਨ ਲੱਗਿਆ । ਗੁਰੂ ਸਾਹਿਬ ਪਾਸੋਂ ਆਗਿਆ ਲੈ ਕੇ ਅਤੇ ਉਨ੍ਹਾਂ ਦੇ ਆਪਣੇ ਖ਼ਾਸ ਤਰਕਸ਼ ਵਿਚੋਂ ਪੰਜ ਤੀਰ ਅਤੇ ਖ਼ਾਲਸੇ ਦੇ ਨਾਂ ਉਨ੍ਹਾਂ ਦੀ ਦਸਖ਼ਤੀ ਚਿੱਠੀ ਲੈ ਕੇ ਅਤੇ ਗੁਰੂ ਜੀ ਦੇ ਦੋ ਚਾਰ ਖ਼ਾਸ ਸਿੰਘ ਨਾਲ ਲੈ ਕੇ ਪੰਜਾਬ ਨੂੰ ਚਲ ਪਿਆ ।

ਪੰਜਾਬ ਪੁਜਦੇ ਹੀ ਸਿੰਘ 'ਬੰਦੇ' ਦੇ ਝੰਡੇ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ । ਮੈਦਾਨ ਵੀ ਇਨ੍ਹਾਂ ਲਈ ਅਜੇ ਤਕ ਸਾਫ਼ ਸੀ । ਕਿਉਂ ਜੋ ਔਰੰਗਜ਼ੇਬ ਦਾ ਬੇਟਾ ਮੁਹੰਮਦ ਸ਼ਾਹ, ਜੋ ਉਸ ਦੀ ਥਾਂ ਰਾਜ ਕਰਨ ਲੱਗਾ, ਸਾਢੇ ਤਿੰਨ ਸਾਲ ਦੇ ਕਰੀਬ ਫ਼ਰਵਰੀ 1707 ਤੋਂ ਜੁਲਾਈ 1710 ਤਕ ਦੱਖਣ ਤੇ ਰਾਜਪੂਤਾਂ ਦੇ ਰੁਝੇਵਿਆਂ ਵਿਚ ਹੀ ਰੁੱਝਾ ਰਿਹਾ । ਪੰਜਾਬ ਪੁੱਜ ਕੇ ਵੀ ਕੇਵਲ ਡੇਢ ਕੁ ਸਾਲ ਜ਼ਿੰਦਾ ਰਿਹਾ । ਉਸ ਦੇ ਮਰਨ ਤੇ ਦਿੱਲੀ ਦਰਬਾਰ ਵਿਚ ਫਿਰ ਖ਼ਾਨਾਜੰਗੀ ਸ਼ੁਰੂ ਹੋ ਗਈ ਅਤੇ 'ਬੰਦੇ' ਨੂੰ ਬਾਰ੍ਹਾਂ ਪੰਦਰਾਂ ਮਹੀਨਿਆਂ ਦੀ ਹੋਰ ਫ਼ੁਰਸਤ ਮਿਲ ਗਈ । ਪੰਜਾਬ ਵੱਲ ਦੀ ਆਉਂਦੇ 'ਬੰਦੇ ਨੂੰ ਖ਼ਬਰ ਮਿਲੀ ਸੀ ਕਿ ਦਿੱਲੀ ਨੂੰ ਜਾ ਰਿਹਾ ਇਕ ਖ਼ਜ਼ਾਨਾ ਅੱਜ ਰਾਤ ਕੈਥਲ ਕੱਸਬੇ ਵਿਚ ਠਹਿਰ ਰਿਹਾ ਹੈ । ਉਸ ਨੇ ਖ਼ਜ਼ਾਨੇ ਦੀ ਗਾਰਦ ਨੂੰ ਬਨੇ ਲਾ ਕੇ ਖ਼ਜ਼ਾਨਾ ਆਪਣੇ ਕੱਬਜ਼ੇ ਵਿਚ ਲੈ ਲਿਆ । ਫਿਰ ਕੈਥਲ ਸ਼ਹਿਰ ਤੇ ਹੱਥ ਸਾਫ਼ ਕੀਤੇ । ਉਸ ਤੋਂ ਪਿੱਛੋਂ ਸਮਾਣੇ ਵੱਲ ਕੂਚ ਕੀਤਾ । ਇਥੇ ਜਲਾਲ-ਉਲ-ਦੀਨ,

*Original with:*
Language Department Punjab
*Digitized by:*
Panjab Digital Library

ਜਿਸ ਨੇ ਗੁਰੂ ਤੇਗ ਬਹਾਦਰ ਨੂੰ ਕੱਤਲ ਕੀਤਾ ਸੀ, ਰਿਹਾ ਕਰਦਾ ਸੀ । ਸਮਾਣੇ ਦੇ ਮੁਸਲ-ਮਾਨਾਂ ਤੇ ਸਿੰਘਾਂ ਨੇ ਦਿਲ ਖੋਲ੍ਹ ਕੇ ਹੱਥ ਸਾਫ਼ ਕੀਤੇ । ਫਿਰ ਸਢੌਰੇ ਵੱਲ ਮੂੰਹ ਕੀਤਾ, ਉਸ ਨੂੰ ਲੁਟ ਪੁਟ ਕੇ ਮਖਲਸ ਗੜ੍ਹ ਦੇ ਮਜ਼ਬੂਤ ਕਿਲ੍ਹੇ ਤੇ ਜਾ ਕਬਜ਼ਾ ਕੀਤਾ ਤੇ ਇਸ ਦਾ ਨਾਂ ਬਦਲ ਕੇ ਲੋਹ ਗੜ੍ਹ ਰੱਖ ਦਿੱਤਾ । ਮੱਈ 1710 ਨੂੰ ਸਰਹੰਦ ਆ ਪੁਜਾ । ਵਜ਼ੀਰ ਖਾਂ ਫ਼ੌਜਦਾਰ ਨੇ ਆਪਣੀ ਮਦਦ ਲਈ ਹਿਸਾਰ, ਲਾਹੌਰ ਤੇ ਐਮਨਾਬਾਦ ਤੋਂ ਫ਼ੌਜਾਂ ਮੰਗਾ ਰੱਖੀਆਂ ਸਨ । ਇਹ ਦੀਨ-ਮਜ਼੍ਹਬ ਦਾ ਜੰਗ ਸੀ, ਘਸਮਾਨ ਦਾ ਯੁੱਧ ਹੋਇਆ ਬੰਦਾ ਆਪ ਜੰਗ ਦੀ ਪਹਿਲੀ ਸਫ਼ (ਕਤਾਰ) ਵਿਚ, ਤੱਲਵਾਰ ਹੱਥ ਲਈ ਲੱੜ ਰਿਹਾ ਸੀ । ਵਜ਼ੀਰ ਖ਼ਾਂ ਮੈਦਾਨੇ ਜੰਗ ਵਿਚ ਮਾਰਿਆ ਗਿਆ । ਮੁਸਲਮਾਨੀ ਫ਼ੌਜ ਵਿਚ ਭਾਜੜ ਪੈ ਗਈ । ਸਿੰਘਾਂ ਨੇ ਇਸ ਤੋਂ ਪੂਰਾ ਪੂਰਾ ਫ਼ਾਇਦਾ ਉਠਾਇਆ । ਫ਼ੌਜ ਦਾ ਸਾਰਾ ਮਾਲ ਮਤਾਅ ਕਾਬੂ ਕਰ ਲਿਆ, ਫਿਰ ਸ਼ਹਿਰ ਸਰਹੰਦ ਉਤੇ ਧਾਵਾ ਬੋਲ ਦਿੱਤਾ ਜੋ ਮੈਦਾਨੇ ਜੰਗ ਤੋਂ ਦਸ ਮੀਲ ਦੀ ਦੂਰੀ ਤੇ ਸੀ । ਵਜ਼ੀਰ ਖਾਂ ਦੇ ਹੁਕਮ ਨਾਲ ਇਸੇ ਸ਼ਹਿਰ ਸਰਹੰਦ ਦੀਆਂ ਦੀਵਾਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਜ਼ਿੰਦਾ ਚਿਣਾਏ ਗਏ ਸਨ । ਸੋ ਗੁਰੂ ਦੇ ਸਿੰਘਾਂ ਦੇ ਗੁੱਸੇ ਦੀ ਕੋਈ ਹੱਦ ਨਹੀਂ ਸੀ । ਹਜ਼ਾਰਾਂ ਦੀ ਗਿਣਤੀ ਵਿਚ ਮੁਸਲਮਾਨ ਬਾਸ਼ਿੰਦੇ ਮਾਰੇ ਗਏ ਅਤੇ ਸ਼ਹਿਰ ਨੂੰ ਲੁੱਟ ਲਿਆ । ਸਰਹੰਦ ਦਾ ਸਾਰਾ ਸੂਬਾ ਕਰਨਾਲ ਤੋਂ ਲੁਧਿਆਣਾ, ਜਿਸ ਦੀ ਸਾਲਾਨਾ ਆਮਦਨੀ 36 ਲੱਖ ਰੁਪਏ ਸੀ, ਬੰਦੇ ਨੇ ਆਪਣੇ ਕਬਜ਼ੇ ਵਿਚ ਲੈ ਲਿਆ । ਮੁਸਲਮਾਨ ਕਾਰਦਾਰ ਹਟਾ ਦਿੱਤੇ ਤੇ ਉਨ੍ਹਾਂ ਦੀ ਜਗ੍ਹਾ ਸਿੰਘ ਕਾਰਦਾਰ ਅਫ਼ਸਰ ਮੁਕੱਰਰ ਕਰ ਦਿੱਤੇ । ਬਾਦਸ਼ਾਹੀ ਦੇ ਸਿਲਸਿਲੇ ਪੂਰੇ ਕਰਨ ਲਈ ਗੁਰੂ ਸਾਹਿਬਾਨ ਦੇ ਨਾਂ ਦਾ ਸਿੱਕਾ ਵੀ ਜਾਰੀ ਕਰ ਦਿੱਤਾ ਅਤੇ ਸਰਕਾਰੀ ਕਾਗਜ਼ਾਂ ਤੇ ਚਿੱਠੀ ਪੱਤਰਾਂ ਉਪਰ ਲਗਾਉਣ ਲਈ ਖ਼ਾਲਸਾ ਪੰਥ ਦੇ ਨਾਂ ਦੀ ਇਕ ਨਵੀਂ ਮੁੱਹਰ ਵੀ ਬਣਵਾ ਲਈ ਗਈ । ਅਕਤੂਬਰ 1710 ਵਿਚ ਜਲੰਧਰ ਤੇ ਹੁਸ਼ਿਆਰਪੁਰ ਦੇ ਜ਼ਿਲ੍ਹਿਆਂ ਤੇ ਕਬਜ਼ਾ ਜਾ ਕੀਤਾ । ਉਥੋਂ ਫ਼ਾਰਗ ਹੋ ਕੇ ਗੁਰਦਾਸਪੁਰ, ਬਟਾਲਾ, ਰਿਆੜਕੀ, ਮਾਝਾ ਕੇ ਪਠਾਨਕੋਟ ਦੇ ਪਰਗਨੇ ਆਪਣੇ ਹੱਥ ਵਿਚ ਲੈ ਗਏ । ਮੁਗਲ ਅਫ਼ਸਰਾਂ ਦੀ ਥਾਂ ਸਿੰਘ ਅਫ਼ਸਰ ਮੁਕੱਰਰ ਕਰ ਦਿੱਤੇ ।

ਇਸ ਤਰ੍ਹਾਂ ਦੋ ਦੁਆਬੇ ਹੱਥਾਂ ਵਿਚੋਂ ਜਾਂਦੇ ਵੇਖ ਕੇ ਦਿੱਲੀ ਦੇ ਬਾਦਸ਼ਾਹ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਉਹ ਲੱਗਾ ਆਪਣਾ ਸਾਰਾ ਜ਼ੋਰ ਲਾਉਣ । ਲਾਹੌਰ ਦੇ ਗਵਰਨਰ ਅਬਦੁਲ ਸਮੱਦ ਖ਼ਾਂ ਅਤੇ ਜੰਮੂੰ ਦੇ ਗਵਰਨਰ ਜ਼ਕਰੀਆ ਖਾਂ ਨੂੰ ਹੁਕਮ ਹੋਇਆ ਕਿ ਆਪਣੀ ਕੁੱਲ ਫ਼ੌਜ ਰਣ-ਖੇਤਰ ਵਿੱਚ ਲੈ ਕੇ ਬੰਦੇ ਨੂੰ ਹਰਾਉਣ ਲਈ ਨਿਕਲ ਖੜ੍ਹੇ ਹੋਣ । ਇੱਧਰ ਬਾਦਸ਼ਾਹ ਫਰਖ਼ਸੀਅਰ ਨੇ ਦਿੱਲੀ ਵੱਲੋਂ ਵੀ ਫ਼ੌਜਾਂ ਨੂੰ ਕੂਚ ਦਾ ਹੁਕਮ ਜਾਰੀ ਕਰ ਦਿੱਤਾ । 60 ਹਜ਼ਾਰ ਦੇ ਤੇੜੇ ਨੇੜੇ ਮੁਗਲ ਫ਼ੌਜ ਬੰਦੇ ਦਾ ਪਿੱਛਾ ਕਰਨ ਲਈ ਤਿੰਨ ਪਾਸਿਉਂ ਨਿਕਲ ਖੜ੍ਹੀ ਹੋਈ । ਆਖ਼ਰ ਬੰਦੇ ਨੇ ਸ਼ਾਹੀ ਫ਼ੌਜ ਦਾ ਥਾਂ ਥਾਂ ਤੇ ਟਾਕਰਾ ਕੀਤਾ, ਪਰ ਆਖ਼ੀਰ ਦਸੰਬਰ 1715 ਵਿਚ ਗੁਰਦਾਸਪੁਰ ਦੇ ਨੇੜੇ ਇਸ ਨੂੰ ਹਾਰ ਹੋਈ ਅਤੇ ਇਸ ਨੂੰ ਜ਼ਿੰਦਾ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਬੜੀਆਂ ਸਖ਼ਤੀਆਂ ਦੇ ਕੇ ਉਸ ਨੂੰ ਕੱਤਲ ਕਰ ਦਿੱਤਾ ਗਿਆ । ਬੰਦਾ ਕੱਤਲ ਤਾਂ ਹੋ ਗਿਆ ਅਤੇ ਬਿਨਾਂ ਲੀਡਰ ਤੋਂ ਸਿੱਖ ਤਹਿਰੀਕ ਕੁਝ

Original with:
Language Department Punjab
Digitized by:
Panjab Digital Library

ਚਿਰ ਲਈ ਦਬ ਵੀ ਗਈ, ਪਰ ਬੰਦੇ ਨੇ ਇਹ ਗੱਲ ਚੰਗੀ ਤਰ੍ਹਾਂ ਖੋਲ੍ਹ ਕੇ ਦੱਸ ਦਿੱਤੀ ਕਿ ਮੁਗ਼ਲ ਵੀ ਅਜਿੱਤ ਨਹੀਂ ਹਨ। ਭਾਵ ਮੁਗ਼ਲ ਫ਼ੌਜ ਉਤੇ ਜਿੱਤ ਪ੍ਰਾਪਤ ਕਰ ਲੈਣੀ ਹੁਣ ਅਸੰਭਵ ਨਹੀਂ ਹੈ, ਤੇ ਦੂਜਾ ਇਹ ਕਿ ਪੰਜਾਬ ਵਿਚ ਭਵਿਖ ਮੁਗਲਾਂ ਦਾ ਨਹੀਂ ਸਗੋਂ ਸਿੱਖਾਂ ਦਾ ਹੋਵੇਗਾ। ਜੇਕਰ ਅੱਜ ਗੁਰੂ ਗੋਬਿਦ ਸਿੰਘ ਜੀਉਂਦੇ ਹੁੰਦੇ ਤਾਂ ਉਨ੍ਹਾਂ ਦੇ ਮਨ ਨੂੰ ਇਕ ਵਾਰ ਠੰਢ ਪੈ ਜਾਂਦੀ ਕਿ ਉਨ੍ਹਾਂ ਦੀ ਬੰਦੇ ਦੀ ਚੋਣ ਆਪਣੇ ਮਿਸ਼ਨ ਦੀ ਪੂਰਤੀ ਲਈ ਬਿਲਕੁਲ ਦਰੁਸਤ ਸੀ, ਅਤੇ ਜਿਸ ਭਾਵਨਾ ਲਈ ਉਨ੍ਹਾਂ ਨੇ ਕਦਮ ਉਠਾਇਆ ਸੀ ਅਰਥਾਤ ਆਪਣੇ ਮੁਲਕ ਨੂੰ ਆਜ਼ਾਦ ਕਰਾਉਣਾ , ਉਸ ਭਾਵਨਾ ਦੇ ਪੂਰਾ ਹੋਣ ਲਈ ਇਕ ਖ਼ਾਸ ਮੰਜ਼ਲ ਤਕ ਸਫਲ ਤਾਂ ਹੋ ਗਿਆ ਸੀ।

**ਸਿੱਖਾਂ ਉਤੇ ਮੁਗ਼ਲ ਸਰਕਾਰ ਦਾ ਤਸ਼ੱਦਦ ਅਤੇ ਖ਼ਾਲਸੇ ਦਾ ਪੰਥ ਨੂੰ ਬਚਾਉਣ ਲਈ ਯਤਨ** :—ਬੰਦਾ ਬਹਾਦਰ ਦੀ ਸ਼ਹੀਦੀ ਪਿੱਛੋਂ ਸਿੱਖਾਂ ਦਾ ਕੋਈ ਆਗੂ ਨਾ ਰਿਹਾ। ਪੰਜਾਬ ਸਰਕਾਰ ਨੇ ਵੀ ਬੜੇ ਤਸ਼ੱਦਦ ਅਤੇ ਸਖ਼ਤੀ ਦੀ ਪਾਲਸੀ ਸ਼ੁਰੂ ਕਰ ਦਿੱਤੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਲੋਕ ਜੋ ਕੇਵਲ ਲੁਟ ਮਾਰ ਦੀ ਖ਼ਾਤਰ ਬੰਦੇ ਦੀ ਫ਼ੌਜ ਵਿਚ ਆ ਕੇ ਸ਼ਾਮਲ ਹੋਏ ਸਨ, ਨੱਠ ਭੱਜੇ। ਇਸੇ ਤਰ੍ਹਾਂ ਕਮਜ਼ੋਰ ਦਿਲ ਤੇ ਕਮਜ਼ੋਰ ਵਿਸ਼ਵਾਸ ਵਾਲੇ ਖ਼ਾਲਸੇ ਵੀ ਧਰਮ ਦੇ ਬਾਹਰੀ ਨਿਸ਼ਾਨ ਦੂਰ ਕਰਕੇ ਹਿੰਦੂ ਸਮਾਜ ਵਿਚ ਦਾਖ਼ਲ ਹੋ ਗਏ । ਪਰ ਉਹ ਲੋਕ ਜਿਨ੍ਹਾਂ ਨੇ ਕੇਸ਼ਾਂ ਸੁਆਸਾਂ ਨਾਲ ਸਿੱਖੀ ਸਿਦਕ ਕਾਇਮ ਰੱਖਣ ਦਾ ਪ੍ਰਣ ਧਾਰਨ ਕਰ ਲਿਆ ਉਹ ਸਰਕਾਰ ਦੀਆਂ ਸਖ਼ਤੀਆਂ ਤੋਂ ਬਚਣ ਲਈ ਸ਼ਹਿਰਾਂ ਤੇ ਕੱਸਬਿਆਂ ਨੂੰ ਛੱਡ ਕੇ ਪੰਜਾਬ ਦੇ ਜੰਗਲਾਂ ਤੇ ਪਹਾੜੀ ਇਲਾਕਿਆਂ ਵੱਲ ਚੱਲੇ ਗਏ। ਇਨ੍ਹਾਂ ਦੀ ਸੰਖਿਆ, ਬੁੱਢੇ ਨੱਢੇ ਮਿਲ ਕੇ, ਦੋ ਹਜ਼ਾਰ ਦੇ ਕਰੀਬ ਸੀ। ਉਥੇ ਜਾ ਕੇ ਇਨ੍ਹਾਂ ਨੂੰ ਬੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਇਨ੍ਹਾਂ ਨੇ ਸਭ ਖਿੜੇ ਮੱਥੇ ਪ੍ਰਵਾਨ ਕੀਤੀਆਂ। ਬਹੁਤ ਚਿਰ ਸਾਦਾ ਜੀਵਨ ਬਤੀਤ ਕਰਕੇ ਗੁਜ਼ਾਰਾ ਕੀਤਾ, ਪਰ ਅਕਸਰ ਖਾਣ ਨੂੰ ਰੋਟੀ, ਪਹਿਨਣ ਨੂੰ ਤਨ ਤੇ ਕੱਪੜਾ ਜ਼ਰੂਰੀ ਸੀ। ਬਾਲ ਬੱਚੇ ਦੀ ਮੁਹੱਬਤ, ਵਤਨ ਦੀ ਯਾਦ ਇਹ ਸਭ ਗੱਲਾਂ ਲੂੜੀਂਦੀਆਂ ਸਨ। "ਮਰਦਾ ਕੀ ਨਾ ਕਰਦਾ" ਵਾਲੀ ਗੱਲ ਬਣ ਰਹੀ ਸੀ। ਆਖ਼ਰ ਇਨ੍ਹਾਂ ਲੋਕਾਂ ਦੇ ਨਿੱਕੇ ਨਿੱਕੇ ਟੋਲੇ, ਦਸ ਦਸ ਵੀ ਦੇ, ਰੋਟੀ ਕੱਪੜੇ ਦੀ ਤਲਾਸ਼ ਵਿਚ ਘੁਮਣੇ ਸ਼ੁਰੂ ਹੋ ਗਏ। ਜਿਹੜਾ ਇਨ੍ਹਾਂ ਵਿਚ ਸਿਰ-ਕੱਢਵਾਂ ਹੁੰਦਾ ਉਸ ਨੂੰ ਸਾਰੇ ਆਪਣਾ ਆਗੂ ਸਰਕਾਰ ਮਨ ਲੈਂਦੇ। ਜਿੱਥੇ ਸਰਕਾਰ ਦਾ ਮਾਲ ਹੱਥ ਲੱਗਾ ਉਸ ਨੂੰ ਲੁੱਟ ਲਿਆ। ਜਿੱਥੇ ਕਿਸੇ ਵਪਾਰੀ ਦਾ ਆਉਂਦਾ ਜਾਂਦਾ ਕਾਫ਼ਲਾ ਸਾਹਮਣੇ ਆਇਆ ਉਸ ਉੱਪਰ ਹੱਥ ਮਾਰ ਕੇ ਨੌ ਦੋ ਗਿਆਰਾਂ ਹੋ ਗਏ। ਇਸ ਤਰ੍ਹਾਂ ਲੁੱਟ ਮਾਰ ਅਰਥਾਤ ਧਾੜੇ ਮਾਰਨ ਦਾ ਪੇਸ਼ਾ ਅਖ਼ਤਿਆਰ ਕਰਨ ਲਈ ਇਹ ਲੋਕ ਮਜਬੂਰ ਹੋ ਗਏ।

ਪਰ ਜਿਸ ਉਦੇਸ਼ ਲਈ ਘਰੋਂ ਨਿਕਲੇ ਸਨ ਉਹ ਉਦੇਸ਼ ਨਹੀਂ ਛੱਡਿਆ, ਸਗੋਂ ਇਨ੍ਹਾਂ ਦੇ ਵਿਸ਼ਵਾਸ ਦਿਨੋਂ ਦਿਨ ਹੋਰ ਵੀ ਪੱਕੇ ਹੁੰਦੇ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਾਰੇ ਸਿੱਖ ਸਮਾਜ ਲਈ ਪੰਥ ਨੂੰ ਕੇਂਦਰੀ ਸਥਾਨ ਦਾ ਦਰਜਾ ਦੇ ਰੱਖਿਆ ਸੀ ਅਤੇ ਗ੍ਰੰਥ

*Original with:*
Language Department Punjab
*Digitized by:*
Panjab Digital Library

ਸਾਹਿਬ ਨੂੰ ਇਸ ਤੋਂ ਵੀ ਉਪਰਲਾ ਦਰਜਾ। ਪਰ ਇਸ ਤੋਂ ਪਹਿਲਾਂ ਕਿ ਇਹ ਸੰਸਥਾ ਇਕ ਪੱਕੀ ਨੀਂਹ ਤੇ ਖੜ੍ਹੀ ਹੋ ਜਾਂਦੀ, ਗੁਰੂ ਸਾਹਿਬ ਮੁਗਲ ਸੂਬੇਦਾਰਾਂ ਨਾਲ ਜੰਗ ਵਿਚ ਜੁਟ ਗਏ ਅਤੇ ਬਾਅਦ ਵਿਚ ਦੱਖਣ ਨੂੰ ਚਲੇ ਗਏ, ਤੇ ਫ਼ਿਰ ਜੋਤੀ ਜੋਤ ਸਮਾ ਗਏ। ਜਦੋਂ ਬੰਦੇ ਨੇ ਅਗਵਾਈ ਕੀਤੀ ਤਦੋਂ ਵੀ ਖ਼ਾਲਸਾ ਮੁਗਲਾਂ ਨਾਲ ਜੰਗ ਵਿਚ ਹੀ ਜੁਟਿਆ ਹੋਇਆ ਸੀ। ਹੋਰ ਧਾਰਮਕ ਸੰਸਥਾ ਅਤੇ ਦੂਜੇ ਪਹਿਲੂਆਂ ਵੱਲ ਬਹੁਤ ਧਿਆਨ ਨਾ ਦੇ ਸਕਿਆ। ਕੇਵਲ ਪੰਥ ਦੇ ਨਾਂ ਦਾ ਸਿੱਕਾ ਅਤੇ ਪੰਥ ਦੇ ਨਾਂ ਦੀ ਸਰਕਾਰੀ ਮੁਹਰ ਬਣਵਾ ਲਈ ਗਈ; ਜਿਸ ਦਾ ਇਹ ਲਾਭ ਜ਼ਰੂਰ ਹੋਇਆ ਕਿ ਅੱਗੇ ਲਈ ਇਹ ਗੱਲ ਪੱਕੀ ਹੋ ਗਈ ਕਿ ਸਿੱਖ ਸਮਾਜ ਵਿਚ ਕਾਰ ਅਧਿਕਾਰ ਦਾ ਸੋਮਾ ਸਿਰਫ਼ ਖ਼ਾਲਸਾ ਪੰਥ ਹੀ ਹੈ। ਸੋ ਜਿਸ ਸਮੇਂ ਸਿੰਘ ਸ਼ਹਿਰਾਂ ਨੂੰ ਛੱਡ ਬਾਹਰੀ ਕੇਂਦਰਾਂ ਤੇ ਜੰਗਲਾਂ ਨੂੰ ਨਿਕਲ ਗਏ, ਉਹ ਆਪਣੇ ਨਾਲ ਆਪਣੀ ਮਾਣ ਮਰਿਆਦਾ ਲੈ ਕੇ ਗਏ। ਇਸ ਲਈ ਇਹ ਦੋ ਕੁ ਹਜਾਰ ਬੰਦੇ ਸਰਬਤ ਖ਼ਾਲਸਾ ਅਤੇ ਏਹੀ ਖ਼ਾਲਸਾ ਪੰਥ ਸਨ ਕਿਉਂਕਿ ਦਸ ਪੰਦਰਾਂ ਸਾਲ ਲਈ ਬਾਕੀ ਖ਼ਾਲਸਾ ਸ਼ਹਿਰਾਂ ਕਸਬਿਆਂ ਵਿਚ ਖ਼ਤਮ ਹੋ ਚੁੱਕਾ ਸੀ। ਇਹ ਸਵੇਰ ਸ਼ਾਮ ਪਾਠ ਕਰਦੇ ਅਤੇ ਅਰਦਾਸਾ ਸੋਧਦੇ "ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ" ਇਕੱਠੇ ਬਹਿਕੇ ਆਪਣੀਆਂ ਔਕੜਾਂ ਤੇ ਵਿਚਾਰ ਕਰਦੇ, ਉਸ ਦੇ ਉਪਾਅ ਸੋਚਦੇ ਤੇ ਗੁਰਮਤੇ ਪਾਸ ਕਰਦੇ, ਜੋ ਸਭ ਉਤੇ ਲਾਗੂ ਹੁੰਦੇ। ਇਹ ਪ੍ਰੰਪਰਾ ਆਪਣੇ ਆਪ ਜ਼ਰੂਰਤ ਦੇ ਮੁਤਾਬਕ ਕਾਇਮ ਹੁੰਦੀ ਗਈ। ਜਦੋਂ ਸੰਨ 1733 ਵਿਚ ਪੰਜਾਬ ਸਰਕਾਰ ਨੇ ਇਹ ਮਹਿਸੂਸ ਕਰ ਲਿਆ ਕਿ ਨਿਰੋਲ ਸਖ਼ਤੀ ਦੀ ਪਾਲਸੀ ਨਾਲ ਖ਼ਾਲਸੇ ਨੂੰ ਦਬਾ ਲੈਣਾ ਮੁਸ਼ਕਲ ਹੈ, ਪੰਜਾਬ ਦੇ ਗਵਰਨਰ ਖਾਂ ਬਹਾਦਰ ਜ਼ਕਰੀਆ ਖਾਂ ਨੇ ਦਿੱਲੀ ਸਰਕਾਰ ਪਾਸੋਂ ਖ਼ਜ਼ਾਨਾ ਹਾਸਲ ਕਰਕੇ ਖ਼ਾਲਸੇ ਨੂੰ ਇਕ ਲੱਖ ਰੁਪਿਆ ਸਾਲਾਨਾਂ ਦੀ ਜਗੀਰ ਅਤੇ ਇਨ੍ਹਾਂ ਦੇ ਸਭ ਤੋਂ ਵੱਡੇ ਲੀਡਰ ਨੂੰ 'ਨਵਾਬ' ਦਾ ਖ਼ਿਤਾਬ ਦੇ ਕੇ ਇਨ੍ਹਾਂ ਨੂੰ ਅਰਾਮ ਨਾਲ ਜੀਵਨ ਬਤੀਤ ਕਰਨ ਲਈ ਅਖਵਾ ਘੱਲਿਆ। ਇਹ ਪ੍ਰਸਤਾਵ ਪੰਥ ਅੱਗੇ ਰੱਖਿਆ ਗਿਆ ਤੇ ਗਹੁ ਨਾਲ ਵਿਚਾਰ ਕਰਨ ਮਗਰੋਂ ਸਵੀਕਾਰ ਕਰ ਲਿਆ ਗਿਆ। ਨਵਾਬ ਦਾ ਖ਼ਿਤਾਬ ਕਪੂਰ ਸਿੰਘ ਫ਼ੈਜ਼ਲਪੁਰੀਏ ਨੂੰ, ਜੋ ਉਸ ਵਕਤ ਖੜ੍ਹਾ ਸੰਗਤ ਨੂੰ ਪੱਖਾ ਕਰ ਰਿਹਾ ਸੀ, ਪੰਥ ਵੱਲੋਂ ਬਖਸ਼ ਦਿੱਤਾ ਗਿਆ।

ਚਾਰ ਪੰਜ ਸਾਲ ਸਰਕਾਰ ਨੂੰ ਵੀ ਤੇ ਇਨ੍ਹਾਂ ਸਿੰਘਾਂ ਨੂੰ ਵੀ ਸੁਖ ਦਾ ਸਾਹ ਆਇਆ। ਇਹ ਲੋਕ ਪਰਤ ਕੇ ਸ਼ਹਿਰਾਂ ਵਿਚ ਆਪਣੇ ਘਰੀਂ ਆ ਗਏ। ਨਾਲ ਹੀ ਆਪਣੇ ਪੰਥ ਦੇ ਇਕੱਠ ਅਤੇ ਗੁਰਮਤੇ ਪਾਸ ਕਰਨ ਵਾਲੀ ਪ੍ਰੰਪਰਾ ਲੈ ਆਏ। ਇਨ੍ਹਾਂ ਚਾਰ ਪੰਜ ਸਾਲਾਂ ਵਿਚ ਦੂਜੀ, ਜ਼ਰੂਰੀ ਗੱਲ ਜਿਸ ਦੀ ਪੱਕੀ ਨੀਂਹ ਰੱਖੀ ਗਈ, ਉਹ ਸੀ ਦਲਾਂ ਦੀ ਸੰਸਥਾ।

**ਬੁੱਢਾ ਦੱਲ ਤੇ ਤਰੁਣਾ ਦਲ ਦੀ ਕਾਇਮੀ** :—ਇਨ੍ਹਾਂ ਜੰਗਲ ਵਾਸੀ ਸਿੰਘਾਂ ਵਿਚ ਬੁੱਢੇ ਅਤੇ ਜੁਆਨ ਸਭ ਸ਼ਾਮਲ ਸਨ। ਕੁਝ ਤਾਂ ਅਜਿਹੇ ਸਿੰਘ ਸਨ ਜਿਹੜੇ ਗੁਰੂ ਸਾਹਿਬ ਦੀ ਅਗਵਾਈ ਵਿਚ ਵੀ ਲੜਾਈਆਂ ਵਿਚ ਹਿੱਸਾ ਲੈਂਦੇ ਰਹੇ ਜਿਸ ਤਰ੍ਹਾਂ ਨਵਾਬ ਕਪੂਰ ਸਿੰਘ ਤੇ ਉਸ ਦੇ ਸਾਥੀ ਬਾਗ ਸਿੰਘ, ਗੁਰਬਖ਼ਸ਼ ਸਿੰਘ ਆਦਿ। ਇਨ੍ਹਾਂ ਦੇ ਦਲ ਲਈ। ਬੁੱਢਾ ਦਲ ਅਤੇ ਦੂਜੇ ਦਾ ਨਾਂ ਤਰੁਣਾ ਦੱਲ ਅਰਥਾਤ ਨੌਜੁਆਨਾਂ ਦਾ ਦੱਲ, ਜਿਸ

Original with:
Language Department Punjab
Digitized by:
Panjab Digital Library

ਵਿਚ ਦੀਪ ਸਿੰਘ ਸ਼ਹੀਦ, ਬਿਨੋਦ ਸਿੰਘ, ਜੀਵਨ ਸਿੰਘ ਰੰਗਰੇਟਾ ਆਦਿ ਸਨ । ਇਸ ਤਰ੍ਹਾਂ ਦਸ ਦਸ ਵੀਹ ਵੀਹ ਵਾਲੇ ਨਿੱਕੇ ਨਿੱਕੇ ਟੋਲੇ ਆਪ ਵਿਚ ਮਿਲਾ ਕੇ ਵੱਡੇ ਵੱਡੇ ਅਰਥਾਤ ਪੰਜ ਸੋ ਜਾਂ ਹਜ਼ਾਰ ਹਜ਼ਾਰ ਦੇ ਵੱਡੇ ਜੱਥੇ ਥਾਪ ਦਿੱਤੇ ਗਏ । ਜਿਵੇਂ ਬਾਅਦ ਦੇ ਇਤਿਹਾਸ ਤੋਂ ਜ਼ਾਹਰ ਹੋ ਜਾਵੇਗਾ । 'ਦਲਾਂ' ਦੀ ਇਹ ਕਾਇਮੀ ਖ਼ਾਲਸੇ ਦੇ ਹੱਕ ਵਿਚ ਬੜੇ ਢੁਕਵੇਂ ਸਮੇਂ ਕੀਤੀ ਗਈ।

**ਸਰਕਾਰ ਨਾਲ ਖ਼ਾਲਸੇ ਦਲਾਂ ਦਾ ਟਾਕਰਾ ਅਤੇ ਖ਼ਾਲਸੇ ਦੇ ਵਿਰੁੱਧ ਫਿਰ ਤਸ਼ੱਦਦ :**—ਅੰਮ੍ਰਿਤਸਰ ਦੇ ਜ਼ਿਲੇ ਵਿਚ ਦਲਾਂ ਦੇ ਡੇਰੇ ਲਗ ਗਏ, ਜਗੀਰਾਂ ਮਿਲ ਗਈਆਂ । ਬੁੱਢਾ ਦਲ ਤਾਂ ਕੁਝ ਠੀਕ ਚਲਦਾ ਰਿਹਾ ਪਰੰਤੂ ਤਰੁਣਾ ਦਲ ਨੂੰ ਕਾਬੂ ਰੱਖਣਾ ਕਪੂਰ ਸਿੰਘ ਲਈ ਵੀ ਔਖਾ ਹੋ ਗਿਆ । ਉਹ ਲੱਗੇ ਇਧਰ ਉਧਰ ਘੁੰਮਣ ਤੇ ਹੱਥ ਮਾਰਨ । ਨਤੀਜਾ ਇਹ ਨਿਕਲਿਆ ਕਿ ਸਰਕਾਰ ਨੇ ਚਾਰ ਸਾਲ ਇਨ੍ਹਾਂ ਦਾ ਰਵੱਈਆ ਦੇਖ ਕੇ ਇਕ ਲੱਖ ਦੀ ਜਗੀਰ ਵਾਪਸ ਲੈ ਲਈ, ਜਿਸ ਕਰ ਕੇ ਫਿਰ ਨਵੇਂ ਸਿਰਿਓਂ ਫ਼ਸਾਦ ਸ਼ੁਰੂ ਹੋ ਗਏ। ਸੰਨ 1736 ਵਿਚ ਦੀਵਾਨ ਲਖਪਤ ਰਾਇ ਲਾਹੌਰੋਂ ਇਕ ਤੱਕੜੀ ਫੌਜ ਲੈ ਕੇ ਤਰੁਣਾ ਦਲ ਦੇ ਮਗਰ ਹੋ ਖੜਾ ਹੋਇਆ ਅਤੇ ਉਨ੍ਹਾਂ ਨੂੰ ਸੱਤਲੁਜ ਦਰਿਆ ਦੇ ਪਾਰ ਭਜਾ ਕੇ ਫਿਰ ਸਾਹ ਲਿਆ । ਪਰ ਜਾਗੀਰ ਬੰਦ ਹੋ ਜਾਣ ਕਾਰਣ ਬੁੱਢਾ ਦਲ ਵੀ ਨਿਕਲ ਖੜ੍ਹਾ ਹੋਇਆ ਸੀ ਤੇ ਇਨ੍ਹਾਂ ਦਾ ਟਾਕਰਾ ਗਵਰਨਰ ਲਾਹੌਰ ਦੀ ਫੌਜ ਦੇ ਦੂਜੇ ਦਸਤੇ ਨਾਲ ਹੋ ਪਿਆ । ਮੁਗ਼ਲ ਜਰਨੈਲ ਹੈਬਤ ਖ਼ਾਂ ਨੇ ਕਪੂਰ ਸਿੰਘ ਵਾਲੇ ਦਲ ਨੂੰ ਬੁਰੀ ਤਰ੍ਹਾਂ ਹਾਰ ਦਿੱਤੀ । ਜਿਵੇਂ ਇਹ ਖ਼ਬਰ ਤਰੁਣਾ ਦਲ ਨੂੰ ਪੁੱਜੀ ਉਹ ਮੁੜ ਪੰਜਾਬ ਆ ਵੜੇ ਅਤੇ ਹੁਣ ਦੋਵਾਂ ਦਲਾਂ ਨੇ ਮਿਲ ਕੇ ਹੁਜਰਾਸ਼ਾਹ ਮੁਕੀਮ ਦੇ ਨੇੜੇ ਮੁਗ਼ਲ ਫੌਜ ਨੂੰ ਹਾਰ ਦਿੱਤੀ । ਜੰਗ ਵਿਚ ਦੀਵਾਨ ਲਖਪਤ ਰਾਇ ਦਾ ਭਤੀਜਾ ਦਨੀਚੰਦ ਅਤੇ ਦੋ ਮੁਸਲਮਾਨ ਜਰਨੈਲ ਕੱਤਲ ਹੋਏ । ਸਰਕਾਰ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ । ਨਵਾਬ ਜ਼ਕਰੀਆ ਖ਼ਾਂ, ਗਵਰਨਰ ਪੰਜਾਬ, ਅਤੇ ਦੀਵਾਨ ਲਖਪਤ ਰਾਇ ਨੇ ਮਿਲ ਕੇ ਬੜੀ ਸਖ਼ਤੀ ਦੀ ਪਾਲਸੀ ਦੀ ਵਰਤੋਂ ਦਾ ਫ਼ੈਸਲਾ ਕਰ ਲਿਆ; ਅਤੇ ਇਸ ਤਸ਼ੱਦਦ ਨੂੰ ਅਮਲੀ ਜਾਮਾਂ ਪਹਿਨਾਣ ਲਈ ਆਪਣਾ ਪੂਰਾ ਤਰਾਣ ਲਾ ਦਿੱਤਾ । ਪਿੰਡ ਦੇ ਪਟਵਾਰੀ ਤੋਂ ਲੈ ਕੇ ਸੂਬੇ ਦੇ ਨਾਜ਼ਮ ਤਕ, ਸਭ ਸਰਕਾਰੀ ਅਫ਼ਸਰਾਂ ਦੇ ਨਾਂ ਹੁਕਮ ਜਾਰੀ ਕੀਤੇ ਗਏ ਕਿ ਜਿੱਥੇ ਵੀ ਕੋਈ ਸਿੱਖ ਨਜ਼ਰ ਆਵੇ, ਉਸ ਨੂੰ ਕੱਤਲ ਕਰ ਦਿੱਤਾ ਜਾਵੇ ਜਾਂ ਜ਼ਿੰਦਾ ਪਕੜ ਕੇ ਸਰਕਾਰ ਦੇ ਸਾਹਮਣੇ ਪੇਸ਼ ਕੀਤਾ ਜਾਵੇ । ਨਾਲ ਹੀ ਇਨਾਮ ਦਾ ਲਾਲਚ ਵੀ ਦਿੱਤਾ ਗਿਆ ਕਿ ਜੋ ਮਰੇ ਹੋਏ ਸਿੱਖ ਦਾ ਸਿਰ ਲਾਹ ਕੇ ਲੈ ਆਵੇ, ਜੋ ਕੋਈ ਜੀਉਂਦੇ ਸਿੱਖ ਨੂੰ ਫੜ ਕੇ ਲੈ ਆਵੇ ਤੇ ਜੋ ਕੋਈ ਲੁੱਕੇ ਛੁਪੇ ਸਿੱਖ ਦੀ ਸੂਚਨਾ ਦੇਵੇ ਹਰ ਇਕ ਲਈ ਇਨਾਮ ਦੀ ਵੱਖ ਵੱਖ ਰਕਮ ਮੁਕੱਰਰ ਕਰ ਦਿੱਤੀ ਗਈ । ਸਰਕਾਰੀ ਮੁਲਾਜ਼ਮ ਤੋਂ ਇਲਾਵਾ ਦੂਜੇ ਲੋਕ, ਜੋ ਸਰਕਾਰ ਦਰਬਾਰ ਵਿਚ ਮਾਣ ਪ੍ਰਾਪਤ ਕਰਨਾ ਚਾਹੁੰਦੇ, ਉਨ੍ਹਾਂ ਨੇ ਵੀ ਇਸ ਕੰਮ ਵਿਚ ਸਰਕਾਰ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ । ਇਨ੍ਹਾਂ ਹਾਲਤਾਂ ਵਿਚ ਕਿਸੇ ਲਈ ਵੀ ਖੁਲ੍ਹਮ ਖੁਲ੍ਹਾ ਸਿੱਖੀ ਨਿਸ਼ਾਨ ਕਾਇਮ ਰੱਖ ਕੇ ਪਿੰਡਾਂ, ਕੱਸਬਿਆਂ ਤੇ ਸ਼ਹਿਰਾਂ

Original with:
Language Department Punjab
Digitized by:
Panjab Digital Library

ਵਿਚ ਰਹਿਣਾ ਅਸੰਭਵ ਹੋ ਗਿਆ। ਕਹਾਵਤ ਮਸ਼ਹੂਰ ਹੈ ਕਿ ਜੇ ਕਿਸੇ ਔਰਤ ਨੂੰ ਕੋਈ ਪੁੱਛਦਾ ਮਾਈ ਤੇਰੇ ਕਿਤਨੇ ਪੁੱਤਰ ਨੇ, ਉਹ ਉੱਤਰ ਦਿੰਦੀ "ਬੱਚਾ ਹੈਸਨ ਤਾਂ ਚਾਰ ਪਰ ਇੱਕ ਸਿੱਖ ਬਣ ਚੁੱਕਾ ਹੈ" ਭਾਵ ਸਿੱਖ ਬਣ ਜਾਣਾ ਮੋਇਆਂ ਵਿਚ ਸ਼ੁਮਾਰ ਹੋ ਜਾਣ ਵਾਲਾ ਮਾਮਲਾ ਹੋ ਚੁੱਕਾ ਸੀ। ਖ਼ਾਲਸਾ ਮੁੜ ਕੇ ਪੰਜਾਬ ਛੱਡਣ ਨੂੰ ਮਜਬੂਰ ਹੋ ਗਿਆ ਤੇ ਲੱਖੀ ਨਾਂ ਦੇ ਸੰਘਣੇ ਜੰਗਲ, ਪਹਾੜਾਂ ਦੀ ਓਟ ਤੇ ਰੇਤਲੇ ਮੈਦਾਨਾਂ ਵਿਚ ਜਾ ਕੇ ਰਹਿਣ ਲਗ ਪਏ। ਕਈ ਭੱਗਤ, ਪਵਿੱਤਰ ਆਤਮਾ ਤੇ ਮਹਾਂਪੁਰਸ਼ ਇਸੇ ਸਖ਼ਤੀ ਦਾ ਸ਼ਿਕਾਰ ਹੋ ਗਏ। ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਹਕੀਕਤ ਰਾਇ ਧਰਮੀ ਆਦਿਕ ਦੀ ਸ਼ਹੀਦੀ ਇਸੇ ਤਸ਼ੱਦਦ ਦਾ ਹੀ ਸਿੱਟਾ ਸੀ। ਅਜਿਹਾ ਲਗਦਾ ਸੀ ਕਿ ਸ਼ਾਇਦ ਖ਼ਾਲਸੇ ਦੀ ਇਹ ਲਹਿਰ ਹਮੇਸ਼ਾਂ ਹੀ ਦੱਬ ਜਾਵੇ, ਕਿਉਂ ਜੋ ਇਨ੍ਹਾਂ ਦਾ ਪਿੱਛਾ ਕਰਨ ਲਈ ਜ਼ਕਰੀਆ ਖਾਂ ਨੇ ਇਕ ਖ਼ਾਸ ਸਵਾਰੀ ਫ਼ੌਜ (ਗਸ਼ਤੀ ਫ਼ੌਜ) ਸਥਾਪਤ ਕਰ ਲਈ ਸੀ, ਜੋ ਹਰਦਮ ਗਸ਼ਤ ਉਪਰ ਰਹਿੰਦੀ ਅਤੇ ਖ਼ਾਲਸੇ ਦੀਆਂ ਲੁੱਕਣ ਛਿੱਪਣ ਵਾਲੀਆਂ ਥਾਵਾਂ ਤਕ ਵੀ ਪੁੱਜ ਜਾਂਦੀ ਸੀ। ਪਰ ਪਰਮਾਤਮਾ ਨੂੰ ਖ਼ਾਲਸੇ ਦਾ ਬਚਾਉਣਾ ਹੀ ਮਨਜ਼ੂਰ ਸੀ। ਇਕ ਦਿਨ ਜ਼ਕਰੀਆ ਖਾਂ ਨੂੰ ਮੌਤ ਨੇ ਅਚਾਨਕ ਆਣ ਘੇਰਿਆ ਅਤੇ ਉਹ ਇਕ ਅੱਧ ਦਿਨ ਬੀਮਾਰ ਰਹਿ ਕੇ ਜੁਲਾਈ 1745 ਨੂੰ ਮਰ ਗਿਆ।

ਜ਼ਕਰੀਆਂ ਖ਼ਾਂ ਦੀ ਮੌਤ ਸਿੱਖਾਂ ਲਈ ਇਕ ਤਰ੍ਹਾਂ ਦੀ ਛੁੱਪੀ ਨਿਆਮਤ ਸਾਬਤ ਹੋਈ। ਦੋ ਦੋ ਸਾਲ ਤਕ ਪੰਜਾਬ ਦਾ ਕੋਈ ਪੱਕਾ ਗਵਰਨਰ ਮੁਕੱਰਰ ਨਾ ਕੀਤਾ ਗਿਆ। ਬਦਇੰਤਜ਼ਾਮੀ ਫੈਲਣੀ ਸ਼ੁਰੂ ਹੋ ਗਈ, ਸੱਚ ਪੁੱਛੋ ਤਾਂ ਦੇਸ਼ ਵਿਚ, ਤੇ ਖ਼ਾਸ ਕਰ ਪੰਜਾਬ ਵਿਚ ਸਰਕਾਰੀ ਢਾਂਚਾ 6 ਵਰ੍ਹੇ ਪਹਿਲਾਂ ਅਰਥਾਤ ਨਾਦਰਸ਼ਾਹ ਦੇ ਹੱਮਲੇ ਨਾਲ ਸੰਨ 1739 ਵਿਚ ਹੀ ਵਿਗੜ ਚੁਕਾ ਸੀ ਤੇ ਬਾਕੀ ਰਹਿੰਦਾ ਹੁਣ ਵਿਗੜ ਰਿਹਾ ਸੀ। ਸਿੱਖਾਂ ਦੇ ਤਰੁਣਾ ਦਲ ਨੇ ਤਾਂ ਨਾਦਰ ਨਾਲ ਵੀ ਘੱਟ ਨਹੀਂ ਸੀ ਕੀਤੀ। ਇਨ੍ਹਾਂ ਨੂੰ ਆਪਣੇ ਖ਼ਬਰ ਪਹੁੰਚਾਉਣ ਵਾਲਿਆਂ ਰਾਹੀਂ ਖ਼ਬਰ ਮਿਲੀ ਕਿ ਮੁਗ਼ਲ ਬਾਦਸ਼ਾਹਾਂ ਦੀਆਂ ਛੇਆਂ ਪੀੜ੍ਹੀਆਂ ਦੀ ਜਮ੍ਹਾਂ ਕੀਤੀ ਹੋਈ ਬੇਓੜਕ ਦੌਲਤ ਨਾਦਰ ਲੁਟ ਕੇ ਆਪਣੇ ਘਰ ਲੈ ਜਾ ਰਿਹਾ ਹੈ। ਇਹ ਸੁਣ ਕੇ ਖ਼ਾਲਸਾ ਵੀ ਤਿਆਰ ਬਰ ਤਿਆਰ ਹੋ ਗਿਆ ਤੇ ਜਿਨ੍ਹਾਂ ਰਾਹਾਂ ਤੋਂ ਈਰਾਨੀ ਲਸ਼ਕਰ ਨੇ ਲੰਘ ਕੇ ਜਾਣਾ ਸੀ ਉਨ੍ਹਾਂ ਰਾਹਾਂ ਤੇ ਇਹ ਜਥੇ ਘੁੰਮਣ ਫਿਰਣ ਲੱਗ ਗਏ। ਆਖ਼ਰ ਆਪਣੇ ਇਰਾਦੇ ਵਿਚ ਸਫ਼ਲ ਹੋਏ ਤੇ ਦੋ ਥਾਵੀਂ ਮੌਕਾ ਲੱਭ ਕੇ ਨਾਦਰਸ਼ਾਹ ਦਾ ਭਾਰ ਹੌਲਾ ਕਰ ਦਿੱਤਾ।

**ਦਲ ਖ਼ਾਲਸਾ ਅਪਰੈਲ** 1748 :—ਜ਼ਕਰੀਆ ਖ਼ਾਂ ਦੇ ਪੁਤਰਾਂ ਦੇ ਝੱਗੜੇ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਉਪਰੋ ਥਲੀ ਹੱਮਲੇ ਹੋਣ ਦੇ ਕਾਰਣ ਜੋ ਹਫੜਾ ਦਫੜੀ ਪੰਜਾਬ ਵਿਚ ਪੈ ਗਈ, ਉਸ ਤੋਂ ਲਾਭ ਉਠਾ ਕੇ ਕਿਵੇਂ ਜੰਗਜੂ ਜਾਂ ਲੜਾਕੇ ਸੁਭਾਉ ਵਾਲੇ ਮੁਸਲਮਾਨਾਂ ਵਿਅਕਤੀਆਂ, ਗਰੋਹਾਂ ਤੇ ਕਬੀਲਿਆਂ ਨੇ ਆਪਣੇ ਆਪਣੇ ਲਈ ਨਿੱਕੀਆਂ ਨਿੱਕੀਆਂ ਰਿਆਸਤਾਂ ਕਾਇਮ ਕਰ ਲਈਆਂ ਜਿਸ ਦਾ ਹਾਲ ਅਸੀਂ ਪਹਿਲਾਂ ਜ਼ਿਕਰ ਕਰ ਚੁਕੇ ਹਾਂ। ਇਸੇ ਸਮੇਂ ਅਰਥਾਤ ਹਫੜਾ ਦਫੜੀ ਦੇ ਸਮੇਂ ਹੀ ਸਿੱਖਾਂ ਨੇ ਵੀ ਖ਼ਾਲਸਾ ਰਾਜ ਕਾਇਮ

*Original with:*
Language Department Punjab
*Digitized by:*
Panjab Digital Library

ਕਰ ਲਿਆ। ਜਦ ਇਨ੍ਹਾਂ ਦੇਖਿਆ ਕਿ ਮੁਗਲਾਂ ਦੇ ਹੱਥੋਂ ਨਿਕਲ ਦੇ ਪੰਜਾਬ ਦਾ ਰਾਜ ਕਾਬਲ ਦੇ ਪਠਾਣ ਬਾਦਸ਼ਾਹ ਅਹਿਮਦ ਸ਼ਾਹ ਦੇ ਹੱਥ ਜਾ ਰਿਹਾ ਹੈ ਤਾਂ ਇਨ੍ਹਾਂ ਦੇ ਆਗੂਆਂ ਨੇ ਫੈਸਲਾ ਕਰ ਲਿਆ ਕਿ ਹਾਲਾਂ ਮੁਸ਼ਕਲ ਨਾਲ ਮੁਗਲਾਂ ਤੋਂ ਪਿੱਛਾ ਛੁੜਾਇਆ ਹੀ ਹੈ ਇਸ ਲਈ ਹੁਣ ਪਠਾਣਾਂ ਦੇ ਰਾਜ ਦੀ ਪੰਜਾਲੀ ਅਸੀਂ ਆਪਣੇ ਗੱਲੇ ਵਿਚ ਕਦਾਚਿਤ ਨਹੀਂ ਪੈਣ ਦੇਵਾਂਗੇ। ਕਿਸੇ ਨੇ ਸੱਚ ਕਿਹਾ ਹੈ ਕਿ ਲੋੜ ਵੇਲੇ ਰੱਬ ਆਗੂ ਬੰਦੇ ਆਪ ਹੀ ਘੱਲ ਦਿੰਦਾ ਹੈ। ਇਸ ਵੇਲੇ ਸਿੱਖਾਂ ਵਿਚ ਚੰਗੇ ਚੰਗੇ ਸੂਰਬੀਰ, ਸਿਆਣੇ ਤੇ ਆਉਣ ਵਾਲੇ ਸਮੇਂ ਨੂੰ ਪੂਰੀ ਤਰ੍ਹਾਂ ਪਰਖ ਲੈਣ ਵਾਲੇ ਵਿਅਕਤੀ ਮੌਜੂਦ ਸਨ। ਸੰਨ 1748 ਵਿਚ ਵਿਸਾਖੀ ਦੇ ਮੌਕੇ ਤੇ ਜਦੋਂ ਇਹ ਸਭ ਜੰਗਲ-ਵਾਸੀ ਸਰਦਾਰ ਆਪਣੇ ਆਪਣੇ ਜਥੇ ਲੈ ਕੇ ਅੰਮ੍ਰਿਤਸਰ ਇਸ਼ਨਾਨ ਲਈ ਆਏ ਹੋਏ ਸਨ, ਇਕੱਠੇ ਹੋਏ, ਦਿਵਾਨ ਸਜਾਇਆ ਤੇ ਇਸ ਮਾਮਲੇ ਉਪਰ ਬੜੀ ਗਹੁ ਨਾਲ ਵਿਚਾਰ ਕੀਤੀ। "ਸੌ ਸਿਆਣਾ ਇਕੋ ਮੱਤ" ਸਭ ਨੇ ਇਹੋ ਰਾਇ ਪ੍ਰਗਟ ਕੀਤੀ ਕਿ ਜੇਕਰ ਅਬਦਾਲੀ ਦੀ ਟਰੇਂਡ ਫੌਜ ਦਾ ਮੁਕਾਬਲਾ ਕਰਨਾ ਹੈ ਤਾਂ ਉਸ ਦਾ ਇਕੋ ਹੀ ਇਲਾਜ ਹੈ ਕਿ ਪੰਥ ਦੀ ਖਿੰਡਰੀ ਪੁੰਡਰੀ ਫੌਜ ਨੂੰ ਇਕ ਥਾਂ ਇਕੱਠਾ ਕਰ ਲਿਆ ਜਾਵੇ ਤੇ ਇਸ ਨੂੰ ਵੈਰੀ ਦੇ ਮੁਕਾਬਲੇ ਤੇ ਢਾਹ ਦਿੱਤਾ, ਤਦ ਹੀ ਜਿੱਤ ਦੀ ਕੁਝ ਆਸ ਹੋ ਸਕਦੀ ਹੈ। ਦੂਜੇ ਸ਼ਬਦਾਂ ਵਿਚ ਨਿੱਕੇ ਵਡੇ, ਇਕੱਲੇ ਦੁਕੱਲੇ ਨੂੰ ਦੂਰ ਨੇੜੇ ਦੇ ਜਿਤਨੇ ਵੀ ਖ਼ਾਲਸੇ ਦੇ ਟੋਲੇ ਹਨ ਉਨ੍ਹਾਂ ਨੂੰ ਮਿਲਾ ਕੇ ਇਕ ਵੱਡਾ ਦਲ ਬਣਾ ਦਿੱਤਾ ਜਾਵੇ ਤੇ ਇਸ ਦਲ ਦਾ ਇਕ ਕਮਾਨ ਅਫਸਰ ਚੁਣ ਲਿਆ ਜਾਵੇ। ਦੁਸਹਿਰੇ ਤੇ ਵਿਸਾਖੀ ਦੇ ਮੌਕੇ ਤੇ ਇਕੱਠ ਕਰਕੇ ਸਾਰੀਆਂ ਸਰਦੀਆਂ ਤੇ ਗਰਮੀਆਂ ਦਾ ਪ੍ਰੋਗਰਾਮ ਬਣਾ ਲਿਆ ਜਾਵੇ। ਦਲ ਦੀ ਹਰ ਇਕ ਡਵੀਜ਼ਨ ਜਾਂ ਫੌਜੀ ਦਸਤੇ ਨੂੰ ਇਸ ਪ੍ਰੋਗਰਾਮ ਦੇ ਅਨੁਸਾਰ ਕੰਮ ਕਰਨ ਲਈ ਕਿਹਾ ਜਾਵੇ। ਸੱਠ ਪੈਂਠ ਜੱਥੇਦਾਰ ਮੌਜੂਦ ਸਨ। ਸਭ ਨੂੰ ਇਹ ਵਿਉਂਤ ਦਿਲ ਲੱਗੀ ਅਤੇ ਗੁਰਮਤਾ ਪਾਸ ਕਰਕੇ ਇਸ ਦਾ ਨਾਂ "ਦਲ ਖ਼ਾਲਸਾ ਜੀਉ" ਰੱਖ ਦਿੱਤਾ। ਨਵਾਬ ਕਪੂਰ ਸਿੰਘ ਦੇ ਕਹਿਣ ਤੇ (ਖੁਦ ਉਹ ਬੁੱਢਾ ਹੋ ਚੁਕਾ ਸੀ) ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪਹਿਲਾ ਕਮਾਨ ਅਫ਼ਸਰ ਨਿਯਤ ਕੀਤਾ ਗਿਆ। ਸਭ ਟੋਲਿਆਂ ਨੂੰ ਰਲਾ ਮਿਲਾ ਕੇ ਨਵਿਉਂ ਸਿਰਿਉਂ ਗਿਆਰਾਂ ਬਾਰਾਂ ਵੱਡੇ ਵੱਡੇ ਜੱਥੇ ਬਣਾਏ ਗਏ ਅਤੇ ਹਰ ਇਕ ਜਥਾ ਇਕ ਚੋਣਵੇਂ ਸਰਦਾਰ ਦੀ ਸਪੁਰਦਗੀ ਵਿਚ ਦੇ ਦਿੱਤਾ। ਇਹ ਜੱਥੇ ਹੁਣ ਲੱਗੇ ਪ੍ਰੋਗਰਾਮ ਅਨੁਸਾਰ ਆਪੋ ਆਪਣਾ ਕੰਮ ਕਰਨ।

ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਸੰਨ 1748 ਤੋਂ ਲੈ ਕੇ 1753 ਤਕ ਸਾਰਾ ਪੰਜਾਬ ਤੇ ਸਰਹੰਦ ਅਹਿਮਦ ਸ਼ਾਹ ਅਬਦਾਲੀ ਨੇ ਦਿੱਲੀ ਦੀ ਡੁੱਬਦੀ ਰਾਜਧਾਨੀ ਤੋਂ ਵੱਖਰਾ ਕਰਕੇ ਕਾਬਲ ਦੀ ਰਾਜਧਾਨੀ ਨਾਲ ਮਿਲਾ ਲਿਆ ਸੀ। ਮੀਰ ਮੁਈਨ-ਉਲ-ਮੁਲਕ ਨੂੰ ਆਪਣੇ ਵੱਲੋਂ ਉਸ ਸੂਬੇ ਦਾ ਗਵਰਨਰ ਨਿਯਤ ਕਰ ਰੱਖਿਆ ਸੀ। ਇਹ ਬਹੁਤ ਜਾਬਰ ਹਾਕਮ ਸਾਬਤ ਹੋਇਆ। ਚਾਰਜ ਲੈਂਦੇ ਹੀ ਉਸ ਨੇ ਖ਼ਾਲਸਾ ਦਲ ਦੀਆਂ ਗਰਮੀਆਂ ਨੂੰ ਬੰਦ ਕਰਨ ਵੱਲ ਧਿਆਨ ਦਿੱਤਾ ਅਤੇ ਪੂਰਾ ਪੂਰਾ ਧਿਆਨ ਦਿੱਤਾ। ਜ਼ਕਰੀਆ ਖ਼ਾਂ ਵਾਂਗੂੰ ਇਕ "ਗਸ਼ਤੀ ਫੌਜ" ਫਿਰ ਤਿਆਰ ਕੀਤੀ ਗਈ, ਪਰ ਇਸ ਵੇਰ ਇਨ੍ਹਾਂ ਸਵਾਰਾਂ ਨੂੰ ਹੱਲਕੀਆਂ ਤੋਪਾਂ ਅਤੇ

Original with:
Language Department Punjab
Digitized by:
Panjab Digital Library

ਜਜ਼ਾਇਲਾਂ ਵੀ ਨਾਲ ਦਿੱਤੀਆਂ ਗਈਆਂ ਤਾਂ ਜੋ ਲੜਾਈ ਵਿਚੋਂ ਨੱਠੇ ਸਿੰਘਾਂ ਉਪਰ ਗੋਲਾਬਾਰੀ ਵੀ ਕੀਤੀ ਜਾ ਸਕੇ। ਡੇਢ ਸਾਲ ਦੇ ਅਰਸੇ ਵਿਚ (ਮਾਰਚ 1752 ਤੋਂ ਨਵੰਬਰ 1754) ਮੀਰ ਮੁੱਈਨ ਨੇ ਖ਼ਾਲਸੇ ਨੂੰ ਮੱਖੋਵਾਲ ਪਾਸ, ਦਰਿਆ ਸੱਤਲੁਜ ਦੀ ਬੇਟ ਕੋਟ ਬੁੱਢੇ ਪਾਸ, ਬਟਾਲੇ ਪਾਸ ਫਿਰ ਕਿੱਲ੍ਹਾ ਰਾਮ ਰੌਣੀ ਅੰਮ੍ਰਿਤਸਰ ਪਾਸ, ਤਿੰਨ ਚਾਰ ਥਾਵਾਂ ਤੇ ਉਪਰ ਥਲੀਂ ਸ਼ਿਕੱਸਤ ਮਿਲੀ। ਖ਼ਾਲਸੇ ਦਾ ਜਾਨੀ ਅਤੇ ਮਾਲੀ ਨੁਕਸਾਨ ਬਹੁਤ ਹੋਇਆ। ਖ਼ਾਲਸੇ ਨੌਜੁਆਨਾਂ ਦੇ ਟੋਲੇ ਦੇ ਟੋਲੇ ਪਕੜ ਕੇ ਮੌਤ ਦੇ ਘਾਟ ਉਤਾਰ ਦਿੱਤੇ ਗਏ। ਪਰ ਖ਼ਾਲਸਾ ਘੱਟਣ ਦੀ ਥਾਂ ਦਿਨੋਂ ਦਿਨ ਵੱਧਦਾ ਹੀ ਗਿਆ*। ਸਗੋਂ ਮੀਰ ਮੁੱਈਨ ਆਪ ਹੀ ਜਲਦੀ ਖ਼ਤਮ ਹੋ ਗਿਆ ਤੇ 3 ਨਵੰਬਰ 1753 ਨੂੰ ਅਚਾਨਕ ਇਕ ਦਿਨ ਘੋੜੇ ਤੋਂ ਡਿੱਗ ਕੇ ਮਰ ਗਿਆ।

**ਖ਼ਾਲਸੇ ਦਾ ਲੋਕਾਂ ਨੂੰ ਆਪਣੀ ਰਾਖੀ ਹੇਠ ਰੱਖਣਾ** :—ਮੀਰ ਮਨੂੰ ਦੇ ਮਰਨ ਪਿੱਛੋਂ ਜੋ ਬਦਅਮਨੀ, ਬਦਇੰਤਜ਼ਾਮੀ, ਅਰਾਜਿਕਤਾ ਅਤੇ ਸੁਰੱਖਿਆ ਦੀ ਅਣਹੋਂਦ ਪੰਜਾਬ ਵਿਚ ਫੈਲ ਗਈ, ਉਸ ਦਾ ਖੋਲ੍ਹ ਕੇ ਹਾਲ ਅਸੀਂ ਪਹਿਲਾਂ ਲਿਖ ਚੁਕੇ ਹਾਂ। ਜੇ ਕੁਝ ਵੱਡੇ ਸ਼ਹਿਰਾਂ ਜਾਂ ਕੱਸਬਿਆਂ ਵਿਚ ਨਾਂ ਮਾਤਰ ਜਾਨ ਤੇ ਮਾਲ ਦੀ ਰਾਖੀ ਦਾ ਕੋਈ ਬੰਦੋਬਸਤ ਹੋਵੇ ਤਾਂ ਹੋਵੇ ਵਰਨਾ ਆਮ ਸ਼ਹਿਰੀ ਇਲਾਕੇ ਵਿਚ ਕੋਈ ਇੰਤਜ਼ਾਮ ਨਹੀਂ ਸੀ ਅਤੇ ਨਾ ਹੀ ਉਸ ਵਕਤ ਦੇਸ਼ ਵਿਚ ਕੋਈ ਅਜਿਹੀ ਪੱਕੀ ਸੰਸਥਾ ਹੀ ਸੀ ਜਿਸ ਪਾਸੋਂ ਲੋਕਾਂ ਨੂੰ ਇਸ ਪ੍ਰਕਾਰ ਦੀ ਸਹਾਇਤਾਂ ਦੀ ਉਮੀਦ ਹੋ ਸਕੇ। ਸਿਰਫ਼ ਖ਼ਾਲਸਾ ਹੀ ਸੀ ਜਿਸ ਨੇ ਹੁਣੇ ਹੁਣੇ ਆਪਣੀ ਸੰਸਥਾ ਕਾਇਮ ਕੀਤੀ ਸੀ। ਸੋ ਲੋਕ ਸਹਾਇਤਾ ਦੇ ਲੋੜਵੰਦ ਸਨ ਅਤੇ ਖ਼ਾਲਸਾ ਵੀ ਇਸ ਗੱਲ ਦਾ ਇੱਛਕ ਸੀ ਕਿ ਪੰਜਾਬ ਦੀ ਗੁਲਾਮ ਜਨਤਾਂ ਹਿੰਦੂ ਹੋਵੇ ਭਾਵੇਂ ਮੁਸਲਮਾਨ, ਇਨ੍ਹਾਂ ਦਾ ਛੱਤਰ ਛਾਇਆ ਹੇਠ ਆਉਣ ਲਈ ਤਿਆਰ ਹੋ ਜਾਵੇ। ਇਸ ਲਈ ਖ਼ਾਲਸਾ ਸਰਦਾਰਾਂ ਨੇ ਇਹ ਐਲਾਨ ਕਰ ਦਿੱਤਾ ਕਿ ਜੋ ਲੋਕ ਇਨ੍ਹਾਂ ਦੀ ਰਾਖੀ ਵਿਚ ਆਉਣਾ ਚਾਹੁਣ, ਉਨ੍ਹਾਂ ਨੂੰ ਖ਼ਾਲਸਾ ਓਟ ਦੇਣ ਲਈ ਤਿਆਰ ਹੈ, ਪਰ ਉਨ੍ਹਾਂ ਨੂੰ ਆਪਣੀ ਫ਼ੱਸਲ ਦਾ ਪੰਜਵਾਂ ਹਿੱਸਾ ਉਸ ਰਾਖੀ ਵੱਜੋਂ ਦੇਣਾ ਹੋਵੇਗਾ। ਇਹ ਗੱਲ ਕਹਿਣ ਦੀ ਦੇਰ ਸੀ ਕਿ ਦੁਆਬਾ ਚੱਜ ਅਤੇ ਦੁਆਬਾ ਸਿੰਧ ਸਾਗਰ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਵਿਚ ਰਾਖੀ ਸਿਸਟਮ ਪ੍ਰਚਲਤ ਹੋ ਗਿਆ। ਖ਼ਾਲਸਾ ਦਲ ਦੇ ਚੋਣਵੇਂ ਤੇ ਸੁਜਾਨ ਪੁਰਸ਼ ਵੱਖੋ ਵੱਖ ਇਲਾਕਿਆਂ ਵਿਚ ਨਿਯਤ ਕੀਤੇ ਗਏ। ਨਾਲ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਜਿਥੇ ਜਿਥੇ ਕਿਲ੍ਹੇ ਜਾਂ ਗੜ੍ਹੀਆਂ ਨਹੀਂ ਹਨ ਉਥੇ ਹਾਲੀ ਪੱਕੇ ਬੁਰਜ ਬਣਾ ਲਏ ਜਾਣ ਅਤੇ ਹਰ ਇਕ ਸਰਦਾਰ ਆਪਣੀ ਲੋੜ ਮੁਤਾਬਕ ਆਪਣੇ ਜੱਥੇ ਦੀ ਨਫ਼ਰੀ ਘਟਾ ਵਧਾ ਲਵੇ। ਜਿਵੇਂ ਜਿਵੇਂ ਪਿੰਡ ਜਾਂ ਕਸਬੇ ਸਰਦਾਰ ਦੀ ਰਾਖੀ ਵਿਚ ਆਉਂਦੇ ਜਾਣ ਤਿਵੇਂ ਤਿਵੇਂ ਉਹ ਸਰਦਾਰ ਇਸ ਬਾਬਤ ਸੂਚਨਾ ਦਿੰਦਾ ਜਾਵੇ ਤਾਂ ਜੋ ਅੰਮ੍ਰਿਤਸਰ ਦਫ਼ਤਰ ਵਿਖੇ

---

* ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ।
ਜਿਉਂ ਜਿਉਂ ਮਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

Original with:
Language Department Punjab
Digitized by:
Panjab Digital Library

ਰੱਖੀ ਉਸ ਦੀ ਮਿਸਲ ਵਿਚ ਇਹ ਸਭ ਕੁਝ ਦਰਜ ਹੁੰਦਾ ਚਲਾ ਜਾਵੇ। ਇਸ ਤਰ੍ਹਾਂ ਦੂਰਦਰਸ਼ੀ ਖ਼ਾਲਸੇ ਸਰਦਾਰਾਂ ਨੇ ਆਪਣੀ ਹਕੂਮਤ ਦੀ ਨੀਂਹ ਰੱਖਣੀ ਅਰੰਭ ਦਿੱਤੀ। ਦਲ ਖ਼ਾਲਸਾ ਦੇ ਰੂਪ ਵਿਚ ਫ਼ੌਜ ਇਨ੍ਹਾਂ ਪਾਸ ਪਹਿਲਾਂ ਹੀ ਮੌਜੂਦ ਸੀ, ਰਾਖੀ ਵੱਜੋਂ ਹੁਣ ਤਿਆ-ਇਆ ਵੀ ਹੋ ਗਈ ਤੇ ਲਗਾਨ ਵੀ ਮੁਕੱਰਰ ਹੋ ਗਿਆ। ਕਿੱਲੇ ਗੜ੍ਹੀਆਂ ਤੇ ਇਲਾਕਿਆਂ ਦੇ ਹੱਦ ਬੰਨੇ ਵੀ ਤਿਆਰ ਹੋਣ ਲੱਗ ਪਏ। ਮੁੱਦਾਅ ਇਹ ਕਿ ਖ਼ਾਲਸਾ ਹੁਣ ਸਰਵ ਸਮੱਰਥ ਰਾਜ ਦੀ ਨੀਂਹ ਤੇ ਤੁਰਨ ਦੇ ਯੋਗ ਹੁੰਦਾ ਗਿਆ।

ਨਵਾਬ ਕਪੂਰ ਸਿੰਘ ਫ਼ੈਜ਼ਲ ਪੁਰੀਏ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਅੰਬਾਲਾ, ਜਲੰਧਰ ਤੇ ਫ਼ੀਰੋਜ਼ਪੁਰ ਦਾ ਚਾਰਜ ਦਿੱਤਾ ਗਿਆ। ਜੈ ਸਿੰਘ ਕਨ੍ਹੀਆ ਅਤੇ ਜਸਾ ਸਿੰਘ ਰਾਮਗੜ੍ਹੀਆ ਨੂੰ ਗੁਰਦਾਸਪੁਰ, ਅਯਾੜਕੀ, ਕਾਦੀਆਂ, ਘੁੰਮਨ ਆਦਿ ਦਾ ਇਲਾਕਾ ਸਪੁਰਦ ਕੀਤਾ ਗਿਆ। ਲਾਹੌਰ ਦੇ ਥੱਲੇ ਵੱਲ ਚੂਨੀਆਂ ਤੇ ਦਿਪਾਲਪੁਰ ਆਦਿ ਦੇ ਇਲਾਕੇ ਨੱਕਈ ਸਰਦਾਰਾਂ ਨੂੰ ਸੌਂਪ ਦਿੱਤੇ ਗਏ। ਸਰਦਾਰ ਗੁੱਜਰ ਸਿੰਘ ਭੰਗੀ ਅਤੇ ਚੜ੍ਹਤ ਸਿਘ ਸੁਕਰਚੱਕੀਆ, ਜੋ ਇਸ ਵਕਤ ਸਭ ਤੋਂ ਜ਼ਿਆਦਾ ਤੱਕੜੇ ਸਮਝੇ ਜਾਂਦੇ ਸਨ ਦੁਆਬਾ ਰਚਨਾਬ ਤੇ ਦੁਆਬਾ ਚੱਜ, ਜਿਥੇ ਮੁਸਲਮਾਨਾਂ ਦੀ ਜ਼ਿਆਦਾ ਆਬਾਦੀ ਸੀ, ਘੱਲ ਦਿੱਤੇ ਗਏ। ਸਰਦਾਰ ਕਰੋੜਾ ਸਿੰਘ ਤੇ ਦਲੀਪ ਸਿੰਘ ਸ਼ਹੀਦ ਸਤਲੁੱਜ ਪਾਰ ਇਲਾਕੇ ਵਿਚ ਅਤੇ ਸਰਦਾਰ ਸੰਗਤ ਸਿੰਘ ਨਿਸ਼ਾਨ ਵਾਲਾ ਤੇ ਤਾਰਾ ਸਿੰਘ ਗੈਬਾ ਨੂੰ ਫਿਲਹਾਲ ਗੁਰੂ ਦੀ ਨਗਰੀ ਦੀ ਰਖਵਾਲੀ ਲਈ ਅੰਮ੍ਰਿਤਸਰ ਹੀ ਠਹਿਰਾ ਲਿਆ ਗਿਆ। ਬਾਅਦ ਵਿਚ ਏਹੀ ਇਲਾਕੇ ਸਰਦਾਰਾਂ ਦੀਆਂ ਮਿਸਲਾਂ ਜਾਂ ਰਾਜਧਾਨੀਆਂ ਬਣ ਗਈਆਂ ਜਿਨ੍ਹਾਂ ਨੂੰ ਰਣਜੀਤ ਸਿੰਘ ਨੇ ਆਖ਼ਰ ਆਪਣੀ ਛੱਤਰ ਛਾਇਆ ਹੇਠ ਲੈ ਕੇ ਨਾਲ ਬਾਕੀ ਪੰਜਾਬ ਵੀ ਜਿੱਤ ਕੇ ਇਕ ਸ਼ਾਨਦਾਰ ਖ਼ਾਲਸਾ ਸਲਤਨਤ ਸਥਾਪਤ ਕਰ ਲਈ।

**ਅਹਿਮਦ ਸ਼ਾਹ ਅਬਦਾਲੀ ਦਾ ਚੌਥਾ ਹਮਲਾ 1 ਨਵੰਬਰ 1756 ਤੋਂ ਅਪਰੈਲ 1757 ਤਕ :**—ਅਬਦਾਲੀ ਜਿਉਂ ਹੀ ਮੱਧ ਏਸ਼ੀਆ ਦੇ ਰੁਝੇਂਵਿਆਂ ਤੋਂ ਫ਼ਾਰਗ ਹੋਇਆ ਉਸ ਨੇ ਭਾਰਤ ਵੱਲ ਰੁੱਖ਼ ਕੀਤਾ। ਖ਼ਾਲਸਾ ਦਲ ਦੇ ਟੋਲੇ ਅਬਦਾਲੀ ਦੇ ਆਉਣ ਤੇ ਵੱਡੇ ਵੱਡੇ ਸ਼ਹਿਰਾਂ ਨੂੰ ਛੱਡ ਕੇ ਇਧਰ ਉਧਰ ਘੁੰਮਣ ਲਗ ਪਏ। ਕੁਝ ਜੰਮੂ ਦੇ ਪਹਾੜੀ ਇਲਾਕੇ ਵਿਚ ਤੇ ਕੁਝ ਸੰਦਲ ਬਾਰ ਦੇ ਸੰਘਣੇ ਜੰਗਲਾਂ ਵਿਚ ਜਾ ਲੁਕੇ। ਇਨ੍ਹਾਂ ਵਿਚੋਂ ਕੋਈ ਵੀ ਸ਼ਾਹ ਦੇ ਕਾਬੂ ਨਾ ਆਇਆ। ਭਾਵੇਂ ਆਪ ਸ਼ਾਹ ਦੋ ਤਿੰਨ ਵੇਰ ਇਨ੍ਹਾਂ ਦੇ ਕਾਬੂ ਜ਼ਰੂਰ ਚੜ੍ਹਿਆ। ਉਹ ਇਸ ਤਰ੍ਹਾਂ ਕਿ ਇਸ ਵੇਰ ਅਹਿਮਦ ਸ਼ਾਹ ਨੇ ਦਿੱਲੀ ਨੂੰ ਦਿਲ ਖੋਲ੍ਹ ਕੇ ਲੁਟਿਆ। ਖ਼ਾਸਕਰ ਵਜ਼ੀਰਾਂ, ਅਮੀਰਾਂ ਤੇ ਜਾਗੀਰਦਾਰਾਂ ਦੀਆਂ ਹਵੇਲੀਆਂ ਵਿਚੋਂ ਪੁਸ਼ਤਾਂ ਦੇ ਦੱਬੇ ਹੋਏ ਮਾਲ ਖ਼ਜ਼ਾਨੇ ਕੱਢਵਾ ਕੇ ਲੈ ਗਿਆ। ਇਸ ਤਰ੍ਹਾਂ ਮੁਗ਼ਲ ਬਾਦਸ਼ਾਹਾਂ ਦੇ ਮਹੱਲ ਤੋਪ ਖ਼ਾਨੇ ਤੇ ਖ਼ਜ਼ਾਨੇ ਵੀ ਖ਼ਾਲੀ ਕਰ ਕੇ ਲੈ ਗਿਆ। ਅੰਦਾਜ਼ਾ ਲਾਇਆ ਜਾਂਦਾ ਹੈ ਕਿ ਵੀਹ ਤੀਹ ਕਰੋੜ ਰੁਪਿਆਂ ਦਾ ਮਾਲ, ਹਜ਼ਾਰਾਂ ਊਂਠ,ਘੋੜਿਆਂ, ਖੱਚਰਾਂ, ਬੈਲਗਡੀਆਂ ਤੇ ਹਾਥੀਆਂ ਉਪਰ ਲੱਦ ਲਦਾ ਕੇ ਕਾਬਲ ਨੂੰ ਲੈ ਗਿਆ। ਜਿਵੇਂ 17 ਸਾਲ ਪਹਿਲਾਂ ਨਾਦਰ-

*Original with:*
Language Department Punjab
*Digitized by:*
Panjab Digital Library

ਸ਼ਾਹ ਦੀ ਟੋਲੀ ਦੇ ਮਾਲ ਉਪਰ ਖ਼ਾਲਸਾ ਪਿਆ ਸੀ ਇਸੇ ਤਰ੍ਹਾਂ ਹੁਣ ਅਹਿਮਦਸ਼ਾਹ ਦੀ ਲੁੱਟ ਮਾਰ ਦੇ ਮਾਲ ਵਿਚੋਂ ਵੀ ਇਨ੍ਹਾਂ ਨੇ ਆਪਣਾ ਹਿੱਸਾ ਲੈਣਾ ਜ਼ਰੂਰੀ ਸਮਝਿਆ। ਜਦੋਂ ਸ਼ਾਹ ਮਲੇਰਕੋਟਲੇ ਪੁੱਜਾ ਤੇ ਫਿਰ ਦਰਿਆ ਚਨਾਬ ਦੇ ਬੰਨੇ ਬੰਨੇ ਜਾ ਰਿਹਾ ਸੀ ਉਦੋਂ ਖ਼ਾਲਸਾ ਦਲ ਨੇ ਉਸ ਉਪਰ ਛਾਪੇ ਮਾਰੇ ਤੇ ਉਸ ਦਾ ਭਾਰ ਕੁਝ ਕੁ ਹੌਲਾ ਕਰ ਦਿੱਤਾ ਦਿੱਤਾ। ਅਬਦਾਲੀ ਨੂੰ ਗੁੱਸਾ ਤਾਂ ਬਹੁਤ ਚੜ੍ਹਿਆ ਪਰ ਕੁਝ ਬੇਵੱਸ ਹੋ ਰਿਹਾ ਸੀ। ਗਰਮੀ ਦੀ ਰੁੱਤ ਬੜੀ ਤੇਜ਼ੀ ਨਾਲ ਆ ਰਹੀ ਸੀ। ਪਠਾਣਾਂ ਲਈ ਪੰਜਾਬ ਦੇ ਮੈਦਾਨ ਵਿਚ ਵਿਸਾਖ ਤੇ ਜੇਠ ਦੇ ਮਹੀਨੇ ਜੰਗ ਕਰਨੀ ਮੌਤ ਸਹੇੜਨ ਵਾਲੀ ਗੱਲ ਸੀ। ਏਧਰ ਖ਼ਾਲਸੇ ਨੂੰ ਗਰਮੀ ਸਰਦੀ ਦਾ ਵਾਧਾ ਘਾਟਾ ਨਹੀਂ ਸੀ। ਸੋ ਅਹਿਮਦਸ਼ਾਹ ਆਪਣੇ ਵੱਡੇ ਪੁੱਤਰ ਤੈਮੂਰ ਸ਼ਾਹ ਨੂੰ ਦਸ ਹਜ਼ਾਰ ਫ਼ੌਜ ਲੈ ਕੇ ਨਾਲ ਸਰਦਾਰ ਜਹਾਂ ਖਾਂ ਜਰਨੈਲ ਤੇ ਵਜ਼ੀਰ ਦੇ ਕੇ ਪੰਜਾਬ ਦਾ ਗਵਰਨਰ ਮੁੱਕਰਰ ਕਰ ਦਿੱਤਾ ਤੇ ਆਪ ਕਾਬਲ ਨੂੰ ਤੁਰ ਗਿਆ।

**ਪਾਣੀਪਤ ਦੀ ਤੀਜੀ ਲੜਾਈ 14 ਜਨਵਰੀ** 1761 :—ਤੈਮੂਰ ਵਿਚਾਰਾ ਮੁਸ਼ਕਲ ਨਾਲ ਇਕ ਸਾਲ ਹੀ ਲਾਹੌਰ ਕੱਟ ਸਕਿਆ। ਅਦੀਨਾ ਬੇਗ ਫ਼ੌਜਦਾਰ ਜਲੰਧਰ ਨੇ ਮਰਹੱਟਾ ਜਰਨੈਲ ਰਘੂਨਾਥ ਰਾਇ ਨੂੰ ਦਿੱਲੀ ਤੋਂ ਸੱਦ ਘੱਲਿਆ। ਮਰਹੱਟੇ ਇਸ ਵੇਲੇ ਦਿੱਲੀ ਦੇ ਬਾਦਸ਼ਾਹ ਨੂੰ ਆਪਣੀ ਛੱਤਰ ਛਾਇਆ ਹੇਠ ਲੈ ਕੇ ਦਿੱਲੀ ਦੇ ਮਹੱਲਾਂ ਨੂੰ ਸਾਂਭੀ ਬੈਠੇ ਸਨ ਅਤੇ ਨਾਲ ਹੀ ਅਬਦਾਲੀ ਦੀ ਫ਼ੌਜ ਨੂੰ ਪੰਜਾਬ ਵਿਚੋਂ ਕੱਢਣ ਦੀ ਵਿਉਂਤ ਅਦੀਨਾ ਬੇਗ ਨੇ ਖ਼ਾਲਸੇ ਅੱਗੇ ਪੇਸ਼ ਕੀਤੀ ਸੋ ਤਿੰਨ੍ਹਾਂ ਨੇ ਮਿਲ ਕੇ ਤੈਮੂਰ ਸ਼ਾਹ ਨੂੰ ਮਈ 1758 ਵਿਚ ਲਾਹੌਰ ਛੱਡ ਕੇ ਵਾਪਸ ਕਾਬਲ ਜਾਣ ਤੇ ਮਜਬੂਰ ਕਰ ਦਿੱਤਾ

ਇਹ ਦੇਖ ਕੇ ਕਿ ਮਰਹੱਟਿਆਂ ਨੇ ਉਸ ਦੇ ਪੁੱਤਰ ਪਾਸੋਂ ਪੰਜਾਬ ਖੋਹ ਕੇ ਅਤੇ 75 ਲੱਖ ਰੁਪਿਆ ਸਾਲਾਨਾ ਖ਼ਰਾਜ ਵੱਜੋਂ ਲੈਣਾ ਕਰਕੇ ਮਲਕ ਅਦੀਨਾ ਬੇਗ ਦੇ ਹਵਾਲੇ ਕਰ ਦਿੱਤਾ ਹੈ। ਅਬਦਾਲੀ ਦੇ ਕ੍ਰੋਧ ਦੀ ਕੋਈ ਹੱਦ ਨਾ ਰਹੀ ਤੇ ਉਸ ਨੇ ਇਹ ਨਿਸ਼ਚਾ ਕਰ ਲਿਆ ਕਿ ਮਰਹੱਟਿਆਂ ਨਾਲ ਇਕ ਵੇਰ ਨਬੇੜਵਾਂ ਜੰਗ ਕਰ ਕੇ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਉੱਤਰੀ ਭਾਰਤਵਰਸ਼ ਵਿਚ ਮੁਗਲਾਂ ਦਾ ਰਾਜ ਰਹਿਣਾ ਹੋਵੇਗਾ ਜਾਂ ਦੱਖਣੋਂ ਆਏ ਹੋਏ ਮਰਹੱਟੇ ਦਿੱਲੀ ਵਿਚ ਰਾਜ ਕਰਨਗੇ। ਸੋ ਇਹ ਪ੍ਰਸਤਾਵ ਲੈ ਕੇ ਅਬਦਾਲੀ ਅਕਤੂਬਰ 1759 ਨੂੰ ਲਾਹੌਰ ਪੁਜ ਗਿਆ। ਇਕ ਸਾਲ ਤੇ ਚਾਰ ਮਹੀਨੇ ਉਹ ਤਿਆਰੀਆਂ ਵਿਚ ਰੁੱਝਿਆ ਰਿਹਾ। ਕਿਉਂ ਜੋ ਮਰਹੱਟਿਆ ਦੀ ਤਾਕਤ ਇਨ੍ਹੀਂ ਦਿੱਨੀਂ ਬੜੀ ਵਧੀ ਹੋਈ ਸੀ ਤੇ ਜੰਗ ਦੀ ਫ਼ੈਸਲਾ ਕੁਨ ਕਰਨਾ ਚਾਹੁੰਦਾ ਸੀ। ਆਖ਼ਰ 14 ਜਨਵਰੀ 1761 ਵਿਚ ਪਾਣੀਪੱਤ ਦੇ ਮੈਦਾਨ ਵਿਚ ਇਹ ਲਹੂ ਡੋਲ੍ਹਵੀਂ ਲੜਾਈ ਹੋਈ। ਮਰਹੱਟਿਆਂ ਨੂੰ ਹਾਰ ਹੋਈ ਪਰ ਅਬਦਾਲੀ ਦੇ ਹੱਥ ਵੀ ਸਮਝੋ, ਕੁਝ ਨਾ ਆਇਆ। ਉਸ ਦੀ ਅਫ਼ਗਾਨ ਸੈਨਾ, ਜੋ ਕਾਬਲ ਤੋਂ ਆਈ ਹੋਈ ਸੀ, ਸਵਾ ਸਾਲ ਲਗਾਤਾਰ ਹਿੰਦੁਸਤਾਨ ਅੰਦਰ ਰਹਿ ਕੇ ਤੰਗ ਆ ਗਈ ਸੀ ਤੇ ਹੁਣ ਵਾਪਸ ਜਾਣ ਲਈ ਜ਼ਿੱਦ ਕਰ ਰਹੀ ਸੀ। ਸੋ ਅਹਿਮਦ ਸ਼ਾਹ ਮਾਰਚ 1761 ਵਿਚ ਕਾਬਲ ਨੂੰ ਵਾਪਸ ਜਾਣ ਤੇ ਮਜਬੂਰ ਹੋ ਗਿਆ।

*Original with:*
Language Department Punjab
*Digitized by:*
Panjab Digital Library

20 ਮਾਰਚ ਸੰਨ 1761 ਵਿਚ ਅਹਿਮਦ ਸ਼ਾਹ ਦਿੱਲੀ ਤੋਂ ਚਲ ਪਿਆ। ਪੜਾਓ ਪੜਾਅ ਆਉਂਦਾ ਸਤਲੁਜ ਨੂੰ ਪਾਰ ਕਰਦਾ ਪੰਜਾਬ ਵਿਚ ਆ ਪੁੱਜਾ। ਹੁਣ ਲੱਗੇ ਖ਼ਾਲਸਾ ਦੱਲ ਦੇ ਟੋਲੇ ਅਫ਼ਗਾਨੀ ਲਸ਼ਕਰ ਦੀ ਸੱਜੀ ਅਤੇ ਖੱਬੀ ਬਾਹੀਆਂ ਉਪਰ ਛਾਪੇ ਮਾਰਨ, ਜਿਸ ਕਰਕੇ ਹਰ ਪੜਾਓ ਤੇ ਅਫ਼ਗਾਨਾਂ ਨੂੰ ਆਪਣੇ ਕੈਂਪ ਦੇ ਦੁਆਲੇ ਰਾਤ ਨੂੰ ਕੱਚੇ ਮੋਰਚੇ ਬਣਾ ਕੇ ਰਹਿਣਾ ਪੈਂਦਾ ਸੀ। ਅੱਟਕ ਦਰਿਆ ਤਕ ਖ਼ਾਲਸੇ ਨੇ ਅਹਿਮਦ ਸ਼ਾਹ ਦਾ ਪਿੱਛਾ ਨਾ ਛੱਡਿਆ ਤੇ ਅਟਕੋਂ ਪਾਰ ਹੋ ਹੋ ਉਸ ਨੇ ਸੁੱਖ ਦਾ ਸਾਹ ਲਿਆ।

**ਖ਼ਾਲਸੇ ਦਾ ਲਾਹੌਰ ਵਿਚ ਰਾਜ ਸਥਾਪਤ ਕਰਨਾ :**—ਦਿੱਲੀ ਤੋਂ ਚਲਣ ਸਮੇਂ ਅਹਿਮਦ ਸ਼ਾਹ ਨੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਨੂੰ ਤਖ਼ਤ ਤੇ ਬਿਠਾ ਦਿੱਤਾ। ਸਰਹੱਦ ਦੀ ਗਵਰਨਰੀ ਉਪਰ ਆਪਣੇ ਨਾਇਬ ਜ਼ੈਨ ਖਾਂ ਨੂੰ ਮੁਕੱਰਰ ਕਰ ਦਿੱਤਾ। ਸਰਦਾਰ ਆਲਾ ਸਿੰਘ ਪਟਿਆਲੇ ਵਾਲੇ ਨੂੰ 5 ਲੱਖ ਰੁਪਿਆ ਸਾਲਾਨਾ ਮੁਆਮਲਾ ਤਾਰਨ ਦੇ ਇਵਜ਼ ਉਸ ਵਿਚ ਇਲਾਕੇ ਦਾ ਹਾਕਮ ਮੰਨ ਲਿਆ ਜੋ ਉਸ ਵਕਤ ਆਲਾ ਸਿੰਘ ਨੇ ਆਪਣੇ ਕੱਬਜ਼ੇ ਵਿਚ ਕਰ ਰੱਖਿਆ ਸੀ। ਲਾਹੌਰ ਵਿਚ ਖ਼ੁਵਾਜਾ ਓਬੇਦ, ਮੁਲਤਾਨ ਵਿਚ ਸਰ ਬੁਲੰਦ ਖ਼ਾਂ ਅਤੇ ਕਾਂਗੜੇ, ਹੁਸ਼ਿਆਰਪੁਰ ਜਲੰਧਰ ਦਾ ਕੁਲ ਇਲਾਕਾ ਰਾਜਾ ਘੁਮੰਡ ਚੰਦ ਕਟੋਚ ਦੀ ਸੁਪਰ-ਦਗੀ ਵਿਚ ਕੀਤਾ ਗਿਆ। ਪਰ ਜੇ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਸਭ ਪ੍ਰਬੰਧ ਕੇਵਲ ਮਨ ਦੇ ਪ੍ਰਚਾਵੇ ਲਈ ਹੀ ਜਾਪਦਾ ਸੀ। ਭਲਾਂ ਜਦੋਂ ਏਡਾ ਲਸ਼ਕਰ ਪਾਸ ਹੁੰਦੇ ਸੁੰਦੇ ਸ਼ਾਹ ਅਬਦਾਲੀ ਆਪਣੇ ਆਪ ਨੂੰ ਖ਼ਾਲਸੇ ਦੇ ਛਾਪਿਆਂ ਤੋਂ ਨਾ ਬਚਾ ਸਕਿਆ ਅਤੇ ਮਾਲ ਡੰਗਰ ਤੇ ਸਿਪਾਹੀਆਂ ਦੀਆਂ ਜਾਨਾਂ ਦਾ ਨੁਕਸਾਨ ਹੋਣ ਤੋਂ ਛੁੱਟ ਆਪਣਾ ਸਾਰਾ ਫ਼ੌਜੀ ਵੱਕਾਰ ਗੰਵਾ ਲਿਆ, ਫਿਰ ਉਹ ਕਿਸ ਤਰ੍ਹਾਂ ਆਸ ਰੱਖ ਸਕਦਾ ਸੀ ਕਿ ਓਬੇਦ ਖ਼ਾਂ ਜਾਂ ਜ਼ੈਨ ਖਾਂ ਜਾਂ ਕੋਈ ਦੂਜਾ ਛੋਟਾ ਮੋਟਾ ਖ਼ਾਨ ਉਸ ਵਕਤ ਮੁਲਕ ਨੂੰ ਖ਼ਾਲਸੇ ਪਾਸੋਂ ਬਚਾ ਲਵੇਗਾ। ਸੋ ਐਜਿਹਾ ਹੀ ਹੋਇਆ।

ਚਾਲੀ ਹਜ਼ਾਰ ਦਾ ਦੱਲ ਅਹਿਮਦ ਸ਼ਾਹ ਨੂੰ ਅਟਕੋਂ ਪਾਰ ਲੰਘਾ ਕੇ ਮਈ 1761 ਨੂੰ ਆਪ ਪੰਜਾਬ ਵਾਪਸ ਮੁੜ ਆਇਆ। ਭਲਾਂ ਉਸ ਹੜ੍ਹ ਨੂੰ ਹੁਣ ਕੌਣ ਡੱਕ ਸਕਦਾ ਸੀ। ਗਰਮੀਆਂ ਦੀ ਰੁੱਤ, ਫ਼ੱਸਲਾਂ ਪੱਕੀਆਂ ਖੜ੍ਹੀਆਂ. ਰਾਖੀ ਦੀ ਰਕਮ ਵਸੂਲੀ ਦੇ ਇਹੋ ਦਿਨ, ਦੋ ਮਹੀਨੇ ਪਿੱਛੋਂ ਫਿਰ ਬਰਸਾਤਾਂ ਸ਼ੁਰੂ ਹੋ ਜਾਂਦੀਆਂ ਸਨ ਤੇ ਆਵਾਜਾਈ ਮੁਸ਼ਕਲ ਹੋ ਜਾਂਦੀ ਸੀ। ਸੋ ਖ਼ਾਲਸਾ ਵੀ ਸੱਚਾ ਸੀ, ਉਹ ਰੁਕੇ ਤਾਂ ਕਿਉਂ ਰੁਕੇ, ਖ਼ਾਲਸੇ ਦੇ ਟੋਲਿਆਂ ਦੇ ਟੋਲੇ ਪੰਜਾਬ 'ਤੇ ਛਾ ਗਏ।

ਰਾਖੀ ਦੀ ਉਗਰਾਹੀ ਤੇ ਗਰਮੀਆਂ ਦਾ ਦੋਰਾ ਮੁਕਾ ਕੇ ਦੀਵਾਲੀ ਦੇ ਮੌਕੇ ਤੇ ਆਖ਼ਰ ਅਕਤੂਬਰ 1761 ਵਿਚ ਜਦੋਂ ਅੰਮ੍ਰਿਤਸਰ ਇਕੱਠ ਹੋਇਆ ਤਾਂ ਲਾਹੌਰ ਫ਼ਤਹਿ ਕਰਨ ਦਾ ਗੁਰਮਤਾ ਪਾਸ ਕੀਤਾ ਗਿਆ। ਸੋ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਦੱਲ ਦੇ ਕੁਝ ਕੁ ਸਰਦਾਰ ਅਰਥਾਤ ਹਰੀ ਸਿੰਘ ਭੰਗੀ, ਜੈ ਸਿੰਘ ਕਨ੍ਹੀਆ, ਲਹਿਣਾ ਸਿੰਘ, ਗੁੱਜਰ ਸਿੰਘ ਤੇ ਸੋਭਾ ਸਿੰਘ ਆਪਣੇ ਆਪਣੇ ਲਸ਼ਕਰ ਲੈ ਕੇ ਲਾਹੌਰ ਨੂੰ

*Original with:*
Language Department Punjab
*Digitized by:*
Panjab Digital Library

ਚਲ ਪਏ । ਖ਼ਵਾਜਾ ਓਬੇਦ ਨੇ ਥੋੜ੍ਹਾ ਜਿਹਾ ਮੁਕਾਬਲਾ ਕੀਤਾ ਪਰ ਫਿਰ ਕਿਲ੍ਹੇ ਵਿਚ ਪਨਾਹ ਲੈਣ ਵਿਚ ਹੀ ਉਸ ਨੇ ਆਪਣੀ ਬੇਹਤਰੀ ਸਮਝੀ । ਹੁਣ ਸ਼ਹਿਰ ਲਾਹੌਰ ਖ਼ਾਲਸੇ ਦੇ ਹੱਥ ਆ ਗਿਆ ਅਤੇ ਕਿਲ੍ਹੇ ਵਿਚ ਕੁਝ ਚਿਰ ਖ਼ਵਾਜਾ ਓਬੇਦ ਹੋਰ ਅੜਿਆ ਰਿਹਾ । ਖ਼ਾਲਸੇ ਨੇ ਫ਼ਤਹਿ ਦੀ ਖ਼ੁਸ਼ੀ ਵਿਚ ਆਪਣਾ ਸਿੱਕਾ ਜਾਰੀ ਕਰ ਦਿੱਤਾ ਅਤੇ ਜੱਸਾ ਸਿੰਘ ਨੂੰ ਸੁਲਤਾਨ-ਉਲ- ਕੌਮ ਦਾ ਖ਼ਿਤਾਬ ਦੇ ਦਿੱਤਾ । ਭਾਵੇਂ ਇਸ ਵੇਰੀ ਚਲਾਇਆ ਹੋਇਆ ਸਿੱਕਾ ਵੀ ਚਲ ਨ ਸਕਿਆ ਤੇ ਨਾ ਹੀ ਲਾਹੌਰ ਖ਼ਾਲਸੇ ਦੇ ਹਥ ਵਿਚ ਦੋ ਮਹੀਨਿਆਂ ਤੋਂ ਵੱਧ ਰਹਿ ਸਕਿਆ । ਪਰ ਇਹ ਘਟਨਾ ਇਸ ਗੱਲ ਦੀ ਹਾਮੀ ਭਰ ਰਹੀ ਸੀ ਕਿ ਅੱਜ ਨਹੀਂ ਤਾਂ ਕਲ੍ਹ ਪੰਜਾਬ ਆਖ਼ਰ ਸਿੱਖਾਂ ਦੇ ਕਬਜ਼ੇ ਵਿਚ ਹੀ ਆਏਗਾ । ਕਾਬਲ ਵਿਚ ਬੈਠੇ ਹੋਏ ਅਬਦਾਲੀ ਦੇ ਨਾਇਬ ਮੁਲਕ ਨੂੰ ਕਾਬੂ ਵਿਚ ਨਹੀਂ ਸੀ ਰੱਖ ਸਕਦੇ ਅਤੇ ਦਿੱਲੀ ਦੇ ਬਾਦਸ਼ਾਹ ਦਾ ਸੁਆਲ ਹੀ ਬਾਕੀ ਨਹੀਂ ਸੀ ਰਿਹਾ । ਇਸ ਲਈ ਸਾਢੇ ਤਿੰਨ ਸਾਲ ਮਗਰੋਂ ਮਈ 1765 ਨੂੰ ਫਿਰ ਖ਼ਾਲਸੇ ਨੇ ਲਾਹੌਰ ਤੇ ਹਮਲਾ ਕਰ ਦਿੱਤਾ ਜੋ ਪੂਰੀ ਤਰ੍ਹਾਂ ਸਫ਼ਲ ਹੋ ਗਿਆ । ਇਸ ਦਿਨ ਤੋਂ ਪਿੱਛੋਂ ਮਾਰਚ 1849 ਤਕ ਪੰਜਾਬ ਵਿਚ ਖ਼ਾਲਸੇ ਦਾ ਹੀ ਰਾਜ ਰਿਹਾ । ਇਸੇ ਗੱਲ ਵੱਲ ਇਸ਼ਾਰਾ ਕਰਦੇ ਕਵੀ ਪੀਰ ਮੁਹੰਮਦ ਨੇ ਲਿਖਿਆ ਹੈ :—

ਤੇ ਫਿਰੀ ਦੁਹਾਈ ਖ਼ਾਲਸਾ ਸਭ ਰਾਜ ਬਹਾਏ ।
ਤੇ ਹੱਦੀਂ ਆਪਣੇਂ ਆਪਣੀ ਸਭ ਮੁਲਕ ਦਬਾਏ ।

**ਸਰਦਾਰ ਚੜ੍ਹਤ ਸਿੰਘ ਅਤੇ ਸਰਦਾਰ ਗੁੱਜਰ ਸਿੰਘ ਦਾ ਰਚਨਾ ਦੁਆਬੇ ਵਿਚ ਆਪਣਾ ਰਾਜ ਸਥਾਪਤ ਕਰਨਾ** :—ਮੁਗ਼ਲ ਰਾਜ ਦੇ ਹਰਾਸ ਅਤੇ ਪਤਨ ਦੀ ਉਪਰ ਲਿਖੀ ਸੰਖਿਪਤ ਵਾਰਤਾ ਪੜ੍ਹਨ ਤੇ ਸਾਡੇ ਪਾਠਕਾਂ ਨੂੰ ਪਤਾ ਲੱਗ ਚੁੱਕਾ ਹੋਵੇਗਾ ਕਿ ਕਿਸ ਤਰ੍ਹਾਂ ਖ਼ਾਲਸਾ ਸਰਦਾਰਾਂ ਲਈ ਜਾਂ ਚੱਠਿਆਂ, ਭੱਟੀਆਂ, ਗਖੜਾਂ ਤੇ ਸਿਆਲਾਂ ਆਦਿ ਦੂਸਰੇ ਮੁਸਲਮਾਨ ਜੰਗਜੂ ਕਬੀਲਿਆਂ ਦੇ ਸਰਦਾਰਾਂ ਲਈ ਦੇਸ਼ ਵਿਚ ਖ਼ੁਦ ਮੁਖ਼ਤਿਆਰ ਰਿਆਸਤਾਂ ਸਥਾਪਤ ਕਰ ਲੈਣਾ ਸੰਭਵ ਹੋ ਗਿਆ ਸੀ । ਪਿੱਛੇ ਅਸੀਂ ਇਹ ਵੀ ਦੱਸ ਆਏ ਹਾਂ ਕਿ ਦੁਆਬਾ ਰਚਨਾ ਅਤੇ ਦੁਆਬਾ ਚਜ ਦੇ ਦੋਵੇਂ ਇਲਾਕੇ ਰਾਖੀ ਵੱਜੋਂ ਖ਼ਾਲਸਾ ਦੇ ਭੰਗੀ ਅਤੇ ਸੁਕਰਚੱਕੀਏ ਸਰਦਾਰਾਂ ਦੀ ਸਪੁਰਦਗੀ ਅਧੀਨ ਦੇ ਰੱਖੇ ਸਨ । ਇਨ੍ਹਾਂ ਦੋਵਾਂ ਦੁਆਬਿਆਂ ਵਿਚਕਾਰ ਜੰਗਜੂ ਮੁਸਲਮਾਨ ਕਬੀਲਿਆਂ ਦੇ ਸਰਦਾਰ ਨਿੱਕੀਆਂ ਨਿੱਕੀਆਂ ਰਿਆਸਤਾਂ ਬਣਾ ਕੇ ਹਕੂਮਤ ਕਰ ਰਹੇ ਸਨ । ਸੋ ਇਨ੍ਹਾਂ ਦਾ ਤੇ ਖ਼ਾਲਸੇ ਸਰਦਾਰਾਂ ਦਾ ਆਪੋ ਵਿਚ ਟਾਕਰਾ ਸ਼ੁਰੂ ਹੋ ਗਿਆ ।

ਮੁਸਲਮਾਨ ਰਾਜਿਆਂ ਵਿਚੋਂ ਇਸ ਵੇਲੇ ਸਭ ਤੋਂ ਜ਼ਿਆਦਾ ਤਾਕਤਵਰ ਗਖੜਾਂ ਦਾ ਸਰਦਾਰ ਮੁਕਰਬ ਖਾਂ ਸੀ । ਉਸ ਨੇ ਆਪਣੀ ਰਾਜਧਾਨੀ ਨੂੰ ਬਹੁਤ ਵਧਾ ਰੱਖਿਆ ਸੀ । ਅੱਟਕ ਤੋਂ ਲੈ ਕੇ ਜਿਹਲਮ ਤਕ, ਦੂਜੇ ਪਾਸੇ ਗੁਜਰਾਤ ਤੋਂ ਲੈ ਕੇ ਭਿੰਬਰ ਦੀਆਂ ਪਹਾੜੀਆਂ ਤਕ ਦਾ ਕੁਲ ਇਲਾਕਾ ਫ਼ਤਿਹ ਕਰਕੇ ਉਸ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ । ਖੀਵੜੇ ਦੀ ਲੂਣ ਦੀ ਖਾਣ ਵੀ ਇਸੇ ਦੀ ਰਿਆਸਤ ਵਿਚ ਸ਼ਾਮਲ ਸੀ । ਸੰਨ 1741 ਵਿਚ

*Original with:*
Language Department Punjab
*Digitized by:*
Panjab Digital Library

ਰਾਵਲਪਿੰਡੀ ਤੋਂ ਹੱਟ ਕੇ ਉਸ ਨੇ ਆਪਣਾ ਹੈਡਕੁਆਰਟਰ ਗੁਜਰਾਤ ਵਿਚ ਲੈ ਆਂਦਾ ਸੀ। ਜਦੋਂ ਅਹਿਮਦ ਅਬਦਾਲੀ ਪਹਿਲੀ ਵਾਰ ਭਾਰਤ ਤੇ ਹਮਲਾ ਕਰਨ ਲਈ ਸੰਨ 1748 ਦੇ ਸ਼ੁਰੂ ਵਿਚ ਆਇਆ, ਤਾਂ ਮੁਕਬਰ ਖ਼ਾਂ ਉਸ ਨੂੰ ਅੱਟਕ ਦੇ ਪਾਸ ਜਾ ਮਿਲਿਆ ਅਤੇ ਆਪਣੀ ਸੇਵਾ ਪੇਸ਼ ਕੀਤੀ। ਅਹਿਮਦ ਸ਼ਾਹ ਨੇ ਇਸ ਨੂੰ ਗੁਜਰਾਤ ਦਾ ਸੁਲਤਾਨ ਮੰਨ ਲਿਆ ਤੇ ਹਰ ਤਰ੍ਹਾਂ ਦੀ ਤਸੱਲੀ ਕਰਾ ਦਿੱਤਾ। ਹੁਣ ਮੁਕਬਰ ਖ਼ਾਂ ਦਾ ਖ਼ਾਲਸਈ ਸਰਦਾਰਾਂ, ਭੱਟੀ ਸਰਦਾਰਾਂ, ਅਤੇ ਚੱਠਿਆਂ ਦੇ ਚੌਧਰੀਆਂ ਨਾਲ ਵਾਹ ਪੈਣਾ ਸ਼ੁਰੂ ਹੋ ਗਿਆ ਕਿਉਂ ਜੋ ਇਨ੍ਹਾਂ ਦੇ ਇਲਾਕੇ ਦਰਿਆ ਚਨਾਬ ਦੇ ਦੂਸਰੇ ਬੰਨ੍ਹੇ ਗੱਖੜ ਸੁਲਤਾਨ ਦੀ ਰਾਜਧਾਨੀ ਦੇ ਆਹਮਣੇ ਸਾਹਮਣੇ ਚਲ ਰਹੇ ਸੀ। ਰਹਿਮਤ ਖ਼ਾਂ ਭੱਟੀ ਦੇ ਕਹਿਣ ਤੇ ਗੁੱਜਰ ਸਿੰਘ ਭੰਗੀ ਤੇ ਚੜ੍ਹਤ ਸਿੰਘ ਸ਼ੁਕਰਚੱਕੀਏ ਨੇ ਮਿਲ ਕੇ ਗੁਜਰਾਤ ਤੇ ਧਾਵਾ ਬੋਲ ਦਿੱਤਾ। ਪਰੰਤੂ ਮੁਕਰਬ ਖ਼ਾਂ ਨੇ ਸ਼ਹਿਰ ਦੀ ਫ਼ਸੀਲ ਤੋਂ ਬਾਹਰ ਨਿਕਲ ਕੇ ਤਿੰਨਾਂ ਸਰਦਾਰਾਂ ਦੀਆਂ ਫ਼ੌਜਾਂ ਦਾ ਡੱਟ ਕੇ ਕੁਝ ਚਿਰ ਮੁਕਾਬਲਾ ਕੀਤਾ ਪਰ ਮਗਰੋਂ ਸ਼ਹਿਰ ਦੀ ਚਾਰ ਦੀਵਾਰੀ ਅਤੇ ਕਿਲ੍ਹੇ ਦੇ ਅੰਦਰ ਓਟ ਲੈਣ ਤੇ ਮਜਬੂਰ ਹੋ ਗਿਆ। ਇਥੇ ਵੀ ਕੁਝ ਦਿਨ ਅੜਿਆ ਰਿਹਾ। ਆਖ਼ਿਰ ਜਦੋਂ ਖ਼ਾਲਸਾ ਸਰਦਾਰਾਂ ਨੇ ਬਾਹਰੋਂ ਦਾਣਾ ਪਾਣੀ ਅੰਦਰ ਸ਼ਹਿਰ ਵਿਚ ਜਾਣਾ ਬੰਦ ਕਰਾ ਦਿੱਤਾ ਤਾਂ ਮੁਕਰਬ ਖ਼ਾਂ ਨੇ ਨਿਰਾਸ਼ ਹੋ ਕੇ ਆਪਣੇ ਬਚਾਓ ਦਾ ਉਪਾ ਕੀਤਾ। ਬਹਾਦਰ ਗੱਖੜ ਸਿਪਾਹੀਆਂ ਦੇ ਚੋਣਵੇਂ ਜੱਥੇ ਨਾਲ ਉਸ ਨੇ ਸਖ਼ਤ ਹਮਲਾ ਕੀਤਾ ਅਤੇ ਖ਼ਾਲਸਾ ਫੌਜਾਂ ਵਿਚੋਂ ਆਪਣੇ ਆਪ ਨੂੰ ਬਚਾ ਕੇ ਨਿਕਲਣ ਵਿਚ ਸਫ਼ਲ ਹੋ ਗਿਆ ਅਤੇ ਦਰਿਆ ਜਿਹਲਮ ਦੀਆਂ ਪਹਾੜੀਆਂ ਤੇ ਘਾਟੀਆਂ ਵਿਚ ਜਾ ਲੁਕਿਆ। ਉਸ ਤੋਂ ਬਾਅਦ ਉਸ ਦਾ ਕੋਈ ਪਤਾ ਨਹੀਂ ਲੱਗਿਆ[1]। ਮੁਕਰਬ ਖ਼ਾਂ ਦੇ ਹਾਰ ਜਾਣ ਤੇ ਉਸ ਦੇ ਇਲਾਕੇ ਨੂੰ ਗੁੱਜਰ ਸਿੰਘ ਤੇ ਮਹਾਂ ਸਿੰਘ ਨੇ ਆਪੋ ਵਿਚ ਵੰਡ ਲਿਆ, ਅਰਥਾਤ ਜੋ ਜਿੰਨਾ ਕਾਬੂ ਕਰ ਸਕਿਆ, ਕਰ ਲਿਆ। ਗੁੱਜਰ ਸਿੰਘ ਨੇ ਸ਼ਹਿਰ ਗੁਜਰਾਤ ਨੂੰ ਆਪਣਾ ਹੈਡਕੁਆਰਟਰ ਬਣਾ ਲਿਆ ਅਤੇ ਫਿਰ ਉਪਰ ਪਹਾੜ ਵੱਲ ਜਾ ਕੇ ਦਿਵਾਲਾ ਬਟਾਲਾ, ਇਸਲਾਮ ਗੜ੍ਹ ਆਦਿ ਦੇ ਥਲਵੇਂ ਹਿੱਸੇ ਉਪਰ ਵੀ ਕੱਬਜ਼ਾ ਕਰ ਲਿਆ। ਚੜ੍ਹਤ ਸਿੰਘ ਨੇ ਆਪਣਾ ਕੇਂਦਰੀ ਅਸਥਾਨ ਤਾਂ ਗੁਜਰਾਂਵਾਲੇ ਦਾ ਛੋਟਾ ਜਿਹਾ ਪਿੰਡ ਹੀ ਰਹਿਣ ਦਿੱਤਾ[2] ਪਰ ਮੁਕਰਬ ਖ਼ਾਂ ਦੇ

1. ਉਹ ਦਰਿਆ ਜਿਹਲਮ ਵਿਚ ਡੁੱਬ ਕੇ ਜਾਂ ਕਿਸੇ ਖੱਡ ਵਿਚ ਗਿਰ ਕੇ ਮਰ ਗਿਆ ਜਾਂ ਆਪਣੇ ਵੈਰੀ ਦੋਮੇਲੀ ਦੇ ਹੱਥੋਂ ਕਤਲ ਹੋ ਗਿਆ, ਯਕੀਨੀ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ।

2. ਗੁਜਰਾਂ ਵਾਲੇ ਦੀ ਜੋ ਰੌਣਕ ਅੱਜ ਵੀ ਨਜ਼ਰ ਆਉਂਦੀ ਹੈ ਉਹ ਸਾਰੀ ਚੜ੍ਹਤ ਸਿੰਘ, ਮਹਾਂ ਸਿੰਘ ਤੇ ਰਣਜੀਤ ਸਿੰਘ ਦੀ ਬਦੌਲਤ ਹੀ ਸੀ। ਇਸ ਤੋਂ ਪਹਿਲਾਂ ਤਾਂ ਇਹ ਇਕ ਨਿੱਕਾ ਜਿਹਾ ਪਿੰਡ ਸੀ। ਆਈਨੇ ਅੱਕਬਰੀ ਵਿਚ ਗੁਜ਼ਰਾਂਵਾਲੇ ਦਾ ਨਾਂ ਤਕ ਨਹੀਂ ਆਉਂਦਾ ਅਤੇ ਨਾ ਹੀ ਇਸ ਤੋਂ ਪਿੱਛੋਂ ਲਿਖੀ ਕਿਤਾਬ ਖੁਲਾਸਤ-ਉਲ ਤਵਾਰੀਖ਼ ਵਿਚ ਕਿਧਰੇ ਜ਼ਿਕਰ ਹੈ। ਵਿਆਹ ਦੇ ਮੌਕੇ ਤੇ ਚੜ੍ਹਤ ਸਿੰਘ ਨੇ ਦਿਲ ਖੋਲ ਕੇ ਆਪਣੀ ਲੜਕੀ ਨੂੰ ਦਾਜ ਦਿੱਤਾ। ਇਸ ਵਿਚ ਇਕ ਸੌ ਵੱਧੀਆ ਘੋੜੇ, ਚਾਂਦੀ ਸੋਨੇ ਦੇ ਭਾਂਡੇ, ਸੋਨੇ ਦੇ ਗਹਿਣੇ, ਇਕ ਹਜ਼ਾਰ ਤਿਊਰ ਤੇ ਹੋਰ ਬਹੁਤ ਸਾਰੀਆਂ ਗਾਈਆਂ, ਮੱਝਾਂ, ਊਂਠ ਆਦਿ ਵਸਤਾਂ ਦਿੱਤੀਆਂ।

[ਦਫ਼ਤਰ ਦੋਇਮ ਪੰਨਾ 9 ਸੋਹਨ ਲਾਲ]

Original with:
Language Department Punjab
Digitized by:
Panjab Digital Library

ਇਲਾਕੇ ਵਿਚੋਂ ਉਸ ਨੇ ਚੰਗੇ ਤੇ ਲਾਹੇਵੰਦ ਹਿੱਸੇ ਉਪਰ ਅਧਿਕਾਰ ਜਾ ਜਮਾਇਆ। ਉਹ ਹਿੱਸਾ ਸੀ ਖੀਵੜਾ ਪਹਾੜ ਦੀ ਲੂਣ ਦੀ ਖਾਣ ਜਿੱਥੋਂ ਸਾਰੇ ਪੰਜਾਬ ਸਗੋਂ ਸਾਰੇ ਉੱਤਰੀ ਭਾਰਤ ਦੇ ਕਾਫ਼ੀ ਹਿੱਸੇ ਨੂੰ ਲੂਣ ਸਪਲਾਈ ਹੁੰਦਾ ਸੀ। ਮੁਕਰਬ ਖ਼ਾਂ ਦੀ ਤਾਕਤ ਟੁੱਟ ਜਾਣ ਜਾਣ ਤੇ ਉਸ ਇਲਾਕੇ ਦੇ ਦੂਜੇ ਮੁਸਲਮਾਨ ਹਾਕਮਾਂ ਨੂੰ ਵੀ ਡਰ ਪੈਦਾ ਹੋ ਗਿਆ। ਨਾਲ ਹੀ ਗੁੱਜਰ ਸਿੰਘ ਤੇ ਚੜ੍ਹਤ ਸਿੰਘ ਨੇ ਆਪੋ ਵਿਚ ਸਾਕਾਦਾਰੀ ਵੀ ਕਾਇਮ ਕਰ ਲਈ। ਚੜ੍ਹਤ ਸਿੰਘ ਨੇ ਆਪਣੀ ਲੜਕੀ ਰਾਜ ਕੌਰ ਦੀ ਮੰਗਣੀ ਗੁੱਜਰ ਸਿੰਘ ਦੇ ਲੜਕੇ ਸਾਹਬ ਸਿੰਘ ਨਾਲ ਕਰ ਦਿੱਤੀ। ਸ਼ੁਰੂ ਸ਼ੁਰੂ ਵਿਚ ਦੋਵੇਂ ਮਿਸਲਦਾਰਾਂ ਨੇ ਮਿਲ ਕੇ ਭੱਟੀ, ਚੱਠੇ, ਆਵਾਣ, ਬਲੋਚ, ਸਿਆਲ ਆਦਿ ਗੁਆਂਢੀ ਮੁਸਲਮਾਨ ਸਰਦਾਰਾਂ ਨਾਲ ਲੜਾਈ ਕਰ ਕੇ ਇਨ੍ਹਾਂ ਦੀ ਫ਼ੌਜੀ ਤਾਕਤ ਨੂੰ ਕਾਫ਼ੀ ਕਮਜ਼ੋਰ ਕਰ ਦਿੱਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ 25 ਸਾਲਾਂ ਪਿੱਛੋਂ ਚੜ੍ਹਤ ਸਿੰਘ ਦੇ ਪੋਤੇ ਰਣਜੀਤ ਸਿੰਘ ਨੇ ਬੜੀ ਆਸਾਨੀ ਨਾਲ ਇਨ੍ਹਾਂ ਦੀਆਂ ਰਿਆਸਤਾਂ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲਈਆਂ ਤੇ ਇਨ੍ਹਾਂ ਨੂੰ ਗੁਜ਼ਾਰੇ ਵੱਜੋਂ ਜਾਗੀਰਾਂ ਦੇ ਕੇ ਤੇ ਜਿਨ੍ਹਾਂ ਨੇ ਪਸੰਦ ਕੀਤਾ ਉਨ੍ਹਾਂ ਨੂੰ ਆਪਣੇ ਦਰਬਾਰ ਦੇ ਮੁਸਾਹਿਬਾਂ ਵਿਚ ਸ਼ਾਮਲ ਕਰ ਲਿਆ।

**ਸ਼ੁਕਰਚੱਕੀਆ ਮਿਸਲ ਦੀ ਤਰੱਕੀ :**—ਚੜ੍ਹਤ ਸਿੰਘ ਸ਼ੁਕਰਚੱਕੀਆ ਮਿਸਲ ਦਾ ਮੋਢੀ ਸਰਦਾਰ ਸੀ। ਉਸ ਦਾ ਬਾਪ ਨੌਧ ਸਿੰਘ ਤੇ ਦਾਦਾ ਬੁੱਢਾ ਸਿੰਘ ਆਪਣੇ ਸਮੇਂ ਦੇ ਮਸ਼ਹੂਰ ਧਾੜਵੀਆਂ ਵਿਚੋਂ ਸਨ ਪਰ ਆਪਣੀ ਸਵਾਧੀਨ ਮਿਸਲ ਦੀ ਨੀਂਹ ਚੜ੍ਹਤ ਸਿੰਘ ਨੇ ਹੀ ਆਪਣੇ ਸਹੁਰੇ ਅਮੀਰ ਸਿੰਘ[1] ਦੀ ਸਹਾਇਤਾ ਨਾਲ ਸੰਨ 1760 ਦੇ ਨੇੜੇ ਤੇੜੇ ਰੱਖੀ ਸੀ। ਆਪਣੀ ਤਾਕਤ ਨੂੰ ਵਧਾਉਣ ਲਈ ਗੁਜਰਾਂਵਾਲੇ ਦੇ ਜ਼ਿਲ੍ਹੇ ਵਿਚ ਚੜ੍ਹਤ ਸਿੰਘ ਨੂੰ ਇਕ ਪਾਸੇ ਤਾਂ ਵਿਰਕ ਜ਼ਾਤ ਦੇ ਸਿੱਖ ਸਰਦਾਰਾਂ ਨਾਲ ਤੇ ਦੂਜੇ ਪਾਸੇ ਚੱਠੇ, ਭੱਟੀ ਤੇ ਤਰਾੜ ਮੁਸਲਮਾਨ ਜੰਗਜੂ ਕਬੀਲਿਆਂ ਨਾਲ ਖ਼ਾਸੀ ਤਕੜੀ ਜੰਗ ਕਰਨੀ ਪਈ। ਵਿਰਕ ਸਰਦਾਰਾਂ ਵਿਚੋਂ ਪ੍ਰਸਿੱਧ ਸਰਦਾਰ ਇਕ ਭਾਗ ਸਿੰਘ ਸੀ ਜੋ ਹਾਫ਼ਜ਼ਾਬਾਦ ਦੀ ਤਸੀਲ ਵਿਚ ਸੌ ਪਿੰਡਾਂ ਦਾ ਮਾਲਕ ਸੀ। ਦੂਜਾ ਗੁਰਬਖ਼ਸ਼ ਸਿੰਘ ਸੀ ਜਿਸ ਦੀ ਮਲਕੀਅਤ ਅੰਦਰ ਵਜ਼ੀਰਾਬਾਦ ਦੀ ਤਸੀਲ ਦੇ ਘੱਟੋ ਘੱਟ 50 ਪਿੰਡ ਸਨ। ਚੱਠੇ ਸਰਦਾਰਾਂ ਵਿਚੋਂ ਪਹਿਲਾਂ ਚੌਧਰੀ ਨੂਰ ਮੁਹੰਮਦ ਤੇ ਪਿੱਛੋਂ ਉਸ ਦੇ ਪੁੱਤਰ ਪੀਰ ਮੁਹੰਮਦ ਤੇ ਅਹਿਮਦ ਖ਼ਾਂ ਨਾਲ ਕਈ ਸਾਲ ਖਿੱਚੋਤਾਣ ਲੱਗੀ ਰਹੀ। ਝਗੜੇ ਦਾ ਅਸਲੀ ਕਾਰਨ ਤਾਂ ਇਹ ਸੀ ਕਿ ਦੋਵੇਂ ਧਿਰਾਂ ਆਪੋ ਆਪਣਾ ਮੁਲਕ ਵਧਾਉਣਾ ਚਾਹੁੰਦੀਆਂ ਸਨ ਅਤੇ ਦੋਵੇਂ ਇਸ ਵੇਲੇ ਚੜ੍ਹਦੀਆਂ ਕਲਾਂ ਵਿਚ ਸਨ। ਪਰ ਜੰਗ ਦੀ ਫ਼ੌਰੀ ਵਜਾ ਅਹਿਮਦ ਸ਼ਾਹ ਅਬਦਾਲੀ ਵਾਲੀ ਤੋਪ ਸੀ ਜਿਸ ਦਾ ਨਾਂ ਜ਼ਮਜ਼ਮਾਂ[2] ਵੀ ਹੈ। ਮਈ ਸੰਨ 1765

1. ਅਮੀਰ ਸਿੰਘ ਜ਼ਿਲਾ ਗੁਜਰਾਂਵਾਲੇ ਦਾ ਵੱਸਨੀਕ ਸੀ। ਆਪਣੇ ਸਮੇਂ ਦਾ ਵੱਡਾ ਧਾੜਵੀ ਸੀ ਜਿਸ ਦੀ ਤਿੰਨਾਂ ਦੁਆਬਿਆਂ ਅਰਥਾਤ ਦੁਆਬਾ ਬਾਰੀ, ਰਚਨਾ ਤੇ ਚੱਜ ਵਿੱਚ ਧਾਕ ਜੰਮੀਂ ਹੋਈ ਸੀ।

2. ਆਮ ਕਰਕੇ ਇਹ ਭੰਗੀਆਂ ਵਾਲੀ ਤੋਪ ਕਹਾਉਂਦੀ ਹੈ।

Original with:
Language Department Panjab
Digitized by:
Panjab Digital Library

ਵਿਚ ਜਦੋਂ ਲਾਹੌਰ ਤੇ ਭੰਗੀ ਸਰਦਾਰਾਂ ਦਾ ਪੱਕੀ ਤਰ੍ਹਾਂ ਕਬਜ਼ਾ ਹੋ ਗਿਆ ਤਾਂ ਲੁੱਟ ਦੇ ਮਾਲ ਵਿਚ ਇਹ ਤੋਪ ਸਰਦਾਰ ਚੜ੍ਹਤ ਸਿੰਘ ਦੇ ਹਿੱਸੇ ਆਈ। ਉਹ ਇਸ ਨੂੰ ਗੁਜਰਾਂਵਾਲੇ ਲੈ ਆਇਆ। ਮੌਕਾ ਪਾਕੇ ਸ: ਅਹਿਮਦ ਖ਼ਾਂ ਚੱਠੇ ਨੇ ਗੁਜਰਾਂਵਾਲੇ ਤੇ ਹੱਲਾ ਬੋਲ ਦਿਤਾ ਅਤੇ ਚੜ੍ਹਤ ਸਿੰਘ ਨੂੰ ਹਾਰ ਕੇ ਇਹ ਤੋਪ ਆਪਣੇ ਕਬਜ਼ੇ ਵਿਚ ਲੈ ਲਈ ਅਤੇ ਫਿਰ ਉਸ ਨੂੰ ਆਪਣੇ ਨਾਲ ਰਸੂਲ ਨਗਰ ਲੈ ਆਇਆ। ਇਥੇ ਇਸ ਨੂੰ ਇਕ ਦਰਵਾਜ਼ੇ ਮੋਹਰੇ ਬੀੜ ਦਿੱਤਾ। ਅਜੇ ਤਕ ਉਹ ਦਰਵਾਜ਼ਾ ਤੋਪ ਵਾਲਾ ਦਰਵਾਜ਼ਾ ਕਹਾਉਂਦਾ ਹੈ। ਚੜ੍ਹਤ ਸਿੰਘ 15 ਸਾਲ ਲਗਾਤਾਰ ਲੜਾਈਆਂ ਵਿਚ ਰੁੱਝਿਆ ਰਿਹਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਗੁਜਰਾਂਵਾਲੇ ਦੇ ਇਲਾਕੇ ਤੋਂ ਛੁੱਟ ਰੁਹਤਾਸ ਦਾ ਪ੍ਰਸਿੱਧ ਕਿੱਲ੍ਹਾ ਧਨੀ ਘੇਪ, ਚੱਕਵਾਲ, ਪਿੰਡ ਦਾਦਨਖਾਂ, ਕੋਟ ਸਾਹਿਬ ਖ਼ਾਂ, ਲੂਨ ਮਿਆਨੀ ਅਤੇ ਖੀਵੜਾ ਅਰਥਾਤ ਤਿੰਨ ਲੱਖ ਰੁਪਏ ਸਾਲਾਨਾ ਦੇ ਲੱਗ-ਭੱਗ ਦੇ ਇਲਾਕੇ ਚੜ੍ਹਤ ਸਿੰਘ ਦੇ ਅਧਿਕਾਰ ਵਿਚ ਆ ਗਏ ਅਤੇ ਸੁਕਰਚੱਕੀਆ ਮਿਸਲ ਬਾਕੀ ਦੀਆਂ ਵੱਡੀਆਂ ਵੱਡੀਆਂ ਮਿਸਲਾਂ ਦੀ ਗਿਣਤੀ ਵਿਚ ਆਉਣ ਲੱਗ ਪਈ। ਸੰਨ 1774 ਵਿਚ ਜਦੋਂ ਇਹ ਭਰ ਜੁਆਨੀ ਵਿਚ ਸੀ ਕਿ ਉਸ ਦੀ ਆਪਣੀ ਬੰਦੂਕ ਫੱਟ ਜਾਣ ਕਾਰਨ ਉਸ ਦੀ ਮੌਤ ਹੋ ਗਈ। ਉਸ ਵਕਤ ਇਹ ਅਤੇ ਕਨ੍ਹਈਆ ਸਰਦਾਰ ਜੈ ਸਿੰਘ ਰਾਜਕੁਮਾਰ ਬਰਿਜ ਰਾਜ ਦੇਵ ਦੀ ਸਹਾਇਤਾ ਲਈ ਜੰਮੂ ਗਏ ਹੋਏ ਸਨ। ਬਰਿਜ ਰਾਜ ਦੇਵ ਨੂੰ ਉਸ ਦਾ ਬਾਪ ਰਾਜਾ ਰਣਜੀਤ ਦੇਵ ਆਪਣੇ ਪਿੱਛੋਂ ਜੰਮੂ ਦਾ ਰਾਜ ਨਹੀਂ ਸੀ ਦੇਣਾ ਚਾਹੁੰਦਾ। ਰਾਜੇ ਨੇ ਆਪਣੀ ਸਹਾਇਤਾ ਲਈ ਸ: ਝੰਡਾ ਸਿੰਘ ਭੰਗੀ ਨੂੰ ਬੁਲਾ ਰੱਖਿਆ ਸੀ।

**ਮਾਈ ਦੇਸਾਂ** :—ਹੁਣ ਮਿਸਲ ਦੀ ਸਰਦਾਰੀ ਚੜ੍ਹਤ ਸਿੰਘ ਦੇ ਪੁੱਤਰ ਮਹਾਂ ਸਿੰਘ ਦੇ ਹਿੱਸੇ ਆਈ। ਮਹਾਂ ਸਿੰਘ ਦੀ ਉੱਮਰ ਉਸ ਵਕਤ ਦਸ ਸਾਲਾਂ ਤੋਂ ਜ਼ਿਆਦਾ ਨਹੀਂ ਸੀ, ਸੰਭਵ ਸੀ ਕਿ ਉਸ ਦੇ ਸਰਦਾਰ ਬਣਦੇ ਸਾਰ ਹੀ ਸੁਕਰਚੱਕੀਆ ਮਿਸਲ ਟੁੱਟ ਭੱਜ ਜਾਂਦੀ ਪਰ ਮਹਾਂ ਸਿੰਘ ਦੇ ਚੰਗੇ ਭਾਗਾਂ ਨੂੰ ਉਸ ਦੀ ਮਾਤਾ ਮਾਈ ਦੇਸਾਂ ਬਹੁਤ ਹੁਸ਼ਿਆਰ ਸਾਬਤ ਹੋਈ। ਇੰਜ ਮਲੂਮ ਹੁੰਦਾ ਹੈ ਕਿ ਮਾਈ ਦੇਸਾਂ ਨੇ ਆਪਣੇ ਪਿਤਾ ਸ: ਅਮੀਰ ਸਿੰਘ ਦੀ ਸਿਆਣਪ, ਉਸ ਦਾ ਹੌਂਸਲਾ ਅਤੇ ਉਸ ਦੀ ਦੂਰ ਅੰਦੇਸ਼ੀ ਦਾ ਬਹੁਤ ਸਾਰਾ ਹਿੱਸਾ ਵਿਰਸੇ ਵਿਚ ਪ੍ਰਾਪਤ ਕੀਤਾ ਸੀ। ਕਈ ਸਿੱਖ ਸਰਦਾਰਾਂ ਨੇ ਮਹਾਂ ਸਿੰਘ ਨੂੰ ਨਿਆਣਾ ਸਮਝ ਕੇ ਮਿਸਲ ਵਿਚ ਖ਼ਰੂਦ ਮਚਾਉਣਾ ਚਾਹਿਆ। ਪਰ ਮਾਈ ਦੇਸਾਂ ਨੇ ਤੁਰਤ ਕਾਰਵਾਈ ਕੀਤੀ ਤੇ ਸਾਰੀ ਫ਼ੌਜ ਦਾ ਇੰਤਜ਼ਾਮ ਰਾਸਤੀ ਤੇ ਦਰੁਸਤੀ ਤੇ ਲੈ ਆਂਦਾ। ਕਵੀ ਪੀਰ ਮੁਹੰਮਦ ਨੇ ਵੀ ਮਾਈ ਦੇਸਾਂ ਦੇ ਇੰਤਜ਼ਾਮ ਦੀ ਸ਼ਲਾਘਾ ਕੀਤੀ ਹੈ। ਉਹ ਲਿਖਦਾ ਹੈ:

ਪਰ ਦੇਸਾਂ ਦੇਸ ਸਿਪਾਹ ਦੀ ਗੱਲ ਓਹਾ ਪਾਲੀ।
ਤੇ ਲਸ਼ਕਰ ਫ਼ੌਜਾਂ ਓਸ ਥੀਂ ਸਭ ਹੋਏ ਸੁਖਾਲੀ।
ਪਰ ਰਾਜ ਕਮਾਇਆ ਓਸ ਨੇ ਹੋ ਮੁਲਕੇ ਵਾਲੀ।

Original with:
Language Department Punjab
Digitized by:
Panjab Digital Library

**ਮਹਾਂ ਸਿੰਘ ਦੀਆਂ ਵਾਵਰੋਲੇ ਵਾਂਗ ਪਾਪਤ ਕੀਤੀਆਂ ਜਿੱਤਾਂ** :—ਜਦ ਮਹਾਂ ਸਿੰਘ ਨੇ ਹੋਸ਼ ਹੰਭਾਲੀ ਤੇ ਮਿਸਲ ਦੀ ਵਾਗਡੋਰ ਆਪਣੇ ਹੱਥ ਲਈ ਤਾਂ ਉਸ ਨੇ ਵੀ ਆਪਣੇ ਰਾਜ ਨੂੰ ਵਧਾਉਣ ਦਾ ਕੰਮ ਸ਼ੁਰੂ ਕੀਤਾ। ਉਸ ਦਾ ਟਾਕਰਾ ਜ਼ਿਆਦਾ ਕਰਕੇ ਇਕ ਪਾਸੇ ਚੱਠੇ ਅਤੇ ਭੱਟੀ ਸਰਦਾਰਾਂ ਨਾਲ ਅਤੇ ਦੂਜੇ ਪਾਸੇ ਕਨ੍ਹੱਈਆ ਮਿਸਲਦਾਰਾਂ ਤੇ ਆਪਣੇ ਸਾਕ ਦਾਰ ਭੰਗੀ ਸਰਦਾਰਾਂ ਨਾਲ ਲੱਗਾ ਰਿਹਾ। ਚੱਠੇ ਚੌਧਰੀਆਂ ਦੀ ਤਾਕਤ ਦੋ ਤਿਨ ਲੜਾਈਆਂ ਵਿਚ ਖ਼ਤਮ ਕਰ ਦਿੱਤੀ। ਏਹੀ ਇਸ ਕਵਿਤਾ ਦਾ ਵਿਸ਼ਾ ਹੈ ਜਿਸ ਦਾ ਵਿਸਥਾਰ ਸਹਿਤ ਹਾਲ ਅੱਗੇ ਚਲ ਕੇ ਦਿੱਤਾ ਜਾਵੇਗਾ। ਚੱਠਿਆਂ ਦੇ ਨਾਲ ਨਾਲ ਹੀ ਮਹਾਂ ਸਿੰਘ ਭੱਟੀ ਸਰਦਾਰਾਂ ਨਾਲ ਵੀ ਲੜਦਾ ਭਿੜਦਾ ਰਿਹਾ ਅਤੇ ਇਨ੍ਹਾਂ ਦੇ ਵੱਡੇ ਵੱਡੇ ਕੱਸਬੇ ਜਿਵੇਂ ਜਲਾਲਪੁਰ, ਪਿੰਡੀ ਭਟੀਆਂ ਆਦਿ ਨੂੰ ਖ਼ੂਬ ਲੁਟਿਆ। ਫਿਰ ਦਰਿਆ ਚਨਾਬ ਨੂੰ ਪਾਰ ਕਰਕੇ ਸਾਹੀਵਾਲ ਦੇ ਬਲੋਚਾਂ ਨਾਲ ਜਾ ਟੱਕਰ ਲਈ। ਉਥੋਂ ਚਲ ਕੇ ਈਸਾਖੇਲ ਜਾ ਪੁਜਿਆ। ਵਾਵਰੋਲਿਆਂ ਵਾਂਗ ਇਨ੍ਹਾਂ ਤੇਜ਼ ਜਿੱਤਾਂ ਦਾ ਨਤੀਜਾ ਸ਼ੁਕਰਚੱਕੀਆ ਮਿਸਲ ਦੇ ਹੱਕ ਵਿਚ ਅੱਛਾ ਸਾਬਤ ਹੋਇਆ। ਇਕ ਤਾਂ ਰਿਆਸਤ ਦੇ ਖ਼ਜ਼ਾਨੇ ਵਿਚ ਧਨ ਬਹੁਤ ਇਕੱਠਾ ਹੋ ਗਿਆ ਤੇ ਦੂਜਾ ਜੰਗਜੂ ਮੁਸਲਮਾਨ ਕਬੀਲਿਆਂ ਉਤੇ ਅੱਗੋਂ ਲਈ ਮਹਾਂ ਸਿੰਘ ਦੀ ਧਾਕ ਜੰਮ ਗਈ। ਇਸ ਤੋਂ ਵੀ ਜ਼ਿਆਦਾ ਲਾਭ ਮਹਾਂ ਸਿੰਘ ਨੂੰ ਇਹ ਹੋਇਆ ਕਿ ਸਭ ਤੋਂ ਛੋਟੀ ਤੇ ਸਭ ਤੋਂ ਪਿੱਛੋਂ ਕਾਇਮ ਹੋਈ ਸ਼ੁਕਰਚੱਕੀਆ ਮਿਸਲ ਹੁਣ ਅੱਗੋਂ ਲਈ ਵੱਡੇ ਵੱਡੇ ਸਰਦਾਰ ਇਸ ਨੂੰ ਚੜ੍ਹਦੀਆਂ ਕਲਾਂ ਵਿਚ ਦੇਖ ਕੇ ਆਪਣੀਆਂ ਮਿਸਲਾਂ ਨੂੰ ਛੱਡ ਕੇ ਉਸ ਮਿਸਲ ਵਿਚ ਆ ਸ਼ਾਮਲ ਹੋਏ; ਅਤੇ ਉਸ ਦੀ ਜੰਗੀ ਤਾਕਤ ਵਿਚ ਵਾਧਾ ਕਰ ਦਿੱਤਾ।

**ਖ਼ਾਲਸਾ ਮਿਸਲਦਾਰਾਂ ਨਾਲ ਮਹਾਂ ਸਿੰਘ ਦੀਆਂ ਲੜਾਈਆਂ** :—ਮਹਾਂ ਸਿੰਘ ਦੀ ਵਧਦੀ ਹੋਈ ਤਾਕਤ ਦੇਖ ਕੇ ਕਈ ਇਕ ਵੱਡੇ ਮਿਸਲਦਾਰ ਹਸਦ ਤੇ ਈਰਖਾ ਦੀ ਅੱਗ ਨਾਲ ਧੁੱਖਣ ਲਗ ਪਏ। ਇਨ੍ਹਾਂ ਵਿਚੋਂ ਇਕ ਤਾਂ ਕੱਨ੍ਹੀਆ ਮਿਸਲ ਦਾ ਸਰਦਾਰ ਜੈ ਸਿੰਘ ਸੀ ਅਤੇ ਦੂਜਾ ਮਹਾਂ ਸਿੰਘ ਦਾ ਗੁਆਂਢੀ ਅਤੇ ਰਿੱਸ਼ਤੇਦਾਰ ਭੰਗੀ ਸਰਦਾਰ ਗੁੱਜਰ ਸਿੰਘ। ਪਰ ਮਹਾਂ ਸਿੰਘ ਇਸ ਵੇਲੇ ਭਰ ਜੁਆਨੀ ਵਿਚ ਸੀ ਤੇ ਇਹ ਲੋਕ ਉਮਰ ਖਾ ਚੁੱਕੇ ਸਨ, ਇਨ੍ਹਾਂ ਦੇ ਸਰੀਰ ਵੀ ਢਿੱਲੇ ਹੋ ਰਹੇ ਸਨ, ਭਲਾਂ ਉਹ ਇਨ੍ਹਾਂ ਦੀ ਕੀ ਪ੍ਰਵਾਹ ਕਰਦਾ ਸੀ। ਜੈ ਸਿੰਘ ਨੇ ਤਾਂ ਜੰਗ ਕਰਨ ਦਾ ਮੌਕਾ ਮਹਾਂ ਸਿੰਘ ਨੂੰ ਇਕ ਪ੍ਰਕਾਰ ਆਪ ਹੀ ਦਿੱਤਾ। ਉਹ ਇਸ ਤਰ੍ਹਾਂ ਕਿ 1781–82 ਵਿਚ ਜੰਮੂ ਦਾ ਰਾਜਾ ਰਣਜੀਤ ਦੇਵ ਕਾਲ ਵਸ ਹੋ ਗਿਆ। ਹੁਣ ਉਸ ਦੇ ਦੋਵੇਂ ਪੁੱਤਰਾਂ ਬਰਿਜ ਰਾਜ ਦੇਵ ਤੇ ਦਲੇਰ ਸਿੰਘ ਵਿਚਕਾਰ ਗੱਦੀ-ਨਸ਼ੀਨੀ ਲਈ ਝੱਗੜਾ ਸ਼ੁਰੂ ਹੋ ਗਿਆ। ਮਹਾਂ ਸਿੰਘ ਨੂੰ ਇਹ ਚੰਗਾ ਮੌਕਾ ਹੱਥ ਆਇਆ। ਉਹ ਤੁਰਤ ਆਪਣਾ ਲਸ਼ਕਰ ਲੈ ਕੇ ਉਪਰੋਂ ਉਪਰ ਦਲੇਰ ਸਿੰਘ ਦੀ ਸਹਾਇਤਾ ਲਈ ਜੰਮੂ ਜਾ ਵੜਿਆ। ਹਾਲਾਂ ਕਿ ਦੋ ਸਾਲ ਪਹਿਲਾਂ ਇਹ ਬਰਿਜ ਰਾਜ ਦੇਵ ਦਾ ਪੱਗਵਟ ਭਰਾ ਬਣ ਚੁੱਕਾ ਸੀ। ਬਰਿਜ ਰਾਜ ਦੇਵ ਥੋੜਾ ਚਿਰ ਤਾਂ ਅੜਿਆ, ਪਰ ਮਗਰੋਂ ਸ਼ਹਿਰ ਛੱਡ ਕੇ ਤਰਕੋਟਾ ਦੀਆਂ ਪਹਾੜੀਆਂ ਵਿਚ ਜਾ ਲੁਕਿਆ। ਖ਼ਾਲਸਾ ਲਸ਼ਕਰ ਨੇ ਦਿਲ ਖੋਲ੍ਹ ਕੇ ਜੰਮੂ ਸ਼ਹਿਰ ਨੂੰ ਲੁਟਿਆ। ਅਗਲੇ ਸਾਲ ਜਦ ਦੀਵਾਲੀ ਦੇ ਮੌਕੇ ਤੇ ਮਹਾਂ ਸਿੰਘ ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਲਈ ਗਿਆ, ਤਾਂ ਉਥੇ ਬਾਕੀ ਮਿਸਲਦਾਰ

Original: Language Department Punjab
Digitized by:
Panjab Digital Library

ਵੀ ਜਮ੍ਹਾਂ ਹੋਏ ਹੋਏ ਸਨ। ਏਹ ਸ: ਜੈ ਸਿੰਘ ਕਨ੍ਹੱਈਆ ਨੂੰ, ਜਿਸ ਦਾ ਬਾਕੀ ਵੀ ਸਭ ਮਾਣ ਕਰਦੇ ਸਨ, ਫ਼ਤਿਹ ਬੁਲਾਉਣ ਲਈ ਉਸ ਦੇ ਡੇਰੇ ਤੇ ਪੁੱਜਿਆ। ਜੈ ਸਿੰਘ ਬੜਾ ਕਰੋਧਵਾਨ ਹੋ ਰਿਹਾ ਸੀ, ਕਿਉਂ ਜੋ ਮਹਾਂ ਸਿੰਘ ਨੇ ਸ: ਹਕੀਕਤ ਸਿੰਘ ਕਨ੍ਹੱਈਆ ਨਾਲ ਮਿਲ ਕੇ ਜਮੂੰ ਤੇ ਚੜ੍ਹਾਈ ਕਰਨ ਦਾ ਇਕਰਾਰ ਕੀਤਾ ਹੋਇਆ ਸੀ, ਪਰ ਹਕੀਕਤ ਸਿੰਘ ਚੂੰਕਿ ਜ਼ਫਰਵਾਲ ਵਾਲੇ ਰੱਸਤਿਉਂ ਆ ਰਿਹਾ ਸੀ, ਉਸ ਨੂੰ ਪਹੁੰਚਦੇ ਕੁਝ ਦੇਰ ਹੋ ਗਈ ਇਸ ਲਈ ਮਹਾਂ ਸਿੰਘ ਇਕੱਲਾ ਹੀ ਲੁੱਟ ਦਾ ਮਾਲ ਲੈਕੇ ਜਮੂੰਓਂ ਪਰਤ ਆਇਆ ਸੀ। ਹੁਣ ਜੈ ਸਿੰਘ ਨੇ ਉਸ ਪਾਸੋਂ ਹਕੀਕਤ ਸਿੰਘ ਦਾ ਹਿੱਸਾ ਤਲਬ ਕੀਤਾ। ਹਕੀਕਤ ਸਿੰਘ ਆਪ ਮਰ ਚੁੱਕਾ ਸੀ ਤੇ ਮਹਾਂ ਸਿੰਘ ਕੁਝ ਵੀ ਦੇਣ ਲਈ ਤਿਆਰ ਨਹੀਂ ਸੀ। ਝੱਗੜਾ ਵੱਧਦਾ ਗਿਆ। ਜੈ ਸਿੰਘ ਨੇ ਕੁਝ ਵੱਧ ਘੱਟ ਗੱਲਾਂ ਕੀਤੀਆਂ ਜੋ ਮਹਾਂ ਸਿੰਘ ਚੁੱਪ ਕਰ ਕੇ ਸੁਣਦਾ ਰਿਹਾ। ਪਰ ਦਿਲ ਵਿਚ ਆਪਣੀਆਂ ਵਿਉਂਤਾਂ ਸੋਚਦਾ ਰਿਹਾ। ਜੈ ਸਿੰਘ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦਾ ਇਲਾਕਾ ਵੀ ਆਪਣੇ ਕਾਬੂ ਵਿਚ ਕਰ ਰੱਖਿਆ ਸੀ ਅਤੇ ਉਹ ਬੇਵਸ ਹੋ ਕੇ ਇਸ ਵੇਲੇ ਹਾਂਸੀ, ਹਿਸਾਰ ਦੇ ਰੇਤਲੇ ਮੈਦਾਨਾਂ ਵਿਚ ਆਪਣਾ ਸਿਰ ਲੁਕਾਈ ਫਿਰਦਾ ਸੀ। ਸੋ ਮਹਾਂ ਸਿੰਘ ਨੇ ਇਸ ਨਾਲ ਲਿਖਾ ਪੜ੍ਹੀ ਸ਼ੁਰੂ ਕੀਤਾ ਅਤੇ ਜੈ ਸਿੰਘ ਦੇ ਇਲਾਕੇ ਉਤੇ ਇਕੱਠਿਆਂ ਹਮਲਾ ਕਰਨ ਦਾ ਫ਼ੈਸਲਾ ਕੀਤਾ। ਰਾਜਾ ਸੰਸਾਰ ਚੰਦ ਕਟੋਚ ਕਾਂਗੜੇ ਵਾਲੇ ਦੇ ਵੀ ਕੁਝ ਕਸਬੇ ਜੈ ਸਿੰਘ ਦੱਬੀ ਬੈਠਾ ਸੀ। ਮਹਾਂ ਸਿੰਘ ਨੇ ਇਸ ਨੂੰ ਵੀ ਨਾਲ ਗੰਢਿਆ। ਸੋ ਤਿੰਨਾਂ ਨੇ ਮਿਲਕੇ ਸੰਨ 1784 ਵਿਚ ਬਟਾਲੇ ਜਾ ਹਮਲਾ ਕੀਤਾ। ਜੈ ਸਿੰਘ ਦਾ ਵੱਡਾ ਪੁੱਤਰ ਗੁਰਬਖਸ਼ ਸਿੰਘ ਆਪਣੀ ਫ਼ੌਜ ਦੀ ਅਗਵਾਈ ਕਰ ਰਿਹਾ ਸੀ ਤੇ ਮੰਦੇ ਭਾਗਾਂ ਨੂੰ ਇਕ ਤੀਰ ਉਸ ਦੇ ਸੀਨੇ ਵਿਚ ਜਾ ਲੱਗਾ ਜਿਸ ਨਾਲ ਉਸ ਦੀ ਮੌਤ ਹੋ ਗਈ। ਕਨ੍ਹੱਈਆ ਲਸ਼ਕਰ ਦੇ ਹੌਂਸਲੇ ਟੁੱਟ ਗਏ ਅਤੇ ਬੁੱਢੇ ਜੈ ਸਿੰਘ ਨੂੰ ਵੀ ਪੁੱਤਰ ਦੀ ਮੌਤ ਦਾ ਸਦਮਾ ਇਸ ਉੱਮਰ ਵਿਚ ਡਾਢਾ ਲੱਗਾ ਤੇ ਸੁਲਾਹ ਲਈ ਮਜਬੂਰ ਹੋ ਗਿਆ। ਸੰਸਾਰ ਚੰਦ ਤੇ ਰਾਮਗੜ੍ਹੀਏ ਸਰਦਾਰ ਦੋਵਾਂ, ਦੇ ਇਲਾਕੇ ਉਨ੍ਹਾਂ ਨੂੰ ਵਾਪਸ ਕਰ ਦਿੱਤੇ ਅਤੇ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਗੁਰਬਖਸ਼ ਸਿੰਘ ਦੀ ਧੀ ਦੀ ਕੁੜਮਾਈ ਕਰ ਦਿੱਤੀ।

**ਭੰਗੀ ਸਰਦਾਰਾਂ ਨਾਲ ਯੁੱਧ** :—ਮਹਾਂ ਸਿੰਘ ਦੀ ਭੈਣ ਰਾਮ ਕੌਰ ਸ: ਸਾਹਿਬ ਸਿਘ ਭੰਗੀ ਗੁਜਰਾਤ ਵਾਲੇ ਨਾਲ ਵਿਆਹੀ ਹੋਈ ਸੀ। ਉਸ ਸਾਕਾਦਾਰੀ ਦੇ ਸਦਕੇ ਚੜ੍ਹਤ ਸਿਘ ਤੇ ਗੁੱਜਰ ਸਿੰਘ ਤੇ ਬਾਅਦ ਵਿਚ ਮਹਾਂ ਸਿੰਘ ਤੇ ਗੁੱਜਰ ਸਿੰਘ ਵੀ ਆਪਸ ਵਿਚ ਅੱਛੀ ਤਰ੍ਹਾਂ ਸੁਲਾਹ ਸਫ਼ਾਈ ਅਤੇ ਦੋਸਤੀ ਤੇ ਪਿਆਰ ਨਾਲ ਕਾਫ਼ੀ ਚਿਰ ਤਕ ਚਲਦੇ ਆਏ, ਪਰ ਹਕੂਮਤ ਦੇ ਮਾਲ ਧਨ ਤੇ ਸਾਕਾਦਾਰੀ ਦਾ ਇਕ ਰਸ ਨਿਭਾਉਣਾ ਬੜਾ ਕਠਿੱਨ ਹੈ ਕਿਉਂਕਿ ਰਾਜਨੀਤੀ ਕਿਸੇ ਪ੍ਰਕਾਰ ਦੀ ਸਾਕਾਦਾਰੀ ਨੂੰ ਨਹੀਂ ਪਛਾਣਦੀ ਤੇ ਨਾ ਹੀ ਪ੍ਰਵਾਹ ਕਰਦੀ ਹੈ। ਸੰਨ1790 ਵਿਚ ਜਦੋਂ ਸ: ਗੁੱਜਰ ਸਿੰਘ ਦਾ ਦਿਹਾਂਤ ਹੋ ਗਿਆ ਅਤੇ ਗੁਜਰਾਤ ਦੇ ਰਾਜ ਉਪਰ ਸਾਹਿਬ ਸਿੰਘ ਆਪਣੇ ਬਾਪ ਦੀ ਰਾਜ ਗੱਦੀ ਤੇ ਬੈਠਿਆ ਤਾਂ ਸ: ਮਹਾਂ ਸਿੰਘ ਨੇ ਇਸ ਪਾਸੋਂ ਗੱਦੀ ਨਸ਼ੀਨੀ ਦਾ ਨਜ਼ਰਾਨਾ ਤਲਬ ਕੀਤਾ। ਸਾਹਿਬ ਸਿੰਘ ਨੇ ਜੁਆਬ

Original with:
Language
Digitized by:
Panjab Digital Library

ਵਿਚ ਅਖਵਾ ਘੱਲਿਆ ਕਿ ਉਸ ਦੇ ਪਿਤਾ ਦਾ ਅਤੇ ਉਸਦਾ ਆਪਣਾ ਸਬੰਧ ਸਦਾ ਹੀ ਭੰਗੀ ਮਿਸਲ ਦੇ ਸਰਦਾਰਾਂ ਨਾਲ ਰਿਹਾ ਹੈ ਨਾ ਕਿ ਸ਼ੁਕਰਚੱਕੀਏ ਸਰਦਾਰਾਂ ਨਾਲ। ਇਸ ਲਈ ਸ਼ੁਕਰਚੱਕੀਏ ਮਿਸਲਦਾਰ ਮਹਾਂ ਸਿੰਘ ਨੂੰ ਇਸ ਨਜ਼ਰਾਨੇ ਦੇ ਤਲਬ ਕਰਨ ਦਾ ਕੋਈ ਹੱਕ ਨਹੀਂ ਹੈ। ਇਸ ਗੱਲ ਤੇ ਦੋਵਾਂ ਸਰਦਾਰਾਂ ਦੀ ਆਪਸ ਵਿਚ ਖੜਕ ਪਈ ਤੇ ਦੋ ਕੁ ਸਾਲ ਇਹ ਜੰਗ ਚਲਦੀ ਰਹੀ। ਮਹਾਂ ਸਿੰਘ ਨੇ ਇਹ ਵਤੀਰਾ ਅਖ਼ਤਿਆਰ ਕੀਤਾ ਕਿ ਫ਼ਤਿਹ ਸਿੰਘ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ, ਕਿਉਂ ਜੋ ਫ਼ਤਿਹ ਸਿੰਘ ਦਾ ਕੁਝ ਇਲਾਕਾ ਉਸ ਦਾ ਵੱਡਾ ਭਰਾ ਸਾਹਿਬ ਸਿੰਘ ਦਬਾਈ ਬੈਠਾ ਸੀ। ਸੰਨ 1791 ਵਿਚ ਮਹਾਂ ਸਿੰਘ ਨੇ ਸੋਧਰੇ ਦੇ ਕਿੱਲ੍ਹੇ ਨੂੰ ਘੇਰਾ ਪਾ ਲਿਆ। ਇਹ ਕਿਲ੍ਹਾ ਵਜ਼ੀਰਾਬਾਦ ਤੋਂ ਕੋਈ ਚਾਰ ਕੁ ਮੀਲ ਦੀ ਵਿੱਥ ਤੇ ਸੀ ਅਤੇ ਇਸ ਵੇਲੇ ਸਾਹਿਬ ਸਿੰਘ ਆਪ ਵੀ ਇਸ ਕਿੱਲ੍ਹੇ ਵਿਚ ਮੌਜੂਦ ਸੀ। ਮਹਾਂ ਸਿੰਘ ਨੂੰ ਆਪਣੀ ਫ਼ਤਿਹ ਦੀ ਪੂਰੀ ਪੂਰੀ ਆਸ ਸੀ ਕਿਉਂਕਿ ਅਜੇ ਤਕ ਉਸ ਨੂੰ ਕਿਧਰੇ ਵੀ ਹਾਰ ਨਹੀਂ ਹੋਈ ਸੀ। ਏਥੇ ਵੀ ਸ਼ਾਇਦ ਉਸ ਦੀ ਕੋਸ਼ਿਸ਼ ਸਫ਼ਲ ਹੋ ਜਾਂਦੀ ਪਰ ਸਾਹਿਬ ਸਿੰਘ ਨੇ ਸ: ਜੋਧ ਸਿੰਘ ਵਜ਼ੀਰਾਬਾਦ ਵਾਲੇ ਨੂੰ ਅਤੇ ਸ: ਕਰਮ ਸਿੰਘ ਦੂਲੋ ਨੂੰ ਇਹ ਸਮਝਾ ਬੁਝਾ ਕੇ ਕਿ ਮਹਾਂ ਸਿੰਘ ਜੇਹੇ ਬੇਇਤਬਾਰੇ ਸਰਦਾਰ ਪਾਸੋਂ ਹਰ ਵਕਤ ਖ਼ੱਤਰੇ ਦੀ ਹੀ ਉਮੀਦ ਰੱਖੀ ਜਾ ਸਕਦੀ ਹੈ, ਆਪਣੇ ਵੱਲ ਕਰ ਲਿਆ। ਇਸ ਲਈ ਇਨ੍ਹਾਂ ਦੋਵਾਂ ਦੀਆਂ ਫੌਜਾਂ ਮਹਾਂ ਸਿੰਘ ਦਾ ਸਾਥ ਛੱਡ ਕੇ ਸਾਹਿਬ ਸਿੰਘ ਨਾਲ ਜਾ ਮਿਲੀਆਂ। ਮਹਾਂ ਸਿੰਘ ਦਾ ਦਿੱਲ ਟੁੱਟ ਗਿਆ ਅਤੇ ਉਹ ਕਿਸੇ ਅਜਿਹੀ ਬਿਮਾਰੀ ਦੇ ਚੱਕਰ ਵਿਚ ਆ ਗਿਆ ਕਿ ਸੋਧਰੇ ਦਾ ਮੁਹਾਸਰਾ ਉਠਾ ਲੈਣ ਤੇ ਮਜਬੂਰ ਹੋ ਗਿਆ ਅਤੇ ਬਾਅਦ ਵਿਚ ਜਲਦੀ ਹੀ ਸੁਰਗਵਾਸ ਹੋ ਗਿਆ।

ਮਹਾਂ ਸਿੰਘ ਨੇ 40 ਸਾਲਾਂ ਦੇ ਸਮੇਂ ਵਿਚ ਸ਼ੁਕਰਚੱਕੀਆ ਮਿਸਲ ਨੂੰ ਬਹੁਤ ਉੱਨਤ ਕੀਤਾ। ਇਸ ਦੇ ਇਲਾਕੇ ਵਿਚ ਵੀ ਬਹੁਤ ਵਾਧਾ ਹੋਇਆ ਤੇ ਰਿਆਸਤ ਦੀ ਆਮਦਨ ਵੀ ਪਹਿਲਾਂ ਨਾਲੋਂ ਦੁੱਗਣੀ ਬਲਕਿ ਤਿੱਗਣੀ ਹੋ ਗਈ।

**ਖ਼ਾਲਸਾ ਸਰਦਾਰਾਂ ਦੇ ਆਪਸ ਦੇ ਸਬੰਧ ਅਤੇ ਮਿਸਲਦਾਰੀ ਸਿਸਟਮ ਦੀਆਂ ਕਮਜ਼ੋਰੀਆਂ**:—ਮਹਾਂ ਸਿੰਘ ਦੀ ਲੜਾਈ ਭਾਵੇਂ ਕਨ੍ਹੱਈਆ ਸਰਦਾਰਾਂ ਨਾਲ ਹੋਵੇ ਜਾਂ ਭੰਗੀ ਸਰਦਾਰਾਂ ਨਾਲ, ਇਹ ਕੋਈ ਅਨੋਖੀ ਗੱਲ ਨਹੀਂ ਸੀ। ਇਸ ਸਮੇਂ ਤਾਂ ਸਾਰੇ ਮਿਸਲਦਾਰ ਹੀ ਇਕ ਦੂਜੇ ਨਾਲ ਜੰਗ ਵਿਚ ਜੁਟੇ ਹੋਏ ਸਨ। ਕਦੀ ਕੋਈ ਦੋ ਮਿਸਲਦਾਰ ਮਿਲ ਕੇ ਤੀਜੇ ਮਿਸਲਦਾਰ ਉੱਪਰ ਧਾਵਾ ਬੋਲ ਦਿੰਦੇ ਤੇ ਕਦੇ ਕੋਈ ਹੋਰ ਦੋ ਤਿੰਨ ਮਿਸਲਾਂ ਦੀ ਸਾਂਝੀ ਫ਼ੌਜ ਕਿਸੇ ਚੌਥੀ ਮਿਸਲ ਦੇ ਇਲਾਕੇ ਉੱਤੇ ਦਾਬਾ ਜਾ ਬਿਠਾਉਂਦੀ ਸੀ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਇਸ ਅਠਾਰ੍ਹਵੀਂ ਸਦੀ ਦੇ ਆਖ਼ਰੀ 20-25 ਸਾਲ ਖ਼ਾਲਸੇ ਦਾ ਇਕ ਵਚਿਤਰ ਦ੍ਰਿਸ਼ ਪੇਸ਼ ਕਰਦੇ ਹਨ। ਇਨ੍ਹਾਂ ਸਰਕਰਦਿਆਂ ਦੇ ਪੁੱਤ ਪੋਤੇ ਜੋ 30—40 ਸਾਲ ਪਹਿਲਾਂ ਇਕ ਦੂਜੇ ਨਾਲ ਮੋਢਾ ਜੋੜ ਕੇ ਅਤੇ ਆਪਣੇ ਸੁਆਰਥ ਨੂੰ ਪੰਥ ਲਈ ਕੁਰਬਾਨ ਕਰਕੇ ਵੈਰੀ ਦੇ ਵਿਰੁੱਧ ਲੜਿਆ ਕਰਦੇ ਸਨ, ਹੁਣ ਇਨ੍ਹਾਂ ਨੇ ਆਪੋ ਵਿਚ ਲੜਨਾ ਸ਼ੁਰੂ ਕਰ ਦਿੱਤਾ

Original with:
Language Dept. Punjab
Digitized by:
Panjab Digital Library

ਅਤੇ ਇਨ੍ਹਾਂ ਲੜਾਈਆਂ ਦੇ ਸਿੱਟੇ ਇਕ ਦੂਜੇ ਦੀ ਫੌਜੀ ਤਾਕਤ ਨੂੰ ਕਮਜ਼ੋਰ ਕਰ ਰਹੇ ਸਨ। ਜਿਸ ਦਾ ਅਸਰ ਆਖਰ ਸਾਰੇ ਪੰਥ ਦੀ ਸਮੁੱਚੀ ਫੌਜੀ ਤਾਕਤ ਤੇ ਪੈਣਾ ਜ਼ਰੂਰੀ ਸੀ। ਆਪੋ ਵਿਚ ਦੀਆਂ ਲੜਾਈਆਂ ਦਾ ਵੱਡਾ ਕਾਰਣ ਤਾਂ ਇਹ ਸੀ ਕਿ ਜਦੋਂ ਸਰਦਾਰ ਲੋਕ ਮਿਲਖਾਂ, ਖ਼ਜ਼ਾਨਿਆਂ ਤੇ ਰਈਯਤਾਂ ਵਾਲੇ ਰਾਜੇ ਬਣ ਗਏ ਤਾਂ ਉਨ੍ਹਾਂ ਨੂੰ ਸੁਆਰਥ ਨੇ ਆਣ ਘੇਰਿਆ। ਨਾਲ ਹੀ ਅਹਿਮਦ ਸ਼ਾਹ ਅਬਦਾਲੀ ਦੇ ਆਏ ਦਿਨ ਦੇ ਹਮਲੇ ਜੋ ਪੰਥ ਲਈ ਖ਼ਤਰੇ ਦਾ ਕਾਰਣ ਬਣ ਰਹੇ ਸਨ, ਉਸ ਦੇ ਸੰਨ 1772 ਵਿਚ ਕਾਲਵਸ ਹੋਣ ਪਿੱਛੋਂ ਬੰਦ ਹੋ ਗਏ ਅਤੇ ਇਨ੍ਹਾਂ ਮਿਸਲਦਾਰਾਂ ਲਈ ਇਕ ਵੱਡੀ ਤਾਕਤ ਕਾਫ਼ੂਰ ਹੋ ਗਈ। ਜਦੋਂ ਵੈਰੀ ਵੱਲੋਂ ਨਿਸ਼ਚਿੰਤ ਹੋ ਗਏ ਤਾਂ ਇਹ ਸਰਦਾਰ ਆਪਣੇ ਬਾਹੂਬਲ ਨੂੰ ਇਕ ਦੂਜੇ ਦੇ ਵਿਰੁੱਧ ਵਰਤਣ ਲੱਗ ਪਏ। ਨਿੱਕੀਆਂ ਨਿੱਕੀਆਂ ਗੱਲਾਂ ਤੋਂ ਝਗੜਾ ਛਿੜ ਪੈਂਦਾ ਸੀ। ਇਨ੍ਹਾਂ ਦੇ ਇਲਾਕਿਆਂ ਦੀ ਵੰਡ ਅਤੇ ਇਨ੍ਹਾਂ ਦੀਆਂ ਹੱਦਾਂ ਤੇ ਬੰਨੇ ਪੱਕੀ ਤਰ੍ਹਾਂ ਨਿਯਤ ਨਹੀਂ ਸਨ ਹੋਏ ਤੇ ਕਈ ਕਈ ਪਿੰਡਾਂ ਵਿਚ ਤਾਂ ਦੋ ਦੋ, ਤਿੰਨ ਤਿੰਨ ਸਰਦਾਰਾਂ ਦਾ ਹਿੱਸਾ ਸੀ। ਇਹ ਲੜਾਈ ਝਗੜਾ ਸਦਾ ਖੜ੍ਹਾ ਰਹਿੰਦਾ ਸੀ। ਇਸਤੋਂ ਛੁੱਟ ਇਹ ਗੱਲ ਵੀ ਧਿਆਨ ਯੋਗ ਹੈ ਕਿ ਖ਼ਾਲਸਈ ਇਲਾਕੇ ਦੀ ਕੋਈ ਕੇਂਦਰੀ ਹਕੂਮਤ ਜਾਂ ਤਾਕਤ ਨਹੀਂ ਸੀ, ਜੋ ਇਨ੍ਹਾਂ ਸਰਦਾਰਾਂ ਦੇ ਆਪੋ ਵਿਚਲੇ ਝਗੜਿਆਂ ਦਾ ਨਿਪਟਾਰਾ ਕਰਦੀ ਤੇ ਧਿਰਾਂ ਨੂੰ ਫ਼ੈਸਲਾ ਮੰਨਣ ਤੇ ਮਜਬੂਰ ਕਰ ਸਕਦੀ। ਹਰ ਇਕ ਸਰਦਾਰ ਆਪੋ ਆਪਣੇ ਇਲਾਕੇ ਵਿਚ ਖ਼ੁਦ ਮੁਖਤਿਆਰ ਸੀ। ਜੋ ਚਾਹੁੰਦਾ ਸੋ ਕਰਦਾ। ਜ਼ਰਾ ਹੋਰ ਵਿਚਾਰ ਕਰਨ ਨਾਲ ਪਤਾ ਲਗਦਾ ਹੈ ਕਿ ਹਰ ਇਕ ਮਿਸਲ ਵਿਚ ਫੁਟ ਦਾ ਬੀਜ ਪਹਿਲੇ ਦਿਨ ਤੋਂ ਹੀ ਮੌਜੂਦ ਸੀ। ਕਿਉਂਕਿ ਹਰ ਇਕ ਸਵਾਰ ਤੇ ਸਰਦਾਰ ਨੂੰ ਇਹ ਹੱਕ ਹਾਸਲ ਸੀ ਕਿ ਜੇਕਰ ਉਹ ਚਾਹੇ ਤਾਂ ਉਸ ਮਿਸਲ ਨੂੰ ਛੱਡ ਕੇ ਕਿਸੇ ਦੂਸਰੀ ਮਿਸਲ ਵਿਚ ਸ਼ਾਮਲ ਹੋ ਸਕਦਾ ਸੀ, ਜਾਂ ਆਪਣੀ ਮਿਸਲ ਕਾਇਮ ਕਰ ਸਕਦਾ ਸੀ ਜਾਂ ਉਸੇ ਮਿਸਲ ਦੀ ਸਰਦਾਰੀ ਲਈ, ਜਦੋਂ ਥਾਂ ਖ਼ਾਲੀ ਹੋਵੇ, ਆਪਣਾ ਦਾਅਵਾ ਪੇਸ਼ ਕਰ ਸਕਦਾ ਸੀ। ਇਸ ਕਿਸਮ ਦੀ ਹਕੂਮਤ ਦਾ ਸਿਲਸਿਲਾ ਬਹੁਤ ਚਿਰ ਤਕ ਕਾਇਮ ਨਹੀਂ ਰਹਿ ਸਕਦਾ ਸੀ ਤੇ ਹੋਇਆ ਵੀ ਐਨ ਇਸੇ ਤਰ੍ਹਾਂ। ਪਿੱਛੋਂ ਜਾ ਕੇ ਇਨ੍ਹਾਂ ਮਿਸਲਦਾਰਾਂ ਵਿਚੋਂ ਹੀ ਇਕ ਨੇ ਭਾਵ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨੇ, ਇਸ ਫੁਟਪਾਊ ਸਿਸਟਮ ਨੂੰ ਖ਼ਤਮ ਕਰ ਕੇ ਪੰਜਾਬ ਵਿਚ ਇਕ ਕੇਂਦਰੀ ਤੇ ਅਫ਼ਿਰਕੂ ਖ਼ਾਲਸਾ ਹਕੂਮਤ ਕਾਇਮ ਕਰ ਲਈ। ਖ਼ਾਲਸਾ ਸਰਦਾਰਾਂ ਦੀ ਰਾਜਸੀ ਖਿਚੋਤਾਣ ਦਾ ਨਕਸ਼ਾ ਸਮਕਾਲੀ ਕਵੀ ਗਣੇਸ਼ ਦਾਸ ਨੇ ਆਪਣੇ ਇਕ ਬੰਦ ਵਿਚ ਚੰਗੀ ਤਰ੍ਹਾਂ ਪੇਸ਼ ਕੀਤਾ ਹੈ। ਉਹ ਲਿਖਦਾ ਹੈ :—

> ਆਪਨ ਆਪ ਕਰੇਂ ਮਿਲ ਰਾਰ, ਮਲੇਛਨ ਸਾਥ ਨ ਜੰਗ ਮਚਾਵੇਂ ।
> ਤਿਨ ਤੇ ਗੁਰ ਆਪ ਵਿਚਾਰ ਕੀਉ, ਸਭ ਸਿੰਘਨ ਕੋ ਪਤੀ ਏਕ ਬਨਾਵੇਂ ।

ਇਹ ਪਤੀ, ਜਿਵੇਂ ਉਪਰ ਲਿਖਿਆ ਹੈ, ਮਹਾਰਾਜਾ ਰਣਜੀਤ ਸਿੰਘ ਸੀ। ਰਣਜੀਤ ਸਿੰਘ ਨੂੰ ਕੁਦਰਤ ਨੇ ਬੜੀ ਬੁੱਧੀ ਦੇ ਰੱਖੀ ਸੀ। ਸਗੋਂ ਅਸੀਂ ਤਾਂ ਇਹ ਕਹਾਂਗੇ ਕਿ ਉਹ ਉਨ੍ਹਾਂ ਥੋੜ੍ਹੇ ਜਿਹੇ ਮਹਾਂ ਪੁਰਸ਼ਾਂ ਵਿਚੋਂ ਸੀ ਜਿਨ੍ਹਾਂ ਨੂੰ ਪਰਮੇਸ਼ਵਰ ਖ਼ਾਸ ਮਤਲੱਬ ਲਈ

Original with: Language Department Punjab
Digitized by:
Panjab Digital Library

ਕਦੇ ਕਦੇ ਹੀ ਇਸ ਦੁਨੀਆ ਵਿਚ ਭੇਜਿਆ ਕਰਦਾ ਹੈ। ਇਸ 19 ਸਾਲਾਂ ਦੇ ਅਨਪੜ੍ਹ ਪੰਜਾਬੀ ਜੱਟ ਨੌਜਵਾਨ ਨੇ ਜਲਦੀ ਹੀ ਅਨੁਭਵ ਕਰ ਲਿਆ ਕਿ ਜੇਕਰ ਪੰਜਾਬ ਇਸੇ ਤਰ੍ਹਾਂ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਵੰਡਿਆ ਰਿਹਾ ਅਤੇ ਇਹ ਰਿਆਸਤਾਂ ਆਪੋ ਵਿਚ ਵੈਰ ਭਾਵ ਰਖਦੀਆਂ ਹੋਈਆਂ ਲੜਦੀਆਂ ਹੀ ਰਹੀਆਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਸਭ ਕਮਜ਼ੋਰ ਹੋ ਕੇ ਖ਼ਤਮ ਹੋ ਜਾਣਗੀਆਂ ਅਤੇ ਇਨ੍ਹਾਂ ਦੀ ਥਾਂ ਚੜ੍ਹਦੇ ਵੱਲੋਂ ਅੰਗਰੇਜ਼ ਜਾਂ ਲਹਿੰਦੇ ਵੱਲੋਂ ਅਹਿਮਦ ਸ਼ਾਹ ਅਬਦਾਲੀ ਦੇ ਪੁਤ ਪੋਤੇ ਆ ਕੇ ਫਿਰ ਪੰਜਾਬ ਸਾਂਭ ਲੈਣਗੇ ਅਤੇ ਸੁਤੰਤਰਤਾ ਹਾਂਸਲ ਕਰਨ ਲਈ ਜੋ ਕੁਰਬਾਨੀਆਂ ਖ਼ਾਲਸੇ ਨੇ ਕੀਤੀਆਂ ਸਨ ਉਹ ਸਭ ਵਿਅਰਥ ਜਾਣਗੀਆਂ। ਸੋ ਉਸ ਨੇ ਇਹ ਫ਼ੈਸਲਾ ਕੀਤਾ ਕਿ ਛੋਟੇ ਮੋਟੇ ਸਭ ਹੁਕਮਰਾਨਾਂ ਨੂੰ, ਭਾਵੇਂ ਉਹ ਸਿੱਖ ਹੋਣ ਜਾਂ ਮੁਸਲਮਾਨ, ਖ਼ਤਮ ਕਰਕੇ ਇਕ ਵਿਸ਼ਾਲ ਪੰਜਾਬ ਰਾਜ ਸਥਾਪਤ ਕਰੇ। ਇਸ ਨੂੰ ਇਸ ਨੇਕ ਇਰਾਦੇ ਵਿਚ ਸਫ਼ਲਤਾ ਪ੍ਰਾਪਤ ਹੋਈ। ਇਸੇ ਕਾਰਵਾਈ ਵਿਚ ਬੱਚੇ ਖੁਚੇ ਚੱਠੇ ਵੀ ਖ਼ਤਮ ਕੀਤੇ ਗਏ। ਇਸ ਤਰ੍ਹਾਂ ਸ਼ੁਕਰਚੱਕੀਏ ਸਰਦਾਰਾਂ ਅਤੇ ਚੱਠਿਆਂ ਵਿਚਕਾਰ ਇਹ ਜੰਗ ਤਿੰਨ ਪੀੜ੍ਹੀਆਂ ਜਾਰੀ ਰਹੀ। ਬਲਕਿ ਇਕ ਤਰ੍ਹਾਂ ਵੇਖਿਆ ਜਾਵੇ ਤਾਂ ਇਹ ਖ਼ਾਨਦਾਨੀ ਦੁਸ਼ਮਣੀ ਚੌਥੀ ਪੀੜ੍ਹੀ ਤਕ ਵੀ ਪੁੱਜ ਗਈ ਸੀ, ਅਤੇ ਇਸੇ ਕੱਸਬੇ, ਰਸੂਲ ਨਗਰ (ਰਾਮ ਨਗਰ), ਦੇ ਨੇੜੇ ਜੋ ਲੜਾਈ 50 ਸਾਲ ਪਿੱਛੋਂ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਹੋਈ, ਉਸ ਵਕਤ ਫਿਰ ਜ਼ਾਹਰ ਹੋਈ।

**ਸੈਦ ਨਗਰ ਦੀ ਜੰਗ** 1777 :—ਪਰ ਕਵੀ ਪੀਰ ਮੁਹੰਮਦ ਨੇ ਆਪਣੀ ਉਸ ਵਾਰ ਵਿਚ ਸਿਰਫ਼ ਦੋ ਨਖੇੜਵੀਆਂ ਲੜਾਈਆਂ ਨੂੰ ਹੀ ਕਵਿਤਾ ਵਿਚ ਬਿਆਨਿਆ ਹੈ। ਪਹਿਲੀ ਸੈਦ ਨਗਰ ਦੀ ਜੰਗ ਜਿਸ ਦੇ ਸਿੱਟੇ ਵੱਜੋਂ ਸ: ਗ਼ੁਲਾਮ ਮੁਹੰਮਦ ਨੂੰ ਆਪਣਾ ਮੌਰੂਸੀ ਕੱਸਬਾ ਰਸੂਲ ਨਗਰ ਸ: ਮਹਾਂ ਸਿੰਘ ਦੇ ਹਵਾਲੇ ਕਰਨਾ ਪਿਆ, ਤੇ ਦੂਜੀ ਸੰਨ 1790 ਵਿਚ ਮੰਚਰ ਦੀ ਜੰਗ, ਜਿਸ ਦੇ ਸਿੱਟੇ ਵੱਜੋਂ ਬਾਕੀ ਰਿਆਸਤ ਵੀ ਮਹਾਂ ਸਿੰਘ ਦੇ ਹਵਾਲੇ ਕਰਕੇ ਗ਼ੁਲਾਮ ਮੁਹੰਮਦ ਨੇ ਮੱਕੇ ਸ਼ਰੀਫ਼ ਚਲੇ ਜਾਣ ਦੀ ਤਿਆਰੀ ਕਰ ਲਈ। ਸੈਦ ਨਗਰ ਦੀ ਜੰਗ ਦੀ ਕਹਾਣੀ ਕਵੀ ਇਉਂ ਬਿਆਨ ਕਰਦਾ ਹੈ। ਸ: ਮਹਾਂ ਸਿੰਘ ਦੀ ਚੜ੍ਹਦੀ ਜੁਆਨੀ, ਫ਼ੌਜੀਆਂ ਵਰਗੀ ਬਹਾਦਰਾਨਾ ਤਬੀਅਤ, ਮਾਲ ਦੌਲਤ, ਫ਼ੌਜ ਤੇ ਖ਼ਜ਼ਾਨਾ ਜੋ ਉਸ ਦਾ ਪਿਤਾ ਸ: ਚੜ੍ਹਤ ਸਿੰਘ ਉਸ ਲਈ ਛੱਡ ਗਿਆ ਸੀ, ਇਨ੍ਹਾਂ ਸਭ ਚੀਜ਼ਾਂ ਨੇ ਨੌਜਵਾਨ ਸਰਦਾਰ ਦਾ ਕੰਮ ਸੁਖੱਲਾ ਕਰ ਦਿੱਤਾ। ਉਸ ਦੀ ਤਾਕਤ ਤੇ ਰਸੂਖ ਦਿਨੋਂ ਦਿਨ ਵੱਧਦਾ ਹੀ ਗਿਆ ਅਤੇ ਬਾਕੀ ਦੇ ਦਸ ਗਿਆਰਾਂ ਮਿਸਲਦਾਰ ਵੀ ਮਹਾਂ ਸਿੰਘ ਦੀ ਤਾਕਤ ਨੂੰ ਮੰਨਣ ਲੱਗ ਪਏ।

ਫਿਰੀ ਦੁਹਾਈ ਉਸ ਦੀ, ਵਿਚ ਕੋਟੀ ਥਾਈਂ।
ਤੇ ਟੱਕੇ ਲੈ ਉਸ ਜੰਮੂ, ਤਾ ਲੂਨ ਮਿਆਨੀ।
ਤੇ ਲਸ਼ਕਰ ਫ਼ੌਜਾਂ ਉਸ ਨੇ, ਸੰਜੋਹਾਂ ਜੋੜੇ।
ਆਕੀ ਕੋਈ ਨਾ ਛਡਿਆ, ਉਸ ਸਭੇ ਤੋੜੇ॥

Original with:
Language Department Punjab
Digitized by:
Panjab Digital Library

ਤੇ ਫ਼ਤਹਿ ਹੋਵੇ ਅਜ਼ ਗ਼ੈਬ ਦੀ, ਉਹ ਜਿਸ ਵੱਲ ਦੌੜੇ ।
ਤੇ ਜਿਹਾ ਕੋਈ ਨਾ ਜੰਮਿਆ, ਮੂੰਹ ਉਸਦਾ ਮੋੜੇ ।

ਜਿਥੇ ਮਹਾਂ ਸਿੰਘ ਨੇ ਬਾਪ ਦੀ ਥਾਂ ਸੁਕਰਚੱਕੀਆ ਮਿਸਲ ਦੀ ਸਰਦਾਰੀ ਸੰਭਾਲੀ ਉਥੇ ਉਸ ਨੇ ਸ: ਚੜ੍ਹਤ ਸਿੰਘ ਦਾ ਗਵਾਂਢੀ ਚੱਠੇ ਸਰਦਾਰਾਂ ਨਾਲ ਵੈਰ ਵਿਰੋਧ ਵੀ ਵਿਰਸੇ ਵਿਚ ਲਿਆ; ਅਤੇ ਉਨ੍ਹਾਂ ਨਾਲ ਜੰਗ ਜਾਰੀ ਰੱਖੀ । ਇਸ ਲਈ ਮਹਾਂ ਸਿੰਘ ਨੇ ਚੱਠੇ ਸਰਦਾਰ ਗ਼ੁਲਾਮ ਮੁਹੰਮਦ ਨੂੰ ਆਪ ਨਾਲੋਂ ਘੱਟ ਦਰਜੇ ਦਾ ਸਮਝਿਆ ਤੇ ਇਸ ਨੀਵੀਂ ਪੁਜ਼ੀਸ਼ਨ ਦਾ ਉਸ ਪਾਸੋਂ ਕਰ ਵਸੂਲ ਕਰਨ ਲਈ ਖ਼ਰਾਜ ਤਲਬ ਕੀਤਾ :—

ਪਰ ਘੱਲੇ ਮਹਾਂ ਸਿੰਘ ਨੇ, ਕੁਝ ਨੌਕਰ ਖ਼ਾਸੇ ।
ਜੇ ਜਾਓ ਤੁਸੀਂ ਸ਼ਤਾਬ, ਗ਼ੁਲਾਮੇ ਪਾਸੇ ।
ਤੇ ਮੰਗੋ ਟੱਕੇ ਉਸ ਥੀਂ, ਕਿਸੇ ਨਾਲ ਕਿਆਸੇ ।
ਜਾਂ ਤੁਸੀਂ ਲਿਆਓ ਉਸ ਨੂੰ, ਕਿਸੇ ਨਾਲ ਦਿਲਾਸੇ ।

ਗ਼ੁਲਾਮ ਮੁਹੰਮਦ ਆਪ ਉਸ ਵੇਲੇ ਚੜ੍ਹਦੀਆਂ ਕਲਾਂ ਵਿਚ ਸੀ ਇਸ ਪਾਸ ਫ਼ੌਜ ਵੀ ਸੀ ਤੇ ਰੁਪਿਆ ਵੀ । ਇਸ ਦੀ ਰਿਆਇਆ ਤੇ ਛੋਟੇ ਵੱਡੇ ਚੱਠੇ ਸਰਦਾਰ ਵੀ ਗ਼ੁਲਾਮ ਮੁਹੰਮਦ ਦਾ ਸਾਥ ਦੇਣ ਨੂੰ ਤਿਆਰ ਸਨ । ਸੋ ਉਸ ਨੇ ਆਪਣੀ ਕੌਮ ਦੇ ਮੋਢੀ ਸਰਦਾਰਾਂ ਨਾਲ ਸਲਾਹ ਕਰਕੇ ਖ਼ਰਾਜ ਦੇਣ ਤੋਂ ਨਾਂਹ ਕਰ ਦਿੱਤੀ ਤੇ ਮਹਾਂ ਸਿੰਘ ਦੇ ਘੱਲੇ ਹੋਏ ਆਦਮੀਆਂ ਨੂੰ ਵਾਪਸ ਭੇਜ ਦਿੱਤਾ ਤੇ ਨਾਲ ਹੀ ਇਹ ਕਿਹਾ ਕਿ 'ਮੈਂ ਲੜਾਈ ਲਈ ਤਿਆਰ ਹਾਂ' ।

ਤੇ ਮੈਂਥੋ ਆਉ ਸਿੰਘ ਜੀ, ਹੋਰ ਕੋ ਨਾ ਝੱਲੇ ।
ਤੇ ਗਿਣ ਕੇ ਦਮ ਮਹਿਸੂਲ ਦੇ, ਮੈਂ ਪਾਸਾਂ ਪੱਲੇ ।
ਪਰ ਢਿਲ ਨਾ ਕਰੀਏ ਜੰਗ ਦੀ, ਜਾਂ ਜ਼ੋਰਾ ਚੱਲੇ ।

ਜਦੋਂ ਇਹ ਜੁਆਬ ਮਹਾਂ ਸਿੰਘ ਪਾਸ ਪੁੱਜਾ ਤਾਂ ਉਸ ਨੂੰ ਬਹੁਤ ਗੁੱਸਾ ਆਇਆ ਅਤੇ ਆਪਣੀ ਫ਼ੌਜ ਨੂੰ ਸੈਦ ਨਗਰ ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ । ਖ਼ਾਲਸਾ ਫ਼ੌਜ ਦਾ ਵਰਣਨ ਤੇ ਸੈਦ ਨਗਰ ਪਹੁੰਚ ਕੇ ਕਸਬੇ ਦੇ ਮੁਹਾਸਰੇ ਦਾ ਬਿਆਨ ਕਵੀ ਨੇ ਬੜੇ ਢੁਕਵੇਂ ਤੇ ਸੁੰਦਰ ਸ਼ਬਦਾਂ ਵਿਚ ਲੱਗ-ਭੱਗ 20 ਜਾਂ 25 ਬੰਦਾਂ ਵਿਚ ਕੀਤਾ ਹੈ । ਇਹ ਕਵੀ ਦੀ ਯੋਗਤਾ ਤੇ ਉਸ ਦੀ ਕਲਪਨਾ ਸ਼ਕਤੀ ਨੂੰ ਦਰਸਾਉਂਦੇ ਹਨ । ਪੀਰ ਮੁਹੰਮਦ ਦੇ ਬਿਆਨ ਮੁਤਾਬਕ ਮੁਹਾਸਰਾ ਸਾਲ ਭਰ ਚਲਦਾ ਰਿਹਾ[1] । ਚੱਠਿਆਂ ਨੇ ਡੱਟ ਕੇ ਮੁਕਾਬਲਾ ਕੀਤਾ । ਜਦ ਹੋਰ ਕੋਈ ਵੱਸ ਨਹੀਂ ਚੱਲਿਆ ਤਾਂ ਮਹਾਂ ਸਿੰਘ ਨੇ ਕਸਬੇ ਦੇ ਹਿੰਦੂ ਰਿਆਇਆ ਵਿਚੋਂ ਕੁਝ ਚੋਣਵੇਂ ਬੰਦਿਆਂ ਨਾਲ ਚੋਰੀ ਚੋਰੀ ਗੰਢ ਤਰੁਪ ਸ਼ੁਰੂ ਕਰ ਦਿੱਤੀ ਤਾਂ ਜੋ ਉਨ੍ਹਾਂ

1. ਸਾਲ ਭਰ ਲਈ ਮੁਹਾਸਰੇ ਦਾ ਲੱਗਾ ਰਹਿਣਾ ਮੁਸ਼ਕਲ ਦਿਖਾਈ ਦਿੰਦਾ ਹੈ । ਐਪਰ ਮੁਹਾਸਰਾ ਲੰਮਾਂ ਜ਼ਰੂਰ ਹੋ ਗਿਆ ਸੀ । ਸੋਹਨ ਲਾਲ ਨੇ ਵੀ ਦਫ਼ਤਰ ਦੋਮ ਪੰਨਾਂ 16 ਵਿਚ ਇਸ ਮੁਹਾਸਰੇ ਸਬੰਧੀ ਲਿਖਿਆ ਹੈ ਕਿ ਮਹਾਂ ਸਿੰਘ ਨੇ ਬੜੀ ਦ੍ਰਿੜਤਾ ਸਾਹਸ ਨਾਲ ਇਹ ਮੁਹਾਸਰਾ ਜਾਰੀ ਰੱਖਿਆ ਸੀ ।

Original with:
Language Department Punjab
Digitized by:
Panjab Digital Library

ਦੀ ਸਹਾਇਤਾ ਨਾਲ ਸ਼ਹਿਰ ਤੇ ਕਿੱਲ੍ਹੇ ਦੀ ਫ਼ਸੀਲ ਦਾ ਕਮਜ਼ੋਰ ਹਿੱਸਾ ਪਤਾ ਲੱਗ ਜਾਵੇ। ਆਖ਼ਰ ਇਉਂ ਹੀ ਹੋਇਆ ਤੇ :

ਓੜਕ ਭੱਲੇ ਖ਼ਤਰੀ' ਜਾ ਸੁਰੰਗ ਲੁਆਈ।
ਰਾਤੋ ਰਾਤ ਅਚਾਨਚਕ, ਜਾ ਪਈ ਲੁਕਾਈ।

ਮਹਾਂ ਸਿੰਘ ਦੀ ਫ਼ੌਜ ਨੇ ਲੁਟ ਮਾਰ ਮਚਾ ਦਿੱਤੀ ਤੇ ਕਈ ਜਗ੍ਹਾ ਅੱਗ ਵੀ ਲਗਾ ਦਿੱਤੀ। ਛੋਟੇ ਜਿਹੇ ਕੱਸਬੇ ਵਿਚ ਇਕ ਤੂਫ਼ਾਨ ਜਿਹਾ ਪੈਦਾ ਹੋ ਗਿਆ। ਗ਼ੁਲਾਮ ਮੁਹੰਮਦ ਆਪਣਾ ਡੇਰਾ ਡੰਡਾ ਉਠਾ ਕੇ ਸੈਦ ਨਗਰ ਤੋਂ ਨੱਠ ਤੁਰਿਆ ਅਤੇ ਤਿੰਨ ਚਾਰ ਮੀਲ ਤੇ ਰਸੂਲ ਨਗਰ ਦੇ ਜ਼ਿਆਦਾ ਮਜ਼ਬੂਤ ਕਿਲ੍ਹੇ ਵਿਚ ਜਾ ਕੇ ਪਨਾਹ ਲਈ। ਰਾਤ ਨੂੰ ਸੈਦ ਨਗਰ 'ਚੋਂ ਨਿਕਲਦੇ ਸਮੇਂ ਗ਼ੁਲਾਮ ਮੁਹੰਮਦ ਦਾ ਇਕ ਬੇਟਾ ਪਿੱਛੇ ਸ਼ਹਿਰ ਵਿਚ ਰਹਿ ਗਿਆ ਕਿ ਇਤਨੀ ਦੇਰ ਵਿਚ ਖ਼ਾਲਸਾ ਲਸ਼ਕਰ ਸ਼ਹਿਰ ਵਿਚ ਆ ਘੁਸਿਆ ਅਤੇ ਹੱਫੜਾ ਦਫੜੀ ਮਚਾ ਦਿੱਤੀ। ਇਹ ਲੜਕਾ ਸ: ਗੁੱਜਰ ਸਿੰਘ ਦੇ ਸਿਪਾਹੀਆਂ ਦੇ ਹੱਥ ਆ ਗਿਆ ਤੇ ਉਨ੍ਹਾਂ ਨੇ ਆਪਣੇ ਸਰਦਾਰ ਦੇ ਹਵਾਲੇ ਕਰ ਦਿੱਤਾ। ਗੁੱਜਰ ਸਿੰਘ ਨੇ ਚੱਠੇ ਸ਼ਰਨਾਰਥੀ ਨੂੰ ਖ਼ੁਸ਼ੀ ਨਾਲ ਪਨਾਹ ਦਿੱਤੀ ਅਤੇ ਉਸ ਨੂੰ ਆਪਣੇ ਨਾਲ ਗੁਜਰਾਤ ਲੈ ਗਿਆ। ਫਿਰ ਉਸ ਨੂੰ ਰੱਖਿਆ ਦੇ ਖ਼ਿਆਲ ਤੋਂ ਇਸਲਾਮ ਗੜ੍ਹ ਭੇਜ ਦਿੱਤਾ। ਪਰ ਇਹ ਗੱਲ ਜਲਦੀ ਹੀ ਮਹਾਂ ਸਿੰਘ ਦੇ ਕੰਨਾਂ ਤਕ ਪੁਜ ਗਈ। ਹੁਣ ਇਹ ਕੋਸ਼ਿਸ਼ ਸੀ ਕਿ ਉਸ ਦੇ ਵੈਰੀ ਗ਼ੁਲਾਮ ਮੁਹੰਮਦ ਦਾ ਪੁੱਤਰ ਮਹਾਂ ਸਿੰਘ ਦੇ ਆਪਣੇ ਹੱਥ ਰਵੇ ਨਾ ਕਿ ਗੁੱਜਰ ਸਿੰਘ ਦੇ ਕਬਜ਼ੇ ਵਿਚ। ਸ਼ੁਕਰਚੱਕੀਆ ਸਰਦਾਰ ਨੇ ਇਸ ਮਤਲੱਬ ਲਈ ਭੰਗੀ ਸਰਦਾਰ ਨੂੰ ਸੁਨੇਹਾ ਘੱਲਿਆ ਪਰ ਗੁੱਜਰ ਸਿੰਘ ਨੇ ਬਿਲਕੁਲ ਕੰਨ ਨਾ ਧਰਿਆ, ਤੇ ਮਹਾਂ ਸਿੰਘ ਦੇ ਧੱਮਕੀਆਂ ਦੇਣ ਤੇ ਵੀ ਉਸ ਨੇ ਇਨਕਾਰ ਕਰ ਦਿੱਤਾ। ਪਰ ਮਹਾਂ ਸਿੰਘ ਨੇ ਬੜੀ ਚਲਾਕੀ ਨਾਲ ਗੁੱਜਰ ਸਿੰਘ ਦੇ ਲੜਕੇ ਸਾਹਿਬ ਸਿੰਘ ਨੂੰ ਜੋ ਇਸ ਦਾ ਭਣਵਈਆ ਵੀ ਸੀ, ਆਪਣੇ ਵੱਲ ਕਰ ਲਿਆ। ਸਾਹਿਬ ਸਿੰਘ ਨੇ ਚੁੱਪ ਚੁਪੀਤੇ ਹੀ ਚੱਠੇ ਸਾਹਿਜ਼ਾਦੇ ਨੂੰ ਮਹਾਂ ਸਿੰਘ ਦੇ ਹਵਾਲੇ ਕਰ ਦਿੱਤਾ। ਭਾਵੇਂ ਕਵੀ ਪੀਰ ਮੁਹੰਮਦ ਦੇ ਬਿਆਨ ਤੋਂ (ਵੇਖੋ ਬੰਦ ਨੰ 30) ਮਲੂਮ ਹੁੰਦਾ ਹੈ ਕਿ ਥੋੜ੍ਹੀ ਬਹੁਤ ਝੜਪ ਗੁੱਜਰ ਸਿੰਘ ਤੇ ਮਹਾਂ ਸਿੰਘ ਦੀ ਜ਼ਰੂਰ ਹੋਈ ਸੀ।

ਮਹਾਂ ਸਿੰਘ ਯਰਗਮਾਲ ਨੂੰ ਲੈ ਕੇ ਗੁਜਰਾਂਵਾਲੇ ਚਲਾ ਆਇਆ ਤੇ ਇਸ ਗੱਲ ਦੀ ਉਡੀਕ ਵਿਚ ਰਿਹਾ ਕਿ ਚੱਠਾ ਸਰਦਾਰ ਗ਼ੁਲਾਮ ਮੁਹੰਮਦ ਆਪਣੇ ਪੁੱਤਰ ਨੂੰ ਵਾਪਸ ਲੈਣ ਲਈ ਉਸ ਪਾਸ ਆਵੇਗਾ ਤੇ ਕੁਝ ਮਿਹਨਤ ਮੁਥਾਜੀ ਕਰੇਗਾ ਜਾਂ ਕਿਸੇ ਨੂੰ ਵਿਚੋਲਾ ਬਣਾਵੇਗਾ। ਇਸ ਤਰ੍ਹਾਂ ਦੋਹੀਂ ਪਾਸੀਂ ਉਡੀਕ ਵਿਚ ਦਿਨ ਬਤੀਤ ਹੁੰਦੇ ਗਏ। ਕਵੀ ਦੇ ਕਹਿਣ ਮੁਤਾਬਕ ਜਦੋਂ ਸਾਲ ਦੇ ਕਰੀਬ ਸਮਾਂ ਖ਼ਤਮ ਹੋਣ ਨੂੰ ਆਇਆ ਤਾਂ ਮਹਾਂ ਸਿੰਘ ਨੇ ਆਪ ਹੀ ਚੱਠੇ ਸਰਦਾਰ ਨੂੰ ਸੁਨੇਹਾ ਘੱਲਿਆ ਕਿ ਹੁਣ ਵੀ ਜੇਕਰ ਤੁਸੀਂ ਖ਼ਰਾਜ ਦੇਣਾ ਪ੍ਰਵਾਨ ਕਰ ਲਵੋ ਤਾਂ ਆਪ ਦਾ ਬੇਟਾ ਸਹੀ ਸਲਾਮਤ ਆਪ ਨੂੰ ਵਾਪਸ ਕਰ ਦਿੱਤਾ ਜਾਵੇਗਾ ਨਹੀਂ ਤਾਂ ਇਸ ਦੀ ਜਾਨ ਤੋਂ ਹੱਥ ਧੋ ਬੈਠੋਗੇ :—

*Original with:*
Language Department Punjab
*Digitized by:*
Panjab Digital Library

ਜੇ ਚਾਹੋ ਪੁੱਤਰ ਜੀਉਂਦਾ, ਤਾਂ ਦਿਉ ਖ਼ਜ਼ਾਨਾ ।
ਨਹੀਂ ਤਾਂ ਉਸ ਨੂੰ ਮਾਰਸਾਂ, ਮੈਂ ਰੱਬ ਨਿਸ਼ਾਨਾ ।

ਪਰ ਗ਼ੁਲਾਮ ਮੁਹੰਮਦ ਦੀਆਂ ਰਗਾਂ ਵਿਚ ਵੀ ਆਪਣੇ ਯੋਧੇ ਬਾਪ ਸ: ਪੀਰ ਮੁਹੰਮਦ ਚੱਠੇ ਦਾ ਖ਼ੂਨ ਦੌੜ ਰਿਹਾ ਸੀ ਜੋ ਉਸ ਨੂੰ ਹੀਣਾ ਹੋ ਕੇ ਖ਼ਰਾਜ ਅਦਾ ਕਰਨ ਵਾਲੀ ਗੱਲ ਨੂੰ ਕਬੂਲ ਕਰਨ ਤੋਂ ਰੋਕਦਾ ਸੀ । ਇਸ ਨੇ ਮਹਿਸੂਲ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਆਪ ਜੰਗ ਦੀ ਤਿਆਰੀ ਵਿਚ ਰੁਝ ਗਿਆ :—

ਜੇ ਪੈਸਾ ਹਿਕ ਨਾ ਦਾਗਸਾਂ, ਮੈਂ ਡਾਢਾ ਹੀਆਂ ।
ਜੇ ਚੱਟੀ ਕਾਸਾ ਜ਼ਹਿਰ ਦਾ, ਮੈਂ ਕਿਚਰਕ ਪੀਆਂ ।
ਉਸ ਨੂੰ ਭਾਵੇਂ ਮਾਰ ਕੇ, ਹੇਠ ਦਿਉਂ ਨੀਹਾਂ ।
ਜਾਂ ਮਾਪੇ ਰਹਿਣ ਸਲਾਮਤੀ, ਸੈ ਪੁੱਤਰ ਧੀਆਂ ।

[ਬੰਦ 32]

ਚੱਠੇ ਸਰਦਾਰ ਦਾ ਜੁਆਬ ਸੁਣ ਕੇ ਮਹਾਂ ਸਿੰਘ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਜਦ ਉਸ ਨੂੰ ਯਕੀਨ ਹੋ ਗਿਆ ਕਿ ਖੌਫ਼ ਡਰ ਜਾਂ ਭੈ ਦਾ ਹੱਥਿਆਰ ਵਰਤਣ ਨਾਲ ਗ਼ੁਲਾਮ ਮੁਹੰਮਦ ਕਾਬੂ ਨਹੀਂ ਆਉਂਦਾ ਤੇ ਉਸ ਨੇ ਦੂਸਰੇ ਤਰੀਕੇ ਨਾਲ ਵੈਰੀ ਨੂੰ ਕਾਬੂ ਕਰਨ ਦਾ ਆਪਣੇ ਮਨ ਵਿਚ ਫ਼ੈਸਲਾ ਕਰ ਲਿਆ ਤੇ ਯਰ ਗ਼ੁਲਾਮ ਨੂੰ ਰਿਹਾ ਕਰ ਦਿੱਤਾ ਅਤੇ ਇਕ ਉਮਦਾ ਖਿੱਲਤ ਤੇ ਸੋਨੇ ਦੇ ਕੰਗਣਾਂ ਦਾ ਇਕ ਜੋੜਾ ਤੇ ਇਕ ਦੋ ਤੇਜ਼ ਰੱਫ਼ਤਾਰ ਘੋੜੇ ਦੇ ਕੇ ਉਸ ਨੂੰ ਬਾਪ ਦੇ ਪਾਸ ਰਸੂਲ ਨਗਰ ਘੱਲ ਦਿੱਤਾ । ਕੁਝ ਦਿਨ ਬਾਅਦ ਇਕ ਆਪਣੇ ਪੁਰਾਣੇ ਮੁਸਲਮਾਨ ਸਰਦਾਰ ਬਲੋਚ ਖ਼ਾਂ ਨੂੰ ਗ਼ੁਲਾਮ ਮੁਹੰਮਦ ਪਾਸ ਘੱਲਿਆ ਤੇ ਚੱਠੇ ਸਰਦਾਰ ਨੂੰ ਗੁਜਰਾਂਵਾਲੇ ਆਉਣ ਲਈ ਸੱਦਾ ਦਿੱਤਾ । ਗ਼ੁਲਾਮ ਮੁਹੰਮਦ ਆਪਣੇ ਚਾਚੇ ਮੀਆਂ ਖ਼ਾਂ ਨੂੰ ਨਾਲ ਲੈ ਕੇ ਮਹਾਂ ਸਿੰਘ ਦੀ ਮੁਲਾਕਾਤ ਲਈ ਆਇਆ[1] । ਸੁਕਰਚੱਕੀਆ ਸਰਦਾਰ ਨੇ ਮਹਿਮਾਨਾਂ ਨੂੰ ਚੰਗੇ ਆਦਰ ਭਾਵ ਨਾਲ ਬੁਲਾਇਆ ਤੇ ਬਿਠਾਇਆ । ਫਿਰ ਮੌਕਾ ਪਾ ਕੇ ਦੋਵਾਂ ਸਰਦਾਰਾਂ ਨੂੰ ਕੈਦ ਕਰ ਲਿਆ :—

ਤੇ ਦੇ ਧਰਵਾਸ ਵਿਸਾਹ ਵੀ, ਉਸ ਕੋਲ ਬਿਠਾਏ ।
ਤੇ ਕਰਕੇ ਗੱਲਾਂ ਚੰਗੀਆਂ, ਹਥਿਆਰ ਖੁਲ੍ਹਾਏ ।
ਤੇ ਫੜ ਕੇ ਦੋਵੇਂ ਸੂਰਮੇਂ, ਚਾ ਕੈਦ ਕਰਾਏ ।

[ਬੰਦ 35]

ਇਸ ਬੇਵਸੀ ਦੀ ਹਾਲਤ ਵਿਚ ਮਹਾਂ ਸਿੰਘ ਨੇ ਗ਼ੁਲਾਮ ਮੁਹੰਮਦ ਨੂੰ ਰਸੂਲ ਨਗਰ ਦਾ ਕੱਸਬਾ ਖ਼ਾਲੀ ਕਰ ਦੇਣ ਲਈ ਕਿਹਾ । ਭਲਾਂ ਇਹ ਕੱਸਬਾ ਜੋ ਉਸ ਦੇ ਬਾਬੇ ਨੂਰ ਮੁਹੰਮਦ ਵਸਾਇਆ ਸੀ ਅਤੇ ਜੋ ਇਸ ਵੇਲੇ ਚੱਠਿਆਂ ਦਾ ਕੇਂਦਰੀ ਸਥਾਨ ਸਮਝਿਆ ਜਾਂਦਾ ਸੀ, ਉਹ ਕਿਵੇਂ ਉਸ ਦੇ ਹਵਾਲੇ ਕਰ ਦਿੰਦਾ । ਦੂਜੇ ਮਹਾਂ ਸਿੰਘ ਦੀ ਆਪਣੀ ਵੱਧਦੀ ਰਿਆਸਤ

1. ਸੋਹਨ ਲਾਲ ਦੀ ਲਿਖਤ ਅਨੁਸਾਰ ਗ਼ੁਲਾਮ ਮੁਹੰਮਦ ਨੇ ਆਪਣੇ ਚਾਚੇ ਮੀਆਂ ਖ਼ਾਂ ਨੂੰ ਹੀ ਬਲੋਚ ਖ਼ਾਂ ਨਾਲ ਭੇਜਿਆ । "ਮੀਆਂ ਖ਼ਾਂ ਰਾ-ਹਮਰਾਹ ਬਲੋਚ ਖ਼ਾਂ ਰਵਾਨਾ ਨਮੂਦ" ।
(ਸਫ਼ਾ 20 ਦਫ਼ਤਰ ਦੋਮ, ਸੋਹਨ ਲਾਲ) ।

Original with:
Language Department Punjab
Digitized by:
Panjab Digital Library

ਲਈ ਉਸ ਕੱਸਬੇ ਦੀ ਅਹਿਮੀਅਤ ਚੰਗੀ ਤਰ੍ਹਾਂ ਸਮਝਦਾ ਸੀ। ਇਹ ਕੱਸਬਾ ਦਰਿਆ ਚਨਾਬ ਦੇ ਕੰਢੇ ਤੇ ਵਾਕਿਆ ਹੈ। ਫ਼ੌਜੀ ਅਤੇ ਤਿਜਾਰਤੀ ਦ੍ਰਿਸ਼ਟੀਕੋਣ ਤੋਂ ਇਹ ਇਕ ਉੱਚਾ ਦਰਜਾ ਰੱਖਦਾ ਸੀ। ਲਾਹੌਰ ਤੋਂ ਪਿਸ਼ਾਵਰ ਵੱਲ ਜਾਣ ਵਾਲੀਆਂ ਫ਼ੌਜਾਂ ਅਕਸਰ ਇਸੇ ਰੱਸਤੇ ਲੰਘਦੀਆਂ ਸਨ ਤੇ ਰਸੂਲ ਨਗਰ ਵਾਲੇ ਪੱਤਣ ਤੋਂ ਹੀ ਚਨਾਬ ਨੂੰ ਪਾਰ ਕਰਦੇ ਸਨ। ਤਿਜਾਰਤ ਦਾ ਮਾਲ ਜੋ ਉਸ ਵਕਤ ਜ਼ਿਆਦਾ ਕਰਕੇ ਦਰਿਆਵਾਂ ਦੇ ਰੱਸਤੇ ਹੀ ਆਇਆ ਜਾਇਆ ਕਰਦਾ ਸੀ, ਉਸ ਲਈ ਵੀ ਤੇ ਖ਼ਾਸ ਕਰਕੇ ਲੂਣ ਲਈ, ਰਸੂਲ ਨਗਰ ਬੜੀ ਵੱਡੀ ਮੰਡੀ ਸੀ। ਖੀਵੜਾ ਦੀ ਕਾਨ੍ਹ ਤੋਂ ਕੱਢ ਕੇ ਲੂਣ ਨੂੰ ਪਿੰਡ ਦਾਦਨ ਖ਼ਾਂ, ਫਿਰ ਮਿਆਨੀ (ਦਰਿਆ ਜਿਹਲਮ ਦੇ ਸੱਜੇ ਤੇ ਖੱਬੇ ਕਿਨ੍ਹਾਰੇ) ਇਕੱਠਾ ਕੀਤਾ ਜਾਂਦਾ ਸੀ, ਤੇ ਫਿਰ ਦਰਿਆ ਚਨਾਬ ਦੇ ਰੱਸਤੇ ਰਾਮ ਨਗਰ ਵਾਲੀ ਮੰਡੀ ਵਿਚ। ਇਸ ਤਰ੍ਹਾਂ ਉਹ ਸੋਚਦਾ ਸੀ ਕਿ ਰਸੂਲ ਨਗਰ ਉਸ ਦੇ ਕਬਜ਼ੇ ਵਿਚ ਆਉਣ ਨਾਲ ਉਸ ਦੀ ਰਿਆਸਤ ਦੀ ਆਮਦਨੀ ਵਿਚ ਕੁਝ ਵਾਧਾ ਹੋ ਜਾਵੇਗਾ ਤੇ ਦਰਿਆ ਚਨਾਬ ਦੇ ਇਸ ਪੱਤਣ ਤੇ ਸ਼ੁਕਰਚੱਕੀਆ ਸਰਦਾਰ ਦਾ ਪੂਰਾ ਪੂਰਾ ਕੰਟਰੋਲ ਹੋ ਜਾਵੇਗਾ ਤੇ ਉਸ ਤੋਂ ਵੱਧ ਇਹ ਭਾਵ ਉਸ ਨੂੰ ਪ੍ਰੇਰਿਤ ਕਰ ਰਿਹਾ ਸੀ ਕਿ ਜੰਗਜੂ ਚੱਠੇ ਸਰਦਾਰ ਪਾਸੋਂ ਉਸ ਦਾ ਕੇਂਦਰੀ ਸਥਾਨ ਕਾਬੂ ਕਰ ਲੈਣ ਨਾਲ ਮਹਾਂ ਸਿੰਘ ਦੀ ਮਿਸਲ ਦੀ ਸ਼ਾਨ ਤੇ ਸ਼ੁਹਰਤ ਦੁੱਗਣੀ ਹੋ ਜਾਵੇਗੀ। ਇਸ ਖ਼ਿਆਲ ਦੇ ਦਬਾਉ ਹੇਠ ਆਕੇ ਨੌਜੁਆਨ ਮਹਾਂ ਸਿੰਘ ਨੇ ਇਸ ਗੱਲ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਕਿ ਅਜਿਹਾ ਕਰਨ ਨਾਲ ਸਦਾ ਲਈ ਉਸ ਦੇ ਆਪਣੇ ਨਾਂ ਤੇ ਕਲੰਕ ਦਾ ਟਿੱਕਾ ਲੱਗ ਜਾਵੇਗਾ। ਭਾਵੇਂ ਇਸ ਗੱਲ ਵਿਚ ਵੀ ਸਾਨੂੰ ਕੋਈ ਸ਼ੱਕ ਨਹੀਂ ਕਿ ਜੇ ਮਹਾਂ ਸਿੰਘ ਮੰਦੇ ਭਾਗਾਂ ਨੂੰ ਕਿਸੇ ਵਕਤ ਚੱਠਿਆਂ ਦੇ ਕਾਬੂ ਚੜ੍ਹ ਜਾਂਦਾ ਤੇ ਉਹ ਵੀ ਇਸ ਨਾਲ ਘੱਟ ਨਾ ਕਰਦੇ। ਉਹ ਜ਼ਮਾਨਾ ਹੀ ਕੁਝ ਐਸਾ ਸੀ ਕਿ ਨੈਤਿਕ, ਅੰਤਰ-ਪ੍ਰਾਂਤੀ ਤੇ ਰਿਆਸਤਾਂ ਦੇ ਪ੍ਰਸਪਰ ਸਬੰਧਾਂ ਦੀ ਕੋਈ ਖ਼ਾਸ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ। ਜਦੋਂ ਚੱਠੇ ਸਰਦਾਰਾਂ ਨੇ ਰਸੂਲ ਨਗਰ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਮਹਾਂ ਸਿੰਘ ਨੇ ਚਾਚੇ ਭਤੀਜੇ ਨੂੰ ਵੱਖੋ ਵੱਖ ਕਰ ਦਿੱਤਾ। ਮੀਆਂ ਖ਼ਾਂ ਨੂੰ ਵਜ਼ੀਰਾਬਾਦ ਘੱਲ ਦਿੱਤਾ ਤੇ ਗ਼ੁਲਾਮ ਮੁਹੰਮਦ ਨੂੰ ਆਪਣੇ ਪਾਸ ਹੀ ਨਜ਼ਰਬੰਦ ਰੱਖਿਆ ਤੇ ਉਸ ਉੱਤੇ ਕਰੜਾ ਪਹਿਰਾ ਲੱਗਾ ਦਿੱਤਾ। ਕੁਝ ਦਿਨਾਂ ਪਿੱਛੋਂ ਗ਼ੁਲਾਮ ਮੁਹੰਮਦ ਨੂੰ ਬੁਰੀ ਖ਼ਬਰ ਮਿਲੀ ਕਿ ਉਸ ਦੇ ਚਾਚੇ ਨੂੰ ਰੁਖਾਂਵਾਲੀ ਦੇ ਨੇੜੇ ਤੇੜੇ ਤੋਪ ਦੇ ਮੂਹਿ ਅੱਗੇ ਰੱਖ ਕੇ ਉਡਾ ਦਿੱਤਾ ਗਿਆ ਹੈ। ਗ਼ੁਲਾਮ ਮੁਹੰਮਦ ਨੇ ਇਹ ਸੁਣ ਕੇ ਦਿਲ ਛੱਡ ਦਿੱਤਾ ਤੇ ਰਸੂਲ ਨਗਰ ਮਹਾਂ ਸਿੰਘ ਦੇ ਹਵਾਲੇ ਕਰ ਦੇਣ ਤੇ ਰਜ਼ਾਮੰਦ ਹੋ ਗਿਆ ਤੇ ਆਪਣੀ ਜਾਨ ਛੁਡਾ ਲਈ :—

ਤੇ ਮੀਆਂ ਖ਼ਾਂ ਡਰ ਤੋਪ ਦੇ, ਮੂੰਹ ਮਾਰ ਉਡਾਇਆ।
ਤੇ ਦਹਿਸ਼ਤ ਖ਼ੌਫ਼ ਗ਼ੁਲਾਮ ਦੇ, ਉਸ ਦਿਲ ਵਿਚ ਪਾਇਆ।
ਰਸੂਲ ਨਗਰ ਕਰ ਦੇਵਣਾਂ, ਛੁਟ ਕਦੋਂ ਆਇਆ।

[ਬੰਦ 36]

**ਮੰਚਰ ਦੀ ਜੰਗ**:—ਦੂਜਾ ਨਿਬੜਵਾਂ ਜੰਗ ਜੋ ਸ਼ੁਕਰਚਕੀਆਂ ਤੇ ਚੱਠਿਆਂ ਵਿਚਕਾਰ ਹੋਇਆ ਅਤੇ ਜਿਸ ਨਾਲ ਇਕ ਤਰ੍ਹਾਂ ਚੱਠਿਆਂ ਦੀ ਖ਼ੁਦਮੁਖ਼ਤਿਆਰ ਰਿਆਸਤ ਖ਼ਤਮ ਹੀ ਹੋ

*Original with:*
Language Department Punjab
*Digitized by:*
Panjab Digital Library

ਗਈ, ਉਹ ਮੰਚਰ ਦੀ ਲੜਾਈ ਹੀ ਅਖਵਾਉਂਦੀ ਹੈ । ਮੰਚਰ ਦਾ ਛੋਟਾ ਕੱਸਬਾ ਚੱਠਿਆਂ ਦੇ ਹਿੰਦੂ ਵੱਡ ਵਡੇਰਿਆਂ ਨੇ ਵਸਾਇਆ ਸੀ । ਇੱਥੇ ਉਸ ਨੇ ਇਕ ਕ੍ਰਿਲਾ ਵੀ ਬਣਵਾਇਆ ਸੀ ਅਤੇ ਬਾਅਦ ਵਿਚ ਜਾ ਕੇ ਉਸਦੇ ਪੁੱਤਰ ਪੋਤਰਿਆਂ ਨੇ ਚਾਰ ਮਜ਼ਬੂਤ ਬੁਰਜ ਦੂਰ ਦੂਰ ਵਿੱਥ ਤੇ ਉਸ ਕਿਲ੍ਹੇ ਦੀ ਹਿਫ਼ਾਜ਼ਤ ਲਈ ਬਣਵਾ ਲਏ। ਉਨ੍ਹਾਂ ਬੁਰਜਾਂ ਵਿਚ ਥੋੜ੍ਹੀ ਥੋੜ੍ਹੀ ਫ਼ੌਜ ਰਿਹਾ ਕਰਦੀ ਸੀ ਤਾਂ ਜੋ ਹਮਲਾਆਵਰ ਨੂੰ ਮੰਚਰ ਪੁੱਜਣ ਤੋਂ ਪਹਿਲਾਂ ਹੀ ਰੋਕ ਲਿਆ ਜਾਵੇ । ਰਸੂਲ ਨਗਰ ਨੂੰ ਛੱਡਕੇ ਗੁਲਾਮ ਮੁਹੰਮਦ ਮੰਚਰ ਚਲਾ ਗਿਆ । ਪਰ ਰਸੂਲਨਗਰ ਨੂੰ ਦੇ ਦੇਣ ਦਾ ਇਕ ਬੁਰਾ ਨਤੀਜਾ ਉਸ ਦੇ ਹੱਕ ਵਿਚ ਇਹ ਨਿਕਲਿਆ ਕਿ ਬਹੁਤ ਸਾਰੇ ਚੱਠੇ ਸਰਕਰਦਿਆਂ ਨੇ ਉਸ ਦਾ ਸਾਥ ਛੱਡ ਦਿੱਤਾ ਤੇ ਉਹ ਮਹਾਂ ਸਿੰਘ ਨਾਲ ਜਾ ਮਿਲੇ :—

**ਜਾਂ ਨਗਰ ਖੜਾਇਆ ਚੱਠਿਆਂ, ਸਰਕਰਦੇ ਨੱਠੇ ।**
**ਮਿਲੇ ਮਹਾਂ ਸਿੰਘ ਨੂੰ, ਉਹ ਮੀਓਂ[1] ਨੱਠੇ ।**
**ਤੇ ਚੜ੍ਹਦੀ ਕੰਨੀ ਵੇਖ ਕੇ, ਸਭ ਹੋਏ ਇਕੱਠੇ ।**

ਬਾਕੀ ਜੋ ਛੋਟੇ ਮੋਟੇ ਸਰਦਾਰ ਰਹਿ ਗਏ ਜਿਨ੍ਹਾਂ ਨੂੰ ਗੁਲਾਮ ਮੁਹੰਮਦ ਨੇ ਨਾਲ ਲਿਆ ਤੇ ਮੰਚਰ ਜਾ ਕੇ ਡੇਰਾ ਲਾ ਦਿੱਤਾ । ਦੋ ਤਿੰਨ ਵਾਰ ਖ਼ਾਲਸੇ ਪਾਸੋਂ ਹਾਰ ਖਾ ਕੇ ਤੇ ਪੁਰਾਣੇ ਖ਼ਾਨਦਾਨੀ ਸਾਥੀਆਂ ਦੇ ਸਾਥ ਛੱਡ ਦੇਣ ਤੇ ਚੱਠੇ ਸਰਦਾਰ ਦੀ ਇਜ਼ਤ ਆਬਰੂ ਘਟ ਗਈ ਸੀ । ਇਸ ਘਾਟ ਨੂੰ ਪੂਰਾ ਕਰਨ ਲਈ ਤੇ ਲੋਕਾਂ ਵਿਚ ਆਪਣਾ ਦਾਬਾ ਫਿਰ ਜਮਾਉਣ ਲਈ ਉਸ ਨੇ ਮੰਚਰ ਦੇ ਨੇੜੇ ਤੇੜੇ ਲੁੱਟਮਾਰ ਸ਼ੁਰੂ ਕਰ ਦਿੱਤੀ । ਮੁਸਾਫ਼ਰਾਂ ਦੇ ਰਾਹ ਬੰਦ ਹੋ ਗਏ । ਵਪਾਰੀਆਂ ਲਈ ਮੁਸ਼ਕਲ ਹੋ ਗਈ ਤੇ ਲੱਗੇ ਲੋਕ ਮਹਾਂ ਸਿੰਘ ਨੂੰ ਸ਼ਿਕਾਇਤਾਂ ਕਰਨ ਤੇ ਤਾਅਨੇ ਦੇਣ ਕਿ ਉਸ ਬਲਾ ਨੂੰ ਤੂੰ ਛੇੜਕੇ ਸਾਡੇ ਮਗਰ ਕਿਉਂ ਲਾ ਦਿੱਤਾ ਹੈ । ਜੇ ਤੇਰੇ ਪਾਸ ਇਸ ਨੂੰ ਪੂਰੀ ਤਰ੍ਹਾਂ ਕਾਬੂ ਵਿਚ ਰੱਖਣ ਦੀ ਤਾਕਤ ਨਹੀਂ ਸੀ ਤਾਂ ਇਸ ਨੂੰ ਨਾ ਛੇੜਨਾ ਹੀ ਤੇਰੇ ਲਈ ਚੰਗਾ ਸੀ । ਮਹਾਂ ਸਿੰਘ ਆਪਣੀ ਰਿਆਇਆ ਦੀ ਸ਼ਿਕਾਇਤ ਸੁਣ ਕੇ ਤਮਕ ਉਠਿਆ ਅਤੇ ਮੌਕਾ ਪਾਕੇ ਇਕ ਦਸਤਾ ਫ਼ੌਜ ਦਾ ਨਾਲ ਲੈ ਕੇ ਗੁਲਾਮ ਮੁਹੰਮਦ ਦੀ ਸਰਕੋਬੀ ਲਈ ਮੰਚਰ ਵੱਲ ਚਾਲੇ ਪਾ ਦਿੱਤੇ ਤੇ ਉਥੇ ਪਹੁੰਚ ਕੇ ਸ਼ਹਿਰ ਦਾ ਘੇਰਾ ਘੱਤ ਲਿਆ । ਗੁਲਾਮ ਮੁਹੰਮਦ ਨੇ ਸਾਲ ਭਰ ਲਈ ਕਿਲ੍ਹੇ ਅਤੇ ਸ਼ਹਿਰ ਤੇ ਗੁਦਾਮਾਂ ਵਿਚ ਦਾਣਾ ਫੱਕਾ ਜਮ੍ਹਾਂ ਕਰ ਰੱਖਿਆ ਸੀ । ਸੋ ਪੁਰਾਣੇ ਵੈਰੀਆਂ ਦੇ ਮੁਕਾਬਲੇ ਲਈ ਡੱਟ ਗਿਆ । ਇਸ ਤਰ੍ਹਾਂ ਜਦੋਂ ਮੁਹਾਸਰੇ ਨੂੰ 6 ਮਹੀਨੇ ਗੁਜ਼ਰ ਗਏ ਤਾਂ ਮਹਾਂ ਸਿੰਘ ਨੇ ਵੀ ਮੁਹਾਸਰਾ ਉਠਾ ਲੈਣਾ ਤੇ ਪਿੱਛੇ ਪਰਤ ਜਾਣਾ ਹੀ ਉਚਿਤ ਸਮਝਿਆ । ਉਨ੍ਹਾਂ ਨੂੰ ਇਕ ਬਹਾਨਾ ਵੀ ਮਿਲ ਗਿਆ ਕਿ ਉਸ ਦੇ ਦੀਵਾਨ ਮਾਲ ਦੀ ਅਚਾਨਕ ਮੌਤ ਹੋ ਗਈ ਹੈ, ਇਸ ਲਈ ਮੁਹਾਸਰਾ ਉਠਾ ਲਿਆ ਤੇ ਖ਼ਾਲਸਾ ਲਸ਼ਕਰ ਨੂੰ ਵਾਪਸ ਪਰਤ ਜਾਣ ਦਾ ਹੁਕਮ ਦੇ ਦਿੱਤਾ ।

ਮਹਾਂ ਸਿੰਘ ਦਾ ਇਸ ਤਰ੍ਹਾਂ ਅਸਫ਼ਲ ਵਾਪਸ ਚਲੇ ਜਾਣ ਦਾ ਨਤੀਜਾ ਇਹ

1. ਮੀਓਂ ਤੋਂ ਭਾਵ ਮੀਆਂ ਗੁਲਾਮ ਮੁਹੰਮਦ ਤੋਂ ਹੈ ।

*Original with:*
Language Department Punjab
*Digitized by:*
Panjab Digital Library

ਨਿਕਲਿਆ ਕਿ ਗੁਲਾਮ ਮੁਹੰਮਦ ਹੋਰ ਵੀ ਦਲੇਰ ਹੋ ਗਿਆ ਤੇ ਹੁਣ ਮਹਾਂ ਸਿੰਘ ਦੇ ਆਪਣੇ ਇਲਾਕੇ ਨੂੰ ਸਿੱਧੇ ਤੌਰ ਤੇ ਹਥਿਆਉਣਾ ਆਰੰਭ ਕਰ ਦਿੱਤਾ। ਜਦੋਂ ਸਰਦਾਰ ਨੂੰ ਇਹ ਖ਼ਬਰ ਮਿਲੀ ਕਿ ਚੱਠਿਆਂ ਨੇ ਉਸ ਦੀ ਰਿਆਸਤ ਦੇ ਕੱਸਬੇ ਕੋਟ ਕੁਲਿਆਂ ਵਾਲੇ ਉਪਰ ਛਾਪਾ ਮਾਰਿਆ ਹੈ ਤਾਂ ਮਹਾਂ ਸਿੰਘ ਨੇ ਆਪਣੀ ਅਗਵਾਈ ਵਿਚ ਲਸ਼ਕਰ ਲੈਕੇ ਮੰਚਰ ਤੇ ਚੜ੍ਹਾਈ ਕਰ ਦਿੱਤੀ। ਪਰ ਉਹ ਇਸ ਵੇਰ ਵੀ ਅਸਫ਼ਲ ਹੀ ਰਿਹਾ। ਸਗੋਂ ਜੇ ਕਰ ਕਵੀ ਦਾ ਬਿਆਨ ਬਿਲਕੁਲ ਸਹੀ ਮੰਨ ਲਿਆ ਜਾਵੇ ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਸ ਵਾਰ ਮਹਾਂ ਸਿੰਘ ਨੂੰ ਵਾਹਿਗੁਰੂ ਨੇ ਆਪ ਹੱਥ ਰੱਖ ਕੇ ਬਚਾ ਲਿਆ। ਗੁੱਸੇ ਵਿਚ ਭਰਿਆ ਹੋਇਆ ਗੁਲਾਮ ਮੁਹੰਮਦ ਤੱਲਵਾਰ ਖਿੱਚ ਕੇ ਜੰਗ ਦੇ ਦੌਰਾਨ ਇਕ ਮੌਕੇ ਤੇ ਮਹਾਂ ਸਿੰਘ ਦੇ ਉਪਰ ਬਿਫ਼ਰੇ ਹੋਏ ਸ਼ੇਰ ਵਾਂਗ ਆ ਗੱਜਿਆ। ਮਹਾਂ ਸਿੰਘ ਨੇ ਆਪਣੇ ਆਪ ਨੂੰ ਬਚਾ ਲਿਆ ਪਰ ਤੱਲਵਾਰ ਪੂਰੇ ਜ਼ੋਰ ਨਾਲ ਉਸ ਦੇ ਘੋੜੇ ਤੇ ਜਾ ਵੱਜੀ। ਘੋੜਾ ਮਾਰਿਆ ਗਿਆ। ਮਹਾਂ ਸਿੰਘ ਨੇ ਲੜਾਈ ਬੰਦ ਕਰ ਦਿੱਤੀ ਅਤੇ ਆਪਣੀ ਫ਼ੌਜ ਲੈ ਕੇ ਦਰਿਆ ਦੇ ਪਾਰ ਚਲਾ ਗਿਆ :

**ਤੇ ਗਿਆ ਮਹਾਂ ਸਿੰਘ ਤੇ, ਜਿਵੇਂ ਤੀਰ ਕਮਾਨੋਂ।**
**ਤੇ ਮਾਰੀ ਫ਼ਟ ਉਸ ਸਾਹਮਣੀ, ਹਥ ਧੋ ਕੇ ਜਾਨੋਂ।**
**ਤੇ ਆਸਣ ਸਿੰਘ ਨੇ, ਚੁਕ ਗਿਆ ਦਹਾਨੋਂ।**
**ਤੇ ਮਾਰ ਘੋੜ ਸਿੰਘ ਦੇ, ਤੁਰ ਉਸ ਮੈਦਾਨੋਂ।**
**ਤੇ ਨਠਾ ਲਸ਼ਕਰ ਸਿੰਘ ਦਾ, ਬੇਸ਼ਕ ਬਹਾਨੋਂ।**
**ਤੇ ਚਿੜੀਆਂ ਵਾਂਗੂੰ ਉਡਦਾ, ਇਸ ਸ਼ੇਰ ਜਵਾਨੋਂ।**

[ਬੰਦ 46]

ਅਤੇ ਹੁਣ ਮਹਾਂ ਸਿੰਘ ਨੂੰ ਇਹ ਅਹਿਸਾਸ ਹੋਣ ਲਗਾ ਕਿ ਉਸ ਇਕੱਲੇ ਤੋਂ ਅਤੇ ਉਸ ਦੀ ਆਪਣੀ ਫ਼ੌਜ ਨੂੰ ਇਹ ਤੇ ਉਸ ਦੇ ਆਪਣੇ ਮਾਲੀ ਸਾਧਨਾਂ ਤੋਂ ਚੱਠਿਆਂ ਦਾ ਖ਼ਾਤਮਾ ਕਰਨਾ ਸੰਭਵ ਨਹੀਂ ਰਿਹਾ। ਇਸ ਲਈ ਖ਼ਾਲਸੇ ਦੇ ਵਕਾਰ ਨੂੰ ਕਾਇਮ ਰੱਖਣ ਲਈ ਉਸ ਨੇ ਇਹ ਜ਼ਰੂਰੀ ਸਮਝਿਆ ਕਿ ਜਾਂ ਤਾਂ ਚੱਠਾ ਸਰਦਾਰ ਪੂਰੀ ਤਰ੍ਹਾਂ ਅਧੀਨਗੀ ਮੰਨ ਲਵੇ ਅਤੇ ਅਮਨ ਚੈਨ ਨਾਲ ਜਾਗੀਰਦਾਰ ਜਾਂ ਬਾਜ਼ ਗੁਜ਼ਾਰ ਦੇ ਰੂਪ ਵਿਚ ਬੈਠਾ ਰਵੇ, ਜਾਂ ਫਿਰ ਉਸ ਦੀ ਰਹਿੰਦੀ ਖੂੰਹਦੀ ਤਾਕਤ ਨੂੰ ਬਿਲਕੁਲ ਖ਼ਤਮ ਕਰ ਦਿੱਤਾ ਜਾਵੇ। ਹੁਣ ਇਸ ਪ੍ਰਸਤਾਵ ਨੂੰ ਮਹਾਂ ਸਿੰਘ ਨੇ ਸ: ਗੁੱਜਰ ਸਿੰਘ ਭੰਗੀ ਗੁਜਰਾਤ ਵਾਲੇ ਦੇ ਸਾਹਮਣੇ ਰੱਖਿਆ ਤੇ ਪੰਥ ਦੇ ਨਾਂ ਤੇ ਉਸ ਤੋਂ ਮਦਦ ਮੰਗੀ, ਪਰ ਗੁੱਜਰ ਸਿੰਘ ਨੇ ਮੱਦਦ ਦੇਣ ਤੋਂ ਲਾਚਾਰੀ ਜ਼ਾਹਰ ਕੀਤੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਉਸ ਦੀ ਆਪਣੀ ਰਿਆਸਤ ਵਿਚ ਖ਼ਾਨਾਜੰਗੀ ਜਿਹੀ ਹਾਲਤ ਹੋ ਰਹੀ ਸੀ। ਉਸ ਦਾ ਲੱੜਕਾ ਸਾਹਿਬ ਸਿੰਘ ਆਪਣੇ ਭਰਾ ਸੁੱਖਾ ਸਿੰਘ ਨਾਲ ਲੱੜ ਪਿਆ ਸੀ ਤੇ ਦੋਵਾਂ ਵਿਚਕਾਰ ਜੰਗ ਦੀ ਨੌਬਤ ਆ ਗਈ ਸੀ। ਜੰਗ ਵਿਚ ਸੁੱਖਾ ਸਿੰਘ ਮਾਰਿਆ ਗਿਆ ਤੇ ਸਾਹਿਬ ਸਿੰਘ ਦੀ ਅਸਹਿ ਹਰਕਤ ਤੇ ਸ: ਗੁੱਜਰ ਸਿੰਘ ਨੂੰ ਬਹੁਤ ਗੁੱਸਾ ਆਇਆ ਜਿਸ ਕਰਕੇ ਸਾਹਿਬ ਸਿੰਘ ਆਪਣਾ ਸਿਰ ਲੁਕਾਉਣ ਲਈ ਭੱਜ ਕੇ ਕਿਲ੍ਹਾ ਇਸਲਾਮ ਗੜ੍ਹ ਵਿਚ ਛੁੱਪ ਗਿਆ। ਗੁੱਜਰ ਸਿੰਘ ਉਸ ਨੂੰ

Original with:
Language Department Punjab
Digitized by:
Panjab Digital Library

ਇਸ ਗੱਲ ਦੀ ਸਜ਼ਾ ਦੇਣ ਲਈ ਇਕ ਲਸ਼ਕਰ ਲੈ ਕੇ ਲਾਹੌਰ ਤੋਂ ਗੁਜਰਾਤ ਤੇ ਉਥੋਂ ਇਸਲਾਮ ਗੜ੍ਹ ਜਾ ਰਿਹਾ ਸੀ। ਸਾਹਿਬ ਸਿੰਘ ਸ: ਮਹਾਂ ਸਿੰਘ ਦੀ ਭੈਣ ਨਾਲ ਵਿਆਹਿਆ ਹੋਇਆ ਸੀ ਇਸ ਲਈ ਮਹਾਂ ਸਿੰਘ ਨੇ ਆਪਣੇ ਅਸਰ ਰਸੂਖ ਰਾਹੀਂ ਹਾਲ ਦੀ ਘੜੀ ਪਿਓ-ਪੁੱਤਰ ਦੀ ਸੁਲਾਹ ਕਰਾ ਦਿੱਤੀ ਤੇ ਫਿਰ ਉਨ੍ਹਾਂ ਪਾਸੋਂ ਮੱਦਦ ਦੀ ਮੰਗ ਕੀਤੀ, ਫਿਰ ਇਨ੍ਹਾਂ ਤਿੰਨਾਂ (ਗੁੱਜਰ ਸਿੰਘ, ਸਾਹਿਬ ਸਿੰਘ, ਮਹਾਂ ਸਿੰਘ) ਨੇ ਮਿਲ ਕੇ ਮੰਚਰ ਵੱਲ ਚਾਲੇ ਪਾ ਦਿੱਤੇ। ਕਵੀ ਪੀਰ ਮੁਹੰਮਦ ਨੇ ਮਹਾਂ ਸਿੰਘ ਦੀ ਫ਼ੌਜ ਦੀ ਕੂਚ ਦਾ ਤੇ ਉਸ ਦੇ ਬਾਅਦ ਜੰਗ ਦਾ ਜੋ ਚਿਤ੍ਰ ਆਪਣੀ ਕਵਿਤਾ ਵਿਚ ਦਰਸਾਇਆ ਹੈ, ਉਹ ਸੱਚਮੁੱਚ ਸ਼ਲਾਘਾ ਯੋਗ ਹੈ ਤੇ ਕਵੀ ਦੀ ਲਿਆਕਤ ਨੂੰ ਜ਼ਾਹਰ ਕਰਦਾ ਹੈ। ਇਨ੍ਹਾਂ ਬੰਦਾਂ ਨੂੰ ਬਾਰ ਬਾਰ ਪੜ੍ਹਨ ਤੇ ਸੁਣਨ ਨੂੰ ਚਿੱਤ ਕਰਦਾ ਹੈ ਤੇ ਘੜੀ ਮੁੜੀ ਪੜ੍ਹਨ ਤੇ ਇਨ੍ਹਾਂ ਦਾ ਰਸ ਤੇ ਸੱਜਰਾਪਣ ਫਿੱਕਾ ਨਹੀਂ ਪੈਂਦਾ। ਇਨ੍ਹਾਂ ਦੀ ਤਾਜ਼ਗੀ ਅੱਜ ਵੀ ਉਸੇ ਤਰ੍ਹਾਂ ਹੀ ਹੈ ਜਿਵੇਂ ਰਚਨਾ ਵੇਲੇ ਸੀ। ਮੰਚਰ ਕਿਲ੍ਹੇ ਦੀ ਹਿਫ਼ਾਜ਼ਤ ਲਈ ਮੰਚਰ ਵਾਲਿਆਂ ਚਾਰ ਬੁਰਜ ਬਣਾ ਰਖੇ ਸਨ। ਇਸ ਲਈ ਖ਼ਾਲਸਾ ਦਲ ਨੇ ਇਕ ਦਸਤਾ ਫ਼ੌਜ ਦਾ ਸਾਹਮਣੇ ਵਾਲੇ ਦੋ ਬੁਰਜਾਂ ਵੱਲ ਵਧਾਇਆ ਤਾਂ ਜੋ ਇਥੇ ਜਮ੍ਹਾਂ ਫ਼ੌਜ ਦਾ ਪਹਿਲਾਂ ਸਫ਼ਾਇਆ ਕਰ ਦਿੱਤਾ ਜਾਵੇ, ਤਾਂ ਕਿ ਅਜਿਹਾ ਨਾ ਹੋਵੇ ਕਿ ਮੰਚਰ ਨੂੰ ਕੂਚ ਕਰਦੀ ਹੋਈ ਖ਼ਾਲਸਾ ਫ਼ੌਜ ਨੂੰ ਇਹ ਲੋਕ ਬੁਰਜਾਂ ਤੋਂ ਨਿਕਲ ਕੇ ਪਿੱਛੋਂ ਆ ਦਬਾਉਣ। ਚੱਠਿਆਂ ਮੁਕਾਬਲਾ ਕੀਤਾ ਪਰ ਇਹ ਮੁੱਠੀ ਭਰ ਫ਼ੌਜ ਕਦੋਂ ਤੱਕ ਅੜੀ ਰਹਿੰਦੀ। ਸੋ ਇਕ ਬੁਰਜ ਵਾਲੇ ਤਾਂ ਸਭ ਦੇ ਸਭ ਆਦਮੀ ਖ਼ਾਲਸੇ ਦੀ ਸ਼ਮਸ਼ੀਰ ਦਾ ਸ਼ਿਕਾਰ ਹੋ ਗਏ। ਦੂਜੇ ਬੁਰਜ ਵਿਚ ਸ: ਅਹਿਮਦ ਖ਼ਾਂ ਚੱਠਾ ਕਮਾਨ ਕਰ ਰਿਹਾ ਸੀ ਤੇ ਜਦੋਂ ਉਸ ਨੇ ਵੇਖਿਆ ਕਿ ਜ਼ਿਆਦਾ ਦੇਰ ਮੁਕਾਬਲਾ ਕਰਨਾ ਅਸੰਭਵ ਹੈ ਤਾਂ ਉਹ ਰਾਤ ਦੇ ਹਨ੍ਹੇਰੇ ਦਾ ਫ਼ਾਇਦਾ ਉਠਾ ਕੇ ਬੁਰਜ ਤੋਂ ਨਿਕਲ ਭੱਜਿਆ ਤੇ ਮੰਚਰ ਵਿਚ ਜਾ ਕੇ ਪਨਾਹ ਲਈ। ਹੁਣ ਮੰਚਰ ਦਾ ਮੁਹਾਸਰਾ ਸ਼ੁਰੂ ਹੋਇਆ ਤੇ 6 ਮਹੀਨਿਆਂ ਤੱਕ ਇਹ ਮੁਹਾਸਰਾ ਚਲਦਾ ਰਿਹਾ ਤੇ ਦੋਵਾਂ ਧਿਰਾਂ ਵਿਚਕਾਰ ਛੋਟੀਆਂ ਮੋਟੀਆਂ ਝੜਪਾਂ ਹੁੰਦੀਆਂ ਰਹੀਆਂ ਤੇ ਨਾਲ ਨਾਲ ਮਹਾਂ ਸਿੰਘ ਰਾਜਸੀ ਗੱਲਬਾਤ ਵੀ ਚਲਾਉਂਦਾ ਰਿਹਾ ਤੇ ਗੁਲਾਮ ਮੁਹੰਮਦ ਨੂੰ ਮੰਚਰ ਦਾ ਕਿਲ੍ਹਾ ਛੱਡ ਦੇਣ ਲਈ ਪ੍ਰੇਰਦਾ ਰਿਹਾ। ਚੱਠੇ ਸਰਦਾਰ ਨੇ ਵੀ ਜਦੋਂ ਆਪਣੇ ਮਨ ਵਿਚ ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰਿਆ ਕਿ ਮੇਰੇ ਸਾਰੇ ਸਰਕਰਦੇ ਤਾਂ ਪਹਿਲਾਂ ਹੀ ਮੈਨੂੰ ਛੱਡ ਗਏ ਹਨ ਤੇ ਹੁਣ 6 ਮਹੀਨੇ ਦੇ ਲੰਮੇ ਮੁਹਾਸਰੇ ਤੋਂ ਤੰਗ ਆ ਕੇ ਦੂਜੇ ਵੀ ਦਿਲ ਛੱਡ ਰਹੇ ਹਨ, ਇਸ ਲਈ ਉਹ ਮੰਚਰ ਖ਼ਾਲੀ ਕਰ ਦੇਣ ਲਈ ਤਿਆਰ ਹੋ ਗਿਆ ਅਤੇ ਸ: ਮਹਾਂ ਸਿੰਘ ਪਾਸੋਂ ਜਾਨ ਦੀ ਸਲਾਮਤੀ ਦਾ ਬਚਨ ਲੈ ਕੇ ਸੁਲਾਹ ਦੀ ਗੱਲ ਬਾਤ ਕਰਨ ਲਈ ਸ: ਮਹਾਂ ਸਿੰਘ ਦੇ ਡੇਰੇ ਆ ਗਿਆ। ਮਹਾਂ ਸਿੰਘ ਨੇ ਇਸ ਨੂੰ ਇਕ ਜਾਗੀਰਦਾਰ ਦੀ ਹੈਸੀਅਤ ਵਿਚ ਮੌਜ਼ਾ ਕਾਲਾ ਵਿਚ ਰਿਹਾਇਸ਼ ਅਖ਼ਤਿਆਰ ਕਰ ਲੈਣ ਦੀ ਤਜਵੀਜ਼ ਪੇਸ਼ ਕੀਤੀ :

ਤੇ ਕਿਹਾ ਸਿੰਘ ਗੁਲਾਮ ਨੂੰ, "**ਜੇ ਲੈ ਤੰ ਕਾਲਾ**"।

*Original with:*
Language Department Punjab
*Digitized by:*
Panjab Digital Library

ਤੇ ਕਿਹਾ ਫਿਰ ਗੁਲਾਮ ਨੇ, "**ਰੱਬ ਰੱਖਣ ਵਾਲਾ**" ।

[ਬੰਦ 71]

ਗੁਲਾਮ ਮੁਹੰਮਦ ਨੇ ਤਜਵੀਜ਼ ਪ੍ਰਵਾਨ ਕਰ ਲਈ ਤੇ ਮਹਾਂ ਸਿੰਘ ਨੂੰ ਕਿਹਾ ਕਿ ਮੈਂ ਮੱਕਾ ਸ਼ਰੀਫ ਚਲੇ ਜਾਣ ਦਾ ਇਰਾਦਾ ਕਰ ਰਿਹਾ ਹਾਂ ਤਾਂ ਜੋ ਬਾਕੀ ਉੱਮਰ ਖ਼ੁਦਾ ਦੀ ਯਾਦ ਵਿਚ ਗੁਜ਼ਾਰ ਸਕਾਂ । ਸਰ ਲੈਪਲ ਗਰੀਫਨ ਦੇ ਕਥਨ ਅਨੁਸਾਰ ਅਜੇ ਮੁਲਾਕਾਤ ਖ਼ਤਮ ਹੋਈ ਹੀ ਸੀ ਕਿ ਮਹਾਂ ਸਿੰਘ ਦੇ ਇਕ ਆਦਮੀ ਨੇ ਨਾਮਲੂਮ ਉਸ ਦੇ ਇਸ਼ਾਰੇ ਤੇ ਜਾਂ ਉਸ ਦੀ ਦੀਦਾ ਦਾਨਿਸ਼ਤਾ ਚਸ਼ਮ ਪੋਸ਼ੀ ਨਾਲ ਗੋਲੀ ਚਲਾ ਦਿੱਤੀ, ਜੋ ਐਨ ਗੁਲਾਮ ਮੁਹੰਮਦ ਦੇ ਮੱਥੇ ਵਿਚ ਜਾ ਲੱਗੀ ਤੇ ਉਹ ਉਥੇ ਹੀ ਮਰ ਗਿਆ[1] । ਕਵੀ ਪੀਰ ਮੁਹੰਮਦ ਦੇ ਕਹਿਣ ਅਨੁਸਾਰ ਗੁਲਾਮ ਮੁਹੰਮਦ ਦੀ ਮੌਤ ਉਸ ਵਕਤ ਹੋਈ ਜਦੋਂ ਇਹ ਆਪਣੇ ਕਾਫ਼ਲੇ ਨਾਲ ਕੱਸਬਾ ਮੰਚਰ ਤੋਂ ਥੋੜ੍ਹੀ ਦੂਰ ਹੀ ਨਿਕਲਿਆ ਸੀ ਕਿ ਖ਼ਾਲਸਾ ਲਸ਼ਕਰ ਨੇ ਉਨ੍ਹਾਂ ਲੋਕਾਂ ਨੂੰ ਆਣ ਘੇਰਾ ਪਾਇਆ ਅਤੇ ਇਕ ਸਿੱਖ ਸਿਪਾਹੀ ਨੇ ਉਸ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾ ਲਿਆ ।

ਇਸ ਸਬੰਧ ਵਿਚ ਦੋ ਹੋਰ ਚੱਠੇ ਸਰਦਾਰਾਂ ਦੇ ਮਾਰੇ ਜਾਣ ਦਾ ਜ਼ਿਕਰ ਵੀ ਕਵੀ ਪੀਰ ਮੁਹੰਮਦ ਕਰਦਾ ਹੈ, ਇਕ ਖ਼ਾਂ ਮੁਹੰਮਦ ਜਿਸ ਨੂੰ ਉਹ ਗੁਲਾਮ ਮੁਹੰਮਦ ਦਾ ਲੜਕਾ ਕਹਿੰਦਾ ਹੈ ਅਤੇ ਦੂਜਾ ਕੁਤਬ-ਉਲ-ਦੀਨ ਜੋ ਸੱਕਾ ਜਾਂ ਰਿਸ਼ਤੇ ਵਿਚੋਂ ਗੁਲਾਮ ਮੁਹੰਮਦ ਦਾ ਭਰਾ ਕਰਕੇ ਦੱਸਿਆ ਗਿਆ ਹੈ, ਖ਼ਾਂ ਮੁਹੰਮਦ ਵਾਲੀ ਕਹਾਣੀ ਬੰਦ ਨੰ: (76—79) ਵਿਚ ਦਰਜ ਹੈ, ਜਿਸ ਵਿਚ ਕਵੀ ਦੱਸਦਾ ਹੈ ਕਿ ਜਿਸ ਵਕਤ ਚੱਠੇ ਮੰਚਰ ਸ਼ਹਿਰ ਤੋਂ ਬਾਹਰ ਨਿਕਲ ਕੇ ਥੋੜ੍ਹੀ ਦੂਰ ਹੀ ਪਹੁੰਚੇ ਸਨ ਕਿ ਇਕ ਆਦਮੀ ਨੇ ਖ਼ਾਂ ਮੁਹੰਮਦ ਨੂੰ ਆ ਕੇ ਖ਼ਬਰ ਦਿੱਤੀ ਕਿ ਮਹਾਂ ਸਿੰਘ ਦੀ ਨਿਯਤ ਖ਼ਰਾਬ ਮਲੂਮ ਹੁੰਦੀ ਹੈ, ਇਸ ਲਈ ਤੁਸੀਂ ਲੋਕ ਸਫ਼ਰ ਕਰਦੇ ਹੋਏ ਰੱਸਤੇ ਵਿਚ ਆਪਣੇ ਬਚਾਅ ਦਾ ਬੰਦੋਬਸਤ ਪੂਰੀ ਤਰ੍ਹਾਂ ਕਰ ਲੈਣਾ । ਖ਼ਾਂ ਮੁਹੰਮਦ ਇਸ ਗੱਲ ਵਿਚਲੀ ਸਚਾਈ ਦਾ ਪਤਾ ਲੈਣ ਲਈ ਸ: ਮਹਾਂ ਸਿੰਘ ਦੇ ਡੇਰੇ ਜਾ ਪੁੱਜਾ ਤੇ ਇਸ ਗੱਲ ਦੀ ਉਸ ਨੇ ਆਪਣੇ ਬਾਪ ਨੂੰ ਵੀ ਸੂਹ ਨਾ ਦਿੱਤੀ । ਪਰ ਉਸ ਨੂੰ ਵਾਪਸ ਮੁੜਨਾ ਨਸੀਬ ਨਾ ਹੋਇਆ । ਮਹਾਂ ਸਿੰਘ ਦੇ ਹੁਕਮ ਨਾਲ ਉਥੇ ਹੀ ਮਾਰਿਆ ਗਿਆ । ਕੁਤਬ-ਉਲ-ਦੀਨ ਵਾਲਾ ਵਾਕਿਆ ਲੰਮੀਂ ਚੌੜੀ ਤਸ਼ਰੀਹ ਨਾਲ ਬੰਦ ਨੰ: 81—82 ਵਿਚ

1. ਪੰਜਾਬ ਚੀਫਸ ਸੰਨ 1865 ਪੰਨਾ 404 ਮੁਹੰਮਦ ਲਤੀਫ਼ ਨੇ ਆਪਣੀ ਕਿਤਾਬ ਤਾਰੀਖ਼ ਪੰਜਾਬ ਵਿਚ ਇਸ ਮੁਆਮਲੇ ਦਾ ਕੋਈ ਜ਼ਿਕਰ ਨਹੀਂ ਕੀਤਾ । ਬੰਦ ਨੰ: 72 ਵਿਚ ਕਵੀ ਦਾ ਕਹਿਣਾ "ਮਹਾਂ ਸਿੰਘ ਨੇ ਗ਼ੁਲਾਮ ਮੁਹੰਮਦ ਨੂੰ ਜੁਆਬ ਵਿਚ ਆਖਿਆ ਕਿ ਮੈਨੂੰ ਇਹ ਮਲੂਮ ਹੁੰਦਾ ਹੈ ਕਿ ਤੂੰ ਮੱਕੇ ਨਹੀਂ ਜਾ ਰਿਹਾ ਸਗੋਂ ਕਾਬਲ ਦੇ ਪਠਾਣਾਂ ਪਾਸੋਂ ਸਹਾਇਤਾ ਲੈਣ ਲਈ ਇਰਾਦਾ ਕਰ ਰਿਹਾਂ ਹੈਂ" । ਗ਼ੁਲਾਮ ਮੁਹੰਮਦ ਨੇ ਬੱਚਪਨਾ ਵਿਖਾਇਆ ਤੇ 'ਹਾਂ' ਕਰਕੇ ਆਪਣੇ ਮਨ ਦਾ ਭੇਦ ਵੈਰੀ ਨੂੰ ਦੇ ਦਿੱਤਾ "ਸੰਭਵ ਹੈ ਕਿ ਚੱਠੇ ਸਰਦਾਰ ਦੇ ਇਸ ਇਰਾਦੇ ਤੋਂ ਵਾਕਫ਼ ਹੋਣ ਕਰਕੇ ਸ਼ੁਕਰਚੱਕੀਆ ਸਰਦਾਰ ਜਾਂ ਉਸ ਦੇ ਵੱਡੇ ਅਫ਼ਸਰਾਂ ਵਿਚੋਂ ਕਿਸੇ ਨੇ ਗ਼ੁਲਾਮ ਮੁਹੰਮਦ ਨੂੰ ਉਥੇ ਹੀ ਖ਼ਤਮ ਕਰ ਦੇਣ ਦਾ ਫ਼ੈਸਲਾ ਕਰ ਲਿਆ ਹੋਵੇ । ਨਾ ਕਾਬਲ ਜਾਣ ਜੋਗਾ ਰਹੇ ਤੇ ਨਾ ਹੀ ਪਠਾਣਾ ਦਾ ਝੱਗੜਾ ਸਿੱਖਾਂ ਵਿਰੁੱਧ ਨਵੇਂ ਸਿਰਿਉਂ ਖੜ੍ਹਾ ਹੋਵੇ ।

Original with:
Language Department Punjab
Digitized by:
Panjab Digital Library

ਬਿਆਨ ਕੀਤਾ ਗਿਆ ਹੈ। ਜਦੋਂ ਚਲਦੇ ਚਲਦੇ ਚੱਠੇ ਲਸ਼ਕਰ ਨੂੰ ਖ਼ਾਲਸਾ ਸਵਾਰਾਂ ਨੇ ਆਕੇ ਘੇਰਾ ਘੱਤ ਲਿਆ ਤਾਂ ਕੁਤਬ-ਉਲ-ਦੀਨ ਖਿਸਕਣ ਵਿਚ ਸਫਲ ਹੋ ਗਿਆ ਤੇ ਗੁੱਜਰ ਸਿੰਘ ਦੇ ਆਦਮੀਆਂ ਪਾਸੋਂ ਪਨਾਹ ਦੀ ਮੰਗ ਕੀਤੀ। ਗੁੱਜਰ ਸਿੰਘ ਨੇ ਪਹਿਲਾਂ ਤਾਂ ਮੰਗੀ ਹੋਈ ਪਨਾਹ ਖ਼ੁਸ਼ੀ ਨਾਲ ਦੇ ਦਿੱਤੀ ਪਰ ਇਸ ਵਾਅਦੇ ਨੂੰ ਤੋੜ ਚਾੜ੍ਹਨਾ ਉਸ ਲਈ ਮੁਸ਼-ਕਲ ਹੋ ਗਿਆ। ਮਹਾਂ ਸਿੰਘ ਨਾਲ ਉਸ ਦੀ ਰਿੱਸ਼ਤੇਦਾਰੀ ਵੀ ਸੀ ਤੇ ਖ਼ਾਲਸਾ ਬਰਾਦਰੀ ਜਾਂ ਪੰਥ ਦੀ ਭਰਾਗਤੀ ਵੀ ਸੀ। ਸੋ ਇਸ ਜ਼ਬਰਦਸਤ ਭਾਉ ਜਾਂ ਜਜ਼ਬੇ ਦੇ ਦਬਾਉ ਹੇਠ ਆ ਕੇ ਗੁੱਜਰ ਸਿੰਘ ਨੇ ਕੁਤਬ-ਉਲ-ਦੀਨ ਨੂੰ ਮਹਾਂ ਸਿੰਘ ਦੇ ਪਾਸ ਘੱਲ ਦਿੱਤਾ। ਮਹਾਂ ਸਿੰਘ ਦੇ ਪਾਸ ਘੱਲਣਾ ਕੁਤਬ-ਉਲ-ਦੀਨ ਨੂੰ ਇਕ ਤਰ੍ਹਾਂ ਮੌਤ ਦੇ ਮੂੰਹ ਵਿਚ ਪਾਉਣ ਵਾਲੀ ਗੱਲ ਸੀ, ਸੋ ਕੁਤਬ-ਉਲ-ਦੀਨ ਜਾਨ ਤੋਂ ਹੱਥ ਧੋ ਬੈਠਾ। ਪਰ ਉਸ ਨੇ ਇਹ ਇਰਾਦਾ ਕਰ ਲਿਆ ਕਿ ਜੇ ਕਰ ਹੋ ਸਕਿਆ ਤਾਂ ਇਹ ਪਹਿਲਾਂ ਹੀ ਖ਼ੁਦ ਮਹਾਂ ਸਿੰਘ ਤੇ ਵਾਰ ਕਰ ਦੇਵੇਗਾ ਤਾਂ ਜੋ ਜੇਕਰ ਮਰਨ ਤਾਂ ਇਹ ਦੋਵੇਂ ਇਕੱਠੇ ਹੀ ਮਰਨ। ਇਸ ਲਈ ਜਦੋਂ ਉਹ ਮਹਾਂ ਸਿੰਘ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਨੇ 'ਆਓ ਦੇਖਿਆ ਨਾ ਤਾਓ' ਅਤੇ ਸਿੱਧਾ ਲਪਕ ਕੇ ਮਹਾਂ ਸਿੰਘ ਦੇ ਕੇਸਾਂ (ਵਾਲਾਂ) ਨੂੰ ਹੱਥ ਪਾ ਲਿਆ। ਪਰ ਜਲਦੀ ਹੀ ਸਰਦਾਰ ਦੇ ਟਹਿਲੀਆਂ ਨੇ ਉਸ ਨੂੰ ਤੱਲਵਾਰਾਂ ਨਾਲ ਕੱਟ ਕੇ ਪਰੇ ਸੁੱਟ ਦਿੱਤਾ। ਪਰ ਸਾਡੇ ਕਵੀ ਦੇ ਕਥਨ ਅਨੁਸਾਰ ਕੁਤਬ-ਉਲ-ਦੀਨ ਨੇ ਆਪ ਕੱਟੇ ਜਾਣ ਤੋਂ ਪਹਿਲਾਂ ਬਹੁਤ ਸਾਰੇ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ :—

**ਤੇ ਜਾਤਾ ਕੁਤਬ-ਦੀਨ ਨੇ, ਹੁਣ ਮਰਨਾ ਆਇਆ।**
**ਤੇ ਕਰਕੇ ਹਮਲਾ ਉਸ ਨੇ, ਹੱਥ ਕੇਸਾਂ ਪਾਇਆ।**
**ਤੇ ਫੜ ਫੜ ਮਾਰੇ ਸੂਰਮੇਂ, ਭਉ ਮਰਨੋਂ ਚਾਇਆ।**

[ਬੰਦ 86]

ਖਾਂ ਮੁਹੰਮਦ ਤੇ ਕੁਤਬ-ਉਲ-ਦੀਨ ਵਾਲੇ ਦੋਵੇਂ ਕਥਾਨਕ, ਜਿਨ੍ਹਾਂ ਨੂੰ ਕਵੀ ਨੇ ਆਪਣੀ ਰਚਨਾ ਵਿਚ ਜਗ੍ਹਾ ਦਿੱਤੀ ਹੈ, ਇਤਿਹਾਸਕ ਤੌਰ ਤੇ ਇਨ੍ਹਾਂ ਦੀ ਸਚਾਈ ਬਾਰੇ ਸਾਨੂੰ ਕੁਝ ਸ਼ੰਕਾ ਪੈਂਦੀ ਹੈ। ਸਰ ਲੈਪਲ ਗਰੀਫਨ ਨੇ ਆਪਣੀ ਪੁਸਤਕ ਵਿਚ ਜਿੱਥੇ ਨੂਰ ਮੁਹੰਮਦ ਚੱਠੇ ਦੇ ਖ਼ਾਨਦਾਨ ਤੇ ਉਸ ਦੇ ਪੁੱਤਰ ਪੋਤਰਿਆਂ ਦਾ ਨਕਸ਼ਾ ਪੇਸ਼ ਕੀਤਾ ਹੈ ਉਸ ਵਿਚ ਖਾਂ ਮੁਹੰਮਦ ਦੇ ਨਾਂ ਦਾ ਕੋਈ ਗ਼ੁਲਾਮ ਮੁਹੰਮਦ ਦਾ ਪੁੱਤਰ ਨਹੀਂ ਦੱਸਿਆ ਅਤੇ ਉਸ ਦੇ ਨਜ਼ਦੀਕੀ ਰਿੱਸ਼ਤੇਦਾਰਾਂ ਵਿਚੋਂ ਵੀ ਕੁਤਬ-ਉਲ-ਦੀਨ ਦੇ ਨਾਂ ਦਾ ਕੋਈ ਬੰਦਾ ਲਿਖਿਆ ਹੋਇਆ ਨਹੀਂ ਮਿਲਦਾ। ਹਾਲਾਂ ਕਿ ਸਰ ਲੈਪਲ ਗਰੀਫਨ ਦੀ ਕਿਤਾਬ ਵੀ ਉਨ੍ਹਾਂ ਸੂਚ-ਨਾਵਾਂ ਅਤੇ ਸਮਾਚਾਰਾਂ ਉਤੇ ਅਧਾਰਤ ਹੈ ਜੋ ਉਸ ਵੇਲੇ ਉਨ੍ਹਾਂ ਖ਼ਾਨਦਾਨਾਂ ਦੇ ਜੀਉਂਦੇ ਉੱਘੇ ਮੈਂਬਰਾਂ ਪਾਸੋਂ ਪ੍ਰਾਪਤ ਹੋ ਸਕੀ ਸੀ ਤੇ ਇਨ੍ਹਾਂ ਤੋਂ ਛੁੱਟ ਗਰੀਫਨ ਸਾਹਿਬ ਨੇ ਬਹੁਤ ਘਰਾਣਿਆਂ ਦੇ ਮਿਰਾਸੀਆਂ ਤੇ ਭੱਟਾਂ ਨੂੰ ਬੁਲਵਾ ਕੇ ਇਨ੍ਹਾਂ ਪਾਸੋਂ ਜ਼ਬਾਨੀ ਰਵਾਇਤਾਂ ਵੀ ਦਰਿਆਫ਼ਤ ਕੀਤੀਆਂ ਸਨ ਤੇ ਉਹ ਉਨ੍ਹਾਂ ਦੀ ਕਿਤਾਬ 'ਰਈਸਾਏ ਪੰਜਾਬ' ਵਿਚ ਦਰਜ ਹਨ। ਗਰੀਫਨ ਸਾਹਿਬ ਦੀ ਪੁਸਤਕ ਤੋਂ ਇਲਾਵਾ ਅਸੀਂ ਗੁਜਰਾਂ ਵਾਲਾ ਤੇ ਗੁਜਰਾਤ ਦੇ

Original with: Language Department Punjab
Digitized by: Panjab Digital Library

ਗਜ਼ਟੀਅਰ ਵੀ ਇਸ ਮਤਲੱਬ ਲਈ ਵੇਖੇ ਹਨ, ਉਥੇ ਵੀ ਖ਼ਾਂ ਮੁਹੰਮਦ ਤੇ ਕੁਤਬ-ਉਲ-ਦੀਨ ਵਾਲੇ ਕਥਾਨਕ ਕਿਧਰੇ ਨਹੀਂ ਮਿਲਦੇ । ਮੁਮਕਿਨ ਹੈ ਕੋਈ ਅਜਿਹੀ ਜਾਂ ਅਜਿਹੀ ਕੋਈ ਹੋਰ ਮਿਲੀ ਜੁਲੀ ਘਟਨਾ ਸ: ਨੂਰ ਮੁਹੰਮਦ, ਪੀਰ ਮੁਹੰਮਦ ਜਾਂ ਅਹਿਮਦ ਖ਼ਾਂ ਦੀ ਸਰਦਾਰੀ ਦੇ ਸਮੇਂ ਵਾਪਰੀ ਹੋਵੇ ਤੇ ਸੁਣੀ ਸੁਣਾਈ ਰਵਾਇਤ ਕੁਝ ਵਧਾ ਘਟਾ ਕੇ ਸਾਡੇ ਕਵੀਂ ਨੇ ਇਸ ਰਚਨਾ ਵਿਚ ਜੜ ਦਿੱਤੀ ਹੋਵੇ ਤਾਂ ਜੋ ਖ਼ਾਲਸਾ ਸਰਦਾਰਾਂ ਦਾ ਆਚਰਣ, ਭਾਵੇਂ ਉਹ ਗੁੱਜਰ ਸਿੰਘ ਹੋਵੇ ਜਾਂ ਮਹਾਂ ਸਿੰਘ, ਘਟੀਆ ਸਾਬਤ ਹੋ ਸਕੇ[1] ।

ਕੁਤਬ-ਉਲ-ਦੀਨ ਵਾਲੀ ਘਟਨਾ ਉਪਰ ਜ਼ਰਾ ਹੋਰ ਵੀ ਜ਼ਿਆਦਾ ਗਹੁ ਨਾਲ ਵਿਚਾਰ ਕਰਨ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਬਿਆਨ ਵਿਚ ਕਵੀ ਨੇ 'ਕਾਵਿ ਕਲਪਨਾ' ਤੋਂ ਜ਼ਿਆਦਾ ਕੰਮ ਲਿਆ ਹੈ । ਉਸ ਦੀ ਲਿਖਤ ਅਨੁਸਾਰ ਕੁਤਬ-ਉਲ-ਦੀਨ ਨੇ ਮਹਾਂ ਸਿੰਘ ਦੇ ਸਾਹਮਣੇ ਪੇਸ਼ ਹੁੰਦੇ ਹੀ ਉਸ ਦੇ ਕੇਸਾਂ ਨੂੰ ਹੱਥ ਪਾ ਲਿਆ । ਸਾਫ਼ ਜ਼ਾਹਰ ਹੈ ਕਿ ਉਸ ਦਾ ਮਤਲੱਬ ਇਹ ਸੀ ਕਿ ਸਰਦਾਰ ਨੂੰ ਹੇਠ ਢਾਹ ਕੇ ਉਸ ਦਾ ਗੱਲਾ ਘੁੱਟ ਦੇਵੇ । ਅਸੀਂ ਇਹ ਨਹੀਂ ਕਹਿ ਸਕਦੇ ਕਿ ਜਿਸਮਾਨੀ ਤਾਕਤ ਤੇ ਹੌਂਸਲੇਵਿਚ ਇਨ੍ਹਾਂ ਦੋਵਾਂ ਵਿਚੋਂ ਕੌਣ ਜ਼ਿਆਦਾ ਜਾਂ ਘੱਟ ਸੀ, ਜਾਂ ਦੋਵੇਂ ਬਰਾਬਰ ਦੇ ਸਨ । ਇਹ ਗੱਲ ਵੀ ਮੰਨ ਲੈਣਾ ਮੁਸ਼ਕਲ ਨਹੀਂ ਕਿ ਕੁਤਬ-ਉਲ-ਦੀਨ ਨੇ ਲਪਕ ਕੇ ਸ: ਮਹਾਂ ਸਿੰਘ ਉਪਰ ਹਮਲਾ ਕਰ ਦਿੱਤਾ ਹੋਵੇ ਕਿਉਂਕਿ ਜੋ ਸ਼ਖ਼ਸ ਆਪਣੀ ਜਾਨ ਤੋਂ ਹੱਥ ਧੋ ਚੁਕਾ ਹੋਵੇ ਉਹ ਪਾਗਲਪਨ ਦੀ ਅਵੱਸਥਾ ਵਿਚ ਅਜਿਹੀ ਹਰਕਤ ਕਰ ਹੀ ਦਿਆ ਕਰਦਾ ਹੈ । ਪਰ ਇਸ ਪ੍ਰਸੰਗ ਵਿਚ ਜੋ ਨਾ ਮੰਨਣ ਯੋਗ ਗੱਲ ਹੈ ਉਹ ਇਹ ਹੈ ਕਿ ਕੁਤਬ-ਉਲ-ਦੀਨ ਨੇ ਸੱਚਮੁੱਚ ਹੀ ਸਰਦਾਰ ਦੇ ਵਾਲਾਂ ਨੂੰ ਹੱਥ ਵਿਚ ਲੈ ਲਿਆ ਹੋਵੇ, ਕਿਉਂਜੋ ਕੋਈ ਕੇਸਾਧਾਰੀ ਸਿੱਖ ਜਨਤਕ ਅਸਥਾਨ ਤੇ ਨੰਗੇ ਸਿਰ ਨਹੀਂ ਬੈਠਦਾ ਸਗੋਂ ਆਮ ਤੌਰ ਤੇ ਸਿਵਾਏ ਸੌਣ ਵਾਲੇ ਕਮਰੇ ਦੇ ਜਾਂ ਘਰੇਲੂ ਚੌਗਿਰਦੇ ਦੇ, ਕੋਈ ਖ਼ਾਲਸਾ ਆਪਣੀ ਦਸਤਾਰ ਨਹੀਂ ਉਤਾਰਿਆ ਕਰਦਾ । ਜੇ ਕਰ ਕਵੀ ਆਪਣੇ ਪਾਠਕਾਂ ਜਾਂ ਸਰੋਤਿਆਂ ਨੂੰ ਦੱਸਣਾ ਚਾਹੁੰਦਾ ਹੋਵੇ ਕਿ ਪਹਿਲੀ ਵਾਰ ਉਸ ਨੇ ਦਸਤਾਰ ਉਤਾਰ ਕੇ ਸੁੱਟ ਦਿੱਤੀ ਫਿਰ ਹੱਥ ਮਾਰ ਕੇ ਕੇਸ ਫੜ ਲਏ, ਇਹ ਗੱਲ ਨਾ ਮੁਮਕਿਨ ਜਾਪਦੀ ਹੈ । ਮਹਾਂ ਸਿੰਘ ਕੋਈ ਮੋਮ ਦਾ ਬਣਿਆ ਹੋਇਆ ਬੁੱਤ ਨਹੀਂ ਸੀ ਕਿ ਦੁਸ਼ਮਣ ਨਾਲ ਗੁੱਥਮ-ਗੁੱਥਾ ਨਾ ਹੁੰਦਾ ਤੇ ਆਪਣੇ ਹੱਥ ਪੈਰ ਨਾ ਹਿਲਾਉਂਦਾ । ਸਗੋਂ ਇਹ ਤਾਂ ਆਪਣੇ ਸਮੇਂ ਦਾ ਮੰਨਿਆ ਹੋਇਆ ਤਾਕਤਵਰ ਤੇ ਚੁੱਸਤ ਚਲਾਕ ਲੜਾਕਾ ਸਿਪਾਹੀ ਸੀ । ਦੂਜੀ ਨਾ ਮੰਨਣ ਵਾਲੀ ਗੱਲ ਜੋ ਕਵੀ ਨੇ ਇਸ ਸਬੰਧ ਵਿਚ ਲਿਖੀ ਹੈ ਉਹ ਇਹ ਹੈ ਕਿ ਆਪਣੇ ਮਾਰੇ ਜਾਣ ਤੋਂ ਪਹਿਲਾਂ ਕੁਤਬ-ਉਲ-ਦੀਨ ਨੇ ਫੜ ਫੜ ਕੇ ਬਹੁਤ ਸਾਰੇ ਸਿੱਖ ਸੂਰਮੇਂ ਮਾਰ ਦਿੱਤੇ । ਜੋ ਹਾਲਾਤ ਸ਼ਾਇਰ ਨੇ ਆਪ ਬਿਆਨ ਕੀਤੇ ਹਨ ਉਨ੍ਹਾਂ ਨੂੰ ਮੁੱਖ ਰਖਦੇ ਹੋਏ ਅਜਿਹਾ ਵਾਕਿਆ ਹੋ ਜਾਣਾ ਬਿਲਕੁਲ ਗ਼ਲਤ

1. ਗੁੱਜਰ ਸਿੰਘ ਦਾ ਸ਼ਰਨਾਰਥੀ ਚੱਠੇ ਸਰਦਾਰਾਂ ਨੂੰ ਦੋ ਮੌਕਿਆਂ ਤੇ ਮਹਾਂ ਸਿੰਘ ਦੇ ਹਵਾਲੇ ਕਰ ਦੇਣਾ ਕਵੀ ਨੇ ਜਾਣ ਬੁਝ ਕੇ ਵਧਾ ਚੜ੍ਹਾ ਕੇ ਦਰਸਾਇਆ ਹੈ । ਵੇਖੋ ਬੰਦ 20 ਤੇ 82 ।

Original with:
Language Department Punjab
Digitized by:
Panjab Digital Library

ਦਿਖਾਈ ਦਿੰਦਾ ਹੈ। ਬੰਦ 84 ਵਿਚ ਕਵੀ ਨੇ ਦੱਸਿਆ ਹੈ ਕਿ ਕੁਤਬ-ਉਲ-ਦੀਨ ਨਿਹੱਥਾ ਸੀ, ਅਰਥਾਤ ਉਸ ਪਾਸ ਕੋਈ ਹੱਥਿਆਰ ਨਹੀਂ ਸੀ। ਸਮੇਂ ਦੀ ਪ੍ਰਥਾ ਅਨੁਸਾਰ ਮਹਾਂ ਸਿੰਘ ਦੇ ਅਰਦਲੀ ਹੱਥਿਆਰਬੰਦ ਹੋਣੇ ਜ਼ਰੂਰੀ ਸਨ। ਆਮ ਤੌਰ ਤੇ ਬਾਡੀ ਗਾਰਡ ਜਾਂ ਅਰਦਲੀਆਂ ਲਈ ਜੋ ਸਿਪਾਹੀ ਹੀ ਚੁਣੇ ਜਾਂਦੇ ਸਨ, ਉਹ ਕਦਆਵਰ, ਜੁਆਨ ਹੁੰਦੇ ਸਨ। ਇਕ ਪਾਸੇ ਅਜਿਹੇ ਗਭਰੂ ਖ਼ਾਲਸੇ ਤੇ ਫਿਰ ਹੱਥਿਆਰ ਬੰਦ ਤੇ ਦੂਜੇ ਪਾਸੇ ਨਿਹੱਥਾ ਕੁਤਬ-ਉਲ-ਦੀਨ ਹੋਵੇ ਤੇ ਫਿਰ ਵੀ ਨਤੀਜਾ ਇਹ ਰਹੇ।

ਫੜ ਫੜ ਮਾਰੇ ਸੂਰਮੇਂ (ਖਾਲਸੇ) ਭੌ ਮਰਨੋਂ ਚਾਇਆ "ਭੌ ਮਰਨੋਂ ਚਾਇਆ" ਵਾਲੀ ਗੱਲ ਤਾਂ ਠੀਕ ਹੋ ਸਕਦੀ ਹੈ ਪਰੰਤੂ "ਫੜ ਫੜ ਮਾਰੇ ਸੂਰਮੇਂ" ਵਾਲੀ ਗੱਲ ਗ਼ਲਤ ਪ੍ਰਤੀਤ ਹੁੰਦੀ ਹੈ।

**ਸ਼ੁਕਰਚੱਕੀਆ ਤੇ ਚੱਠਾ ਜੰਗ ਦੀ ਅੰਤਮ ਝਾਕੀ** :—ਬੰਦ ਨੰ: 87 ਵਿਚ "ਤੇ ਮਾਰਿਆ ਕੁਤਬਉਲ-ਦੀਨ ਵੀ ਹੋਰ ਜੰਗ ਨਿਖਟਾ" ਅਤੇ ਬੰਦ ਨੰ: 98 ਵਿਚ "ਤੇ ਮੁੜ ਕੇ ਰਹਿਮਤ ਖ਼ਾਂ ਨੇ ਹੱਥ ਫੜੀ ਕਮਾਨੇ" ਨਾਲ ਕਵੀ ਪੀਰ ਮੁਹੰਮਦ ਨੇ ਆਪਣੀ ਕਵਿਤਾ ਦੀ ਕਹਾਣੀ ਬੰਦ ਕਰ ਦਿੱਤੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਕੀ ਕਵੀ ਪੀਰ ਮੁਹੰਮਦ ਦੀ ਬਣਾਈ ਹੋਈ 'ਵਾਰ' ਇੱਥੇ ਖ਼ਤਮ ਹੁੰਦੀ ਹੈ ਜਾਂ ਕਿਧਰੇ ਹੋਰ ਅੱਗੇ ਜਾ ਕੇ, ਜਿਸ ਵਿਚ ਕੁਝ ਬੰਦ ਰਹਿਮਤ ਖ਼ਾਂ ਤੇ ਕੁਝ ਜਾਨ ਮੁਹੰਮਦ ਦੀ ਅਯੋਗ ਵਰਤੋਂ ਨੂੰ ਵੀ ਬਿਆਨ ਕਰਦੇ ਹੋਣ। ਕਿਉਂਕਿ ਇਸ ਜੰਗ ਦੀ ਅੰਤਮ ਝਾਕੀ ਚੌਧਰੀ ਜਾਨ ਮੁਹੰਮਦ ਚੱਠਾ ਸਰਦਾਰ ਦੀ ਮੌਤ ਨਾਲ ਹੀ ਹੋਣੀ ਚਾਹੀਦੀ ਹੈ। ਇਸ ਨੁੱਕਤੇ ਤੇ ਰੋਸ਼ਨੀ ਪਾਉਣ ਲਈ ਕਿ ਪੀਰ ਮੁਹੰਮਦ ਨੇ ਕੁਝ ਹੋਰ ਬੰਦ ਵੀ ਲਿਖੇ ਹੋਣ, ਜਿਹੜੇ ਸਾਡੇ ਹੱਥ ਵਿਚ ਅਜੇ ਤੱਕ ਨਹੀਂ ਆਏ, ਕੋਈ ਭਰੋਸੇ ਯੋਗ ਗਵਾਹੀ ਮੌਜੂਦ ਨਹੀਂ ਹੈ। ਸਿਰਫ਼ ਕਿਆਸ ਤੋਂ ਕੰਮ ਲੈ ਕੇ ਇਹ ਕਹਿ ਸਕਦੇ ਹਾਂ ਕਿ ਪੀਰ ਮੁਹੰਮਦ ਨੇ ਸਿਰਫ਼ ਦੋ ਨਬੇੜਵੀਆਂ ਲੜਾਈਆਂ ਅਰਥਾਤ ਜੰਗ ਸੈਦ ਨਗਰ (ਰਸੂਲ ਨਗਰ) ਤੇ ਜੰਗ ਮੰਚਰ ਜਿਨ੍ਹਾਂ ਦੇ ਵਿਚ ਹਾਰ ਹੋਣ ਦੇ ਕਾਰਣ ਚੱਠਿਆਂ ਦੀ ਅਸਲ ਰਾਜਸੀ ਤਾਕਤ ਖ਼ਤਮ ਹੋ ਗਈ ਸੀ, ਨੂੰ ਹੀ ਆਪਣੀ ਕਵਿਤਾ ਦਾ ਵਿਸ਼ਾ ਬਣਾਣ ਤੇ ਸੰਤੋਖ ਕੀਤਾ ਅਤੇ ਸਿਰਫ਼ ਚਲਦੇ ਚਲਦੇ ਰਹਿਮਤ ਖ਼ਾਂ ਦਾ ਜ਼ਿਕਰ ਕਰ ਦਿੱਤਾ ਹੈ ਕਿ ਉਸ ਨੇ ਇਸ ਲੜਾਈ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ। ਪਰ ਇਹ ਸਾਡਾ ਕਿਆਸ ਹੀ ਕਿਆਸ ਹੈ।

ਮੰਚਰ ਦਾ ਜੰਗ ਸੰਨ 1790 ਵਿਚ ਹੋਇਆ। ਗ਼ੁਲਾਮ ਮੁਹੰਮਦ ਮਾਰਿਆ ਗਿਆ। ਇਕ ਸਾਲ ਮਗਰੋਂ ਸ: ਮਹਾਂ ਸਿੰਘ ਵੀ ਇਸ ਜਹਾਨ ਤੋਂ ਚਲਾਣਾ ਕਰ ਗਿਆ ਤੇ ਆਪਣੇ ਪਿੱਛੇ 10 ਸਾਲ ਦੀ ਉਮਰ ਦਾ ਪੁੱਤਰ ਛੱਡ ਗਿਆ, ਜਿਸ ਦਾ ਨਾਂ ਰਣਜੀਤ ਸਿੰਘ ਸੀ। ਚੱਠੇ ਸਰਦਾਰ ਹਸ਼ਮਤ ਖ਼ਾਂ[1] ਨੇ ਇਹ ਨਾਦਰ ਮੌਕਾ ਦੇਖ ਕੇ ਚੱਠੇ ਕਬੀਲੇ ਦੇ ਲੋਕਾਂ ਨੂੰ ਇਕ

1. ਇਹ ਗਾਲਬਨ ਉਹੀ ਸ਼ਖ਼ਸ ਹੈ ਜਿਸ ਨੂੰ ਕਵੀ ਨੇ ਰਹਿਮਤ ਖਾਂ ਕਰ ਕੇ ਲਿਖਿਆ ਹੈ। ਇਹ ਰਿੱਸ਼ਤੇ ਵਿਚੋਂ ਗ਼ੁਲਾਮ ਮੁਹੰਮਦ ਦਾ ਚਾਚਾ ਤਾਇਆ ਸੀ [ਵੇਖੋ ਸੈਂਪਲ ਗ਼ਰੀਫਨ]

Original with: Language Department Punjab
Digitized by: Panjab Digital Library

ਵਾਰ ਫਿਰ ਪ੍ਰੇਰਿਆ ਤੇ ਕਿਹਾ ਕਿ ਸਾਨੂੰ ਇਕ ਹੱਲਾ ਹੋਰ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਆਪਣੀ ਸੁਤੰਤਰਤਾ ਇਤਨੀ ਚੰਗੀ ਲਗਦੀ ਸੀ ਕਿ ਇਹ ਲੱਕ ਬੰਨ੍ਹ ਕੇ ਸ਼ੁਕਰਚੱਕੀਆ ਸਰਦਾਰਾਂ ਪਾਸੋਂ, ਜਿਨ੍ਹਾਂ ਨੂੰ ਹੁਣ ਇਹ ਬੇਆਗੂ ਸਮਝ ਰਹੇ ਸਨ, ਆਪਣਾ ਖੋਹਿਆ ਹੋਇਆ ਮੁਲਕ ਵਾਪਸ ਲੈਣ ਲਈ ਤਿਆਰ ਹੋ ਗਏ। ਪਰ ਇਨ੍ਹਾਂ ਨੂੰ ਇਹ ਖ਼ਬਰ ਨਹੀਂ ਸੀ ਕਿ ਸ਼ੁਕਰਚੱਕੀਆ ਰਿਆਸਤ ਦਾ 10 ਸਾਲਾਂ ਦਾ ਅੰਞਾਣਾ ਸਰਦਾਰ ਅਸਲ ਵਿਚ ਅੰਞਾਣਾ ਨਹੀਂ ਸੀ, ਉਹ ਤਾਂ ਬੜੀ ਸੂਝ-ਬੂਝ ਵਾਲਾ ਬੱਚਾ ਸੀ। ਰਣਜੀਤ ਸਿੰਘ ਦੇ ਬਾਕੀ ਜੀਵਨ ਦੇ ਕਾਰਨਾਮਿਆਂ ਤੋਂ ਪਤਾ ਲਗਦਾ ਹੈ ਕਿ ਇਸ ਵਰਗੇ ਮਨੁੱਖ ਤਾਂ ਸਦੀ ਵਿਚ ਸਿਰਫ਼ ਇਕੋ ਵਾਰ ਹੀ ਜੰਮਦੇ ਹਨ ਤੇ ਮੌਕਾ ਮਿਲਣ ਤੇ ਦੁਨੀਆ ਨੂੰ ਹਿਲਾ ਕੇ ਰੱਖ ਦਿੰਦੇ ਹਨ। ਮੋਹਨ ਲਾਲ ਆਪਣੀ ਕਿਤਾਬ ਵਿਚ ਹਸ਼ਮਤ ਖ਼ਾਂ ਦੇ ਸ਼ੁਰੂ ਕੀਤੇ ਹੋਏ ਝੱਗੜੇ ਦਾ ਜ਼ਿਕਰ ਕਰਦੇ ਹੋਏ ਲਿਖਦਾ ਹੈ ਕਿ ਇੱਕ ਵੇਰ ਰਣਜੀਤ ਸਿੰਘ ਮੰਜਾ ਲੱਧੇ ਵਾਲੀ ਦੇ ਨੇੜੇ ਤੇੜੇ ਸ਼ਿਕਾਰ ਦੀ ਤਲਾਸ਼ ਵਿਚ ਆਪਣੇ ਸਾਥੀਆਂ ਤੋਂ ਅੱਡ ਹੋ ਗਿਆ। ਇਹ ਪਿੰਡ ਚੱਠਿਆਂ ਦੇ ਇਲਾਕੇ ਨਾਲ ਲਗਦਾ ਸੀ। ਅਜਿਹੀ ਰੱਬ ਦੀ ਕਰਨੀ ਹੋਈ ਕਿ ਉਸ ਵੇਲੇ ਹਸ਼ਮਤ ਖ਼ਾਂ ਵੀ ਉਧਰ ਆ ਪਹੁੰਚਿਆ। ਰਣਜੀਤ ਸਿੰਘ ਨੂੰ ਇਕੱਲਾ ਵੇਖ ਕੇ ਮਹਾਂ ਸਿੰਘ ਦੇ ਖ਼ਾਨਦਾਨ ਪਾਸੋਂ ਅਗਲੇ ਪਿੱਛਲੇ ਬਦਲੇ ਲੈਣ ਦਾ ਇਹ ਨਾਦਰ ਮੌਕਾ ਉਸ ਨੂੰ ਹੱਥ ਆਇਆ। ਚੋਰੀ ਚੋਰੀ ਪਿੱਛੋਂ ਜਾ ਕੇ ਆਪਣੇ ਪੂਰੇ ਜ਼ੋਰ ਨਾਲ ਤੱਲਵਾਰ ਦਾ ਇਕ ਵਾਰ ਉਸ ਉਪਰ ਜਾ ਕੇ ਕੀਤਾ, ਪਰ ਕਹਿੰਦੇ ਹਨ :—

## ਜਿਸ ਨੂੰ ਰੱਖੇ ਸਾਈਆਂ, ਮਾਰ ਨਾ ਸਕੇ ਕੋਇ।

ਹਸ਼ਮਤ ਦੀ ਤੱਲਵਾਰ ਦੀ ਸਾਂ ਸਾਂ ਸੁਣ ਕੇ ਰਣਜੀਤ ਸਿੰਘ ਚੌਂਕ ਉਠਿਆ ਤੇ ਆਪਣੇ ਘੋੜੇ ਦੀ ਕਾਠੀ ਨਾਲ ਸਰਕ ਕੇ ਜ਼ਰਾ ਪਾਸੇ ਨੂੰ ਹੋ ਗਿਆ। ਤੱਲਵਾਰ ਕਾਠੀ ਦੇ ਹੰਨੇ ਤੇ ਰਣਜੀਤ ਸਿੰਘ ਦੀ ਕਮਰ ਨਾਲ ਲਟਕਦੀ ਚੰਮੜੇ ਦੀ ਪੇਟੀ ਨੂੰ ਜਾ ਵੱਜੀ; ਪਰ ਧੰਨ ਇਸ ਜਾਤਕ ਦਾ ਹੌਂਸਲਾ ਸੀ ਕਿ ਬਜਾਏ ਇਸ ਅਚਨਕ ਹੋਏ ਹਮਲੇ ਤੋਂ ਘਬਰਾ ਜਾਣ ਦੇ, ਸ਼ੇਰਾਂ ਵਾਂਗ ਬਿਫ਼ਰ ਕੇ ਹਸ਼ਮਤ ਖ਼ਾਂ ਦੇ ਉੱਪਰ ਜਾ ਗੱਜਿਆ ਤੇ ਤੱਲਵਾਰ ਦੇ ਇਕ ਹੀ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਵੱਖਰਾ ਕਰ ਦਿੱਤਾ ਅਤੇ ਉਸ ਨੂੰ ਆਪਣੇ ਨੇਜ਼ੇ ਨਾਲ ਟੰਗ ਕੇ ਆਪਣੇ ਮੁਲਾਜ਼ਮਾਂ ਨੂੰ ਆਣ ਮਿਲਿਆ।

ਹਸ਼ਮਤ ਖ਼ਾਂ ਦੀ ਮੌਤ ਨਾਲ ਚੱਠੇ ਕੁਝ ਠੰਢੇ ਪੈ ਗਏ ਪਰ 6 ਸਾਲਾਂ ਮਗਰੋਂ ਮੌਕਾ ਮਿਲਣ ਤੇ ਫਿਰ ਤਿਆਰ ਹੋ ਖੜੇ ਹੋਏ। ਸੰਨ 1796-97 ਵਿਚ ਜਦੋਂ ਸ਼ਾਹ ਜ਼ਮਾਨ (ਇਹ ਅਹਿਮਦ ਸ਼ਾਹ ਅਬਦਾਲੀ ਦਾ ਪੋਤਾ ਸੀ) ਨੇ ਦੋ ਵੇਰ ਪੰਜਾਬ ਉਪਰ ਚੜ੍ਹਾਈ ਕੀਤੀ ਤੇ ਖ਼ਾਲਸਾ ਸਰਦਾਰਾਂ ਪਾਸੋਂ ਪਹਿਲਾਂ ਰੁਹਤਾਸ ਦਾ ਮਜ਼ਬੂਤ ਕਿੱਲ੍ਹਾ, ਫਿਰ ਲਾਹੌਰ ਦਾ ਕਿੱਲ੍ਹਾ ਤੇ ਸ਼ਹਿਰ ਵਾਪਸ ਲੈ ਲਏ ਤੇ ਦੇਸ਼ ਵਿਚ ਹੱਫੜਾ ਦੱਫੜੀ ਮਚਾ ਦਿੱਤੀ, ਤਦੋਂ ਚੱਠਿਆਂ ਨੇ ਇਸ ਮੌਕੇ ਤੋਂ ਲਾਭ ਉਠਾ ਕੇ ਗੁਲਾਮ ਮੁਹੰਮਦ ਦੇ ਪੁੱਤਰ ਜਾਨ ਮੁਹੰਮਦ ਦੀ ਸਰਦਾਰੀ ਹੇਠ ਰਣਜੀਤ ਸਿੰਘ ਪਾਸੋਂ ਆਪਣੇ ਖੋਏ ਹੋਏ ਖ਼ਾਨਦਾਨੀ ਇਲਾਕੇ ਦਾ ਬਹੁਤ

Original with:
Language Department Punjab
Digitized by:
Panjab Digital Library

ਹਿੱਸਾ ਵਾਪਸ ਲੈ ਲਿਆ[1] । ਮਗਰ ਇਹ ਘਟਨਾ ਉਸ ਬੁਝਦੇ ਹੋਏ ਦੀਵੇ ਦੀ ਤਰ੍ਹਾਂ ਸੀ ਜੋ ਬੁਝਣ ਤੋਂ ਪਹਿਲਾਂ ਤੇਲ ਖ਼ਤਮ ਹੋਣ ਤੇ ਇਕ ਵਾਰ ਆਪਣੀ ਪੂਰੀ ਰੋਸ਼ਨੀ ਦਿਆ ਕਰਦਾ ਹੈ । ਸ਼ਾਹ ਜ਼ਮਾਨ ਜਲਦੀ ਹੀ ਕਾਬਲ ਨੂੰ ਵਾਪਸ ਮੁੜ ਗਿਆ ਅਤੇ ਉਸ ਦੇ ਮੁੜਦੇ ਸਾਰ ਹੀ ਖ਼ਾਲਸੇ ਸਰਦਾਰ ਫਿਰ ਆਪੋ ਆਪਣੇ ਕੇਂਦਰੀ ਸਥਾਨਾਂ ਤੇ ਜਾ ਪੁਜੇ । ਰਣਜੀਤ ਸਿੰਘ ਨੇ ਰਸੂਲ ਨਗਰ ਤੇ ਫਿਰ ਚੜ੍ਹਾਈ ਜਾ ਕੀਤੀ, ਚੱਠਿਆਂ ਨੇ ਕਰੜਾ ਮੁਕਾਬਲਾ ਕੀਤਾ ਪਰ ਬਦ ਕਿਸਮਤੀ ਨਾਲ ਜਾਨ ਮੁਹੰਮਦ ਤੋਪ ਦੇ ਇਕ ਗੋਲੇ ਦਾ ਸ਼ਿਕਾਰ ਹੋ ਗਿਆ । ਨੀਤੀ ਨਿਪੁੰਨ ਰਣਜੀਤ ਸਿੰਘ ਨੇ ਵੀ ਚੱਠਿਆਂ ਦਾ ਨਿੱਤ ਦਾ ਝੱਗੜਾ ਮੁਕਾਣ ਲਈ ਚੌਧਰੀ ਨੂਰ ਮੁਹੰਮਦ ਦੇ ਖ਼ਾਨਦਾਨ ਵਾਲਿਆਂ ਨੂੰ ਗੁਜ਼ਾਰੇ ਵੱਜੋਂ ਕੁਝ ਜਾਗੀਰਾਂ ਦੇ ਦਿੱਤੀਆਂ । ਬਾਕੀ ਕੁਝ ਨੌਜੁਆਨ ਚੱਠੇ ਸਿਪਾਹੀਆਂ ਨੂੰ ਥੋੜ੍ਹੀਆਂ ਥੋੜ੍ਹੀਆਂ ਜਾਗੀਰਾਂ ਦੇ ਕੇ ਆਪਣੀ ਘੋੜ ਸਵਾਰ ਫ਼ੌਜ ਵਿਚ ਭਰਤੀ ਕਰ ਲਿਆ ।

40 ਸਾਲ ਦੇ ਲੱਗ-ਭੱਗ ਚੱਠੇ ਸਰਦਾਰ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਰਹੇ । ਪਰ ਅਜਿਹਾ ਜਾਪਦਾ ਹੈ ਕਿ ਇਸ ਸਾਰੇ ਅਰਸੇ ਵਿਚ ਇਨ੍ਹਾਂ ਦੇ ਸੀਨਿਆਂ ਵਿਚ ਬਦਲੇ ਦੀ ਅੱਗ ਮੱਘਦੀ ਰਹੀ ਅਤੇ ਜਦੋਂ ਹੀ ਇਨ੍ਹਾਂ ਨੂੰ ਮੌਕਾ ਮਿਲਿਆ ਉਹ ਸੁਕਰਚੱਕੀਆ ਖ਼ਾਨਦਾਨ ਤੋਂ ਬਦਲਾ ਲੈਣ ਲਈ ਦੁਬਾਰਾ ਤਿਆਰ ਹੋ ਗਏ ਅਤੇ ਰਣਜੀਤ ਸਿੰਘ ਦੀਆਂ ਮੇਹਰਬਾਨੀਆਂ ਨੂੰ ਉਨ੍ਹਾਂ ਉੱਕਾ ਹੀ ਭੁਲਾ ਦਿੱਤਾ ।

ਇਹ ਮੌਕਾ ਇਨ੍ਹਾਂ ਨੂੰ ਇਸ ਤਰ੍ਹਾਂ ਮਿਲਿਆ ਕਿਉਂ ਜੋ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਜੰਗ ਪਿੱਛੋਂ ਮਾਰਚ 1846 ਵਿਚ ਅੰਗਰੇਜ਼ਾਂ ਦੇ ਪੈਰ ਜੰਮਣੇ ਸ਼ੁਰੂ ਹੋ ਗਏ ਸਨ । ਹੌਲੀ ਹੌਲੀ ਹਕੂਮਤ ਦਾ ਸਾਰਾ ਪ੍ਰਬੰਧ ਅੰਗਰੇਜ਼ ਰੈਜ਼ੀਡੈਂਟ ਨੇ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਲਾਹੌਰ ਦਾ 'ਸਿੱਖ ਦਰਬਾਰ' ਇਕ ਤਰ੍ਹਾਂ ਐਂਗਲ ਸਿੱਖ ਦਰਬਾਰ ਬਣਾ ਦਿੱਤਾ ਗਿਆ । ਹੁਣ ਹਰ ਇਕ ਗ਼ਰਜ਼ਮੰਦ ਦਰਬਾਰੀ ਚਾਹੇ ਉਹ ਸਿੱਖ ਸੀ ਜਾਂ ਹਿੰਦੂ ਜਾਂ ਮੁਸਲਮਾਨ ਅੰਗਰੇਜ਼ ਰੈਜ਼ੀਡੈਂਟ ਦੇ ਇਸ਼ਾਰੇ ਤੇ ਹੀ ਚਲਦਾ ਸੀ ਅਤੇ ਹਰ ਵੇਲੇ ਉਸ ਦੀ ਮਿਹਰਬਾਨੀ ਤੇ ਦਇਆ ਦਾ ਅਭਿਲਾਸ਼ੀ ਰਹਿੰਦਾ ਸੀ । ਮਹਾਰਾਜਾ ਦਲੀਪ ਸਿੰਘ ਤਾਂ ਛੋਟੀ ਉੱਮਰ ਦਾ ਬਾਲ ਸੀ ਅਤੇ ਉਸ ਦੀ ਮਾਂ ਰਾਣੀ ਜਿੰਦਾਂ ਨੂੰ ਛੇਤੀ ਹੀ ਰਾਜ ਭਾਗ ਤੋਂ ਵਖਰਿਆਂ ਕਰਕੇ ਪਹਿਲਾਂ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਅਤੇ ਉਸ ਦੇ ਪਿੱਛੋਂ ਪੰਜਾਬ ਤੋਂ ਵੀ ਬਾਹਰ ਭੇਜ ਦਿੱਤਾ ਗਿਆ ਸੀ ।

ਰੈਜ਼ੀਡੈਂਟ ਦੀ ਸਹਾਇਤਾ ਲਈ ਕੋਈ ਦੋ ਕੁ ਦਰਜਨ ਹੋਰ ਅੰਗਰੇਜ਼ ਅਫ਼ਸਰ ਨਿਯੁਕਤ ਸਨ, ਉਨ੍ਹਾਂ ਦਾ ਕੰਮ ਵਧੇਰੇ ਕਰ ਕੇ ਦੇਸ਼ ਵਿਚ ਦੌਰਾ ਕਰਨਾ ਹੁੰਦਾ ਸੀ; ਜਿਥੇ

---

1. ਵੇਖੋ ਪੰਨਾ :—ਦਫ਼ਤਰ ਰੋਇਮ—ਸੋਹਨ ਲਾਲ ਸਰ ਲੈਪਲ ਗਰੀਫ਼ਨ ਦਾ ਹਵਾਲਾ ਦੇ ਕੇ ਲਿਖਦਾ ਹੈ ਕਿ ਜਾਨ ਮੁਹੰਮਦ ਮੰਚਰ ਦੀ ਲੜਾਈ ਦੇ ਮਗਰੋਂ ਜਾਨ ਬਚਾ ਕੇ ਕਾਬਲ ਚਲਾ ਗਿਆ ਸੀ । ਅਤੇ ਸੰਨ 1796—97 ਵਿਚ ਸ਼ਾਹ ਜ਼ਮਾਨ ਦੇ ਲਸ਼ਕਰ ਨਾਲ ਆਇਆ ਸੀ ।

Original with:
Language Department Punjab
Digitized by:
Panjab Digital Library

ਉਨ੍ਹਾਂ ਨੂੰ ਚੰਗੀ ਮੰਦੀ ਸਭ ਕਿਸਮ ਦੀ ਖ਼ਲਕਤ ਨਾਲ ਮੇਲ ਜੋਲ ਅਤੇ ਦੇਸ਼ ਦੀ ਪੁਲੀਟੀਕਲ ਨਬਜ਼ ਦੀ ਚਾਲ ਪਛਾਣਨ ਦਾ ਅਵਸਰ ਮਿਲਦਾ ਰਹਿੰਦਾ ਸੀ, ਅਤੇ ਉਹ ਆਪਣੀਆਂ ਸਰਕਾਰੀ ਰਿਪੋਟਾਂ ਰੈਜ਼ੀਡੈਂਟ ਨੂੰ ਲਾਹੌਰ ਅਤੇ ਆਪਣੇ ਦਿਲ ਦੇ ਭਾਵ, ਖੁਲ੍ਹੇ ਸ਼ਬਦਾਂ ਵਿਚ ਆਪਣੇ ਮਾਂ-ਪਿਉ, ਭੈਣ ਭਰਾਵਾਂ ਨੂੰ ਵਲਾਇਤ ਲਿਖ ਦਿਆ ਕਰਦੇ ਸਨ। ਇਨ੍ਹਾਂ ਦੀਆਂ ਲਿਖਤਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਪੰਜਾਬ ਵਿਚ ਰਾਜ ਕਰਨ ਦਾ ਨਿਸ਼ਚਾ ਅੰਗਰੇਜ਼ ਠਾਨ ਚੁੱਕੇ ਸਨ, ਸਿਰਫ਼ ਸਮੇਂ ਦਾ ਟਾਲ ਮਟੋਲ ਹੋ ਰਿਹਾ ਸੀ, ਇਸ ਲਈ ਇਨ੍ਹਾਂ ਨੇ ਆਉਣ ਵਾਲੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਾ ਦਿਲ ਲੁਭਾਣ ਵਾਲਾ ਚਿੱਤਰ ਲੋਕਾਂ ਦੇ ਸਾਹਮਣੇ ਪੇਸ਼ ਕਰਨਾ ਆਰਭ ਦਿੱਤਾ ਅਤੇ ਦੂਜੇ ਪਾਸੇ ਮੁਸਲਮਾਨ ਰਈਸ ਜਿਨ੍ਹਾਂ ਨੇ 30 ਸਾਲ ਪਹਿਲਾਂ ਰਣਜੀਤ ਸਿੰਘ ਦੀ ਫ਼ੌਜੀ ਤਾਕਤ ਅੱਗੇ ਝੁਕ ਕੇ ਆਪਣੇ ਹੱਥਿਆਰ ਸੁੱਟ ਦਿੱਤੇ ਸਨ ਅਤੇ ਉਸ ਪਾਸੋਂ ਜਾਗੀਰਾਂ ਸਵੀਕਾਰ ਕਰ ਕੇ ਇਕ ਪ੍ਰਭੁਤਾਧਾਰੀ ਪੰਜਾਬ ਰਾਜ ਦੇ ਉੱਘੇ ਦਰਬਾਰੀ ਅਤੇ ਕਰਮਚਾਰੀਆਂ ਵਿਚ ਸ਼ਾਮਲ ਹੋ ਚੁੱਕੇ ਸਨ, ਦੇ ਦੱਬੇ ਹੋਏ ਜਜ਼ਬਿਆਂ ਨੂੰ ਖ਼ਾਲਸੇ ਦੇ ਵਿਰੁੱਧ ਮੁੜ ਉਕਸਾਉਣਾ ਸ਼ੁਰੂ ਕਰ ਦਿੱਤਾ। ਇਸ ਕਰ ਕੇ ਕਸੂਰ ਦੇ ਪਠਾਣ, ਰਾਮ ਨਗਰ ਤੇ ਚੱਠੇ, ਜਲਾਲਪੁਰ ਭੱਟੀ, ਝੰਗ ਦੇ ਸਿਆਲ, ਮੁਲਤਾਨ ਦੇ ਪਠਾਣ ਅਤੇ ਡੇਰਾ ਗ਼ਾਜ਼ੀ ਖ਼ਾਂ ਦੇ ਬਲੋਚ ਸਭ ਦੇ ਸਭ ਅੰਗਰੇਜ਼ ਪੁਲੀਟੀਕਲ ਅਫ਼ਸਰਾਂ ਦੇ ਦਾਉ ਪੇਚ ਵਿਚ ਆ ਗਏ। ਇਸ ਕਰ ਕੇ ਸੰਨ 1848-49 ਵਿਚ ਜਦ ਦੂਜੀ ਵਾਰ ਅੰਗਰੇਜ਼ਾਂ ਨਾਲ ਖ਼ਾਲਸੇ ਦਾ ਯੁੱਧ ਹੋਇਆ, ਇਹ ਲੋਕ ਅੰਗਰੇਜ਼ਾਂ ਨਾਲ ਜਾ ਮਿਲੇ ਤੇ ਉਨ੍ਹਾਂ ਦੀ ਵੱਧ ਚੜ੍ਹ ਕੇ ਸਹਾਇਤਾ ਕੀਤੀ। ਜ਼ਿਲ੍ਹਾ ਗੁਜਰਾਂਵਾਲੇ ਦੇ ਵੱਸਨੀਕ ਸ: ਖ਼ੁਦਾ ਬਖ਼ਸ਼ ਚੱਠਾ ਤੇ ਸ: ਰਹਿਮਤ ਖ਼ਾਂ ਭੱਟੀ ਨੇ ਇਸ ਵੇਲੇ ਅੰਗਰੇਜ਼ਾਂ ਦੀ ਜੋ ਸਹਾਇਤਾ ਕੀਤੀ ਉਸ ਦੀ ਹਕੀਕਤ ਜਾਂ ਵਿਸ਼ੇਸ਼ਤਾ ਬਾਰੇ ਖ਼ਾਲਸਾ ਇਤਿਹਾਸ ਦੇ ਆਮ ਪਾਠਕਾਂ ਨੂੰ ਪਤਾ ਨਹੀਂ। ਰਾਮ ਨਗਰ (ਰਸੂਲ ਨਗਰ) ਦੀ ਲੜਾਈ ਜੋ 22 ਨਵੰਬਰ 1848 ਵਿਚ ਹੋਈ ਸੀ ਇਸ ਜੰਗ ਦਾ ਪਹਿਲਾ ਮਾਰਕਾ ਸੀ, ਭਾਵੇਂ ਇਹ ਛੋਟਾ ਜਿਹਾ ਸੀ ਪਰ ਅੰਗਰੇਜ਼ਾਂ ਦਾ ਕਮਾਂਡਰ-ਇਨ-ਚੀਫ਼ ਇਸ ਨਿੱਕੇ ਜਿਹੇ ਫ਼ੌਜੀ ਦਸਤੇ ਦੀ ਆਪ ਕਮਾਂਡ ਕਰ ਰਿਹਾ ਸੀ। ਇਸ ਵਿਚ ਅੰਗਰੇਜ਼ਾਂ ਨੂੰ ਕਾਫ਼ੀ ਨੁਕਸਾਨ ਪੁੱਜਾ, ਦੋ ਉੱਘੇ ਅੰਗਰੇਜ਼ ਜਰਨੈਲ ਮਾਰੇ ਗਏ ਅਤੇ ਇਕ ਤੋਪ ਤੇ ਬਰੂਦ ਦੀਆਂ ਭਰੀਆਂ ਗੱਡੀਆਂ ਅੰਗਰੇਜ਼ ਫ਼ੌਜ ਉਥੇ ਛੱਡ ਗਈ ਜੋ ਮਗਰੋਂ ਖ਼ਾਲਸੇ ਦੇ ਹੱਥ ਲੱਗੀਆਂ। ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਕਮਾਂਡਰ-ਇਨ-ਚੀਫ਼ ਲਾਰਡ ਗਫ਼ ਨੂੰ ਅੰਗਰੇਜ਼ੀ ਫ਼ੌਜ ਦੀ ਇੱਜ਼ਤ ਨੂੰ ਵੱਟਾ ਲਗਾਉਣ ਵਾਲੀ ਇਸ ਹਰਕਤ ਬਦਲੇ ਵਧੇਰੇ ਝਾੜ ਝੰਬ ਕੀਤੀ, ਜਿਸ ਨਾਲ ਖ਼ਾਲਸੇ ਦੇ ਹੌਂਸਲੇ ਹੋਰ ਵੀ ਵੱਧ ਗਏ।

ਇਸ ਬਹਿਸ ਵਿਚ ਨਾ ਪੈਂਦੇ ਹੋਏ ਕਿ ਖ਼ਾਲਸਾ ਫ਼ੌਜ ਦੂਜੀ ਜੰਗ ਕਿਉਂ ਹਾਰ ਗਈ ਜਾਂ ਇਸ ਹਾਰ ਦੇ ਕੀ ਕਾਰਣ ਸਨ, ਅਸੀਂ ਇਤਨਾ ਜ਼ਰੂਰ ਕਹਿ ਸਕਦੇ ਹਾਂ ਕਿ ਜੋ ਪੁਜ਼ੀਸ਼ਨ ਖ਼ਾਲਸਾ ਫ਼ੌਜ ਨੇ ਰਾਮ ਨਗਰ ਦੇ ਸਾਹਮਣੇ ਇਸ ਵਕਤ ਲੈ ਰੱਖੀ ਸੀ ਉਹ ਫ਼ੌਜੀ

Original with:
Language Department Punjab
Digitized by:
Panjab Digital Library

ਦ੍ਰਿਸ਼ਟੀਕੋਣ ਤੋਂ ਇਕ ਚੋਣਵੀਂ ਪੁਜ਼ੀਸ਼ਨ ਸੀ ਤੇ ਜੇ ਕਰ ਇਸ ਮੌਕੇ ਤੇ ਚੱਠੇ ਤੇ ਭੱਟੀ ਸਰਦਾਰ ਗ਼ਦਾਰੀ ਨਾ ਕਰਦੇ ਤਾਂ ਸ਼ਾਇਦ ਚੇਲੀਆਂ ਵਾਲੇ ਦੀ ਥਾਂ ਨਿਬੜਵਾਂ ਜੰਗ ਇਥੇ ਹੀ ਹੋ ਜਾਣਾ ਸੀ।

ਲੜਾਈ ਦਾ ਇਹ ਸਥਾਨ (ਕੱਸਬਾ ਰਾਮ ਨਗਰ) ਦਰਿਆ ਚਨਾਬ ਦੇ ਖੱਬੇ ਕੰਢੇ ਤੇ ਸਥਿਤ ਹੈ। ਖ਼ਾਲਸੇ ਨੇ ਕੁਝ ਸੁਰੱਖਿਅਤ ਫ਼ੌਜ ਏਥੇ ਛੱਡ ਰੱਖੀ ਸੀ ਅਤੇ ਬਾਕੀ ਸਾਰੀ ਫ਼ੌਜ ਦਰਿਆ ਦੇ ਪਾਰ ਅਰਥਾਤ ਸੱਜੇ ਕੰਢੇ ਡੇਰਾ ਲਾਈ ਪਈ ਸੀ। ਇਥੇ ਦਰਿਆ ਚਨਾਬ ਦਾ ਮੋੜ ਹੈ ਅਤੇ ਚਨਾਬ ਤੇ ਜਿਹਲਮ ਦਾ ਦੁਆਬਾ ਇਥੇ ਹੀ ਘੱਟ ਤੋਂ ਘੱਟ ਚੋੜਾ ਹੈ। ਇਸ ਇਲਾਕੇ ਦੀ ਧਰਤੀ ਬੜੀ ਉਪਜਾਊ ਹੈ ਅਤੇ ਅਨਾਜ ਤੇ ਚਾਰਾ ਵੀ ਸੌਖਾ ਮਿਲ ਜਾਂਦਾ ਹੈ। ਇਸ ਸਮੇਂ ਦਾ ਤਿਜਾਰਤੀ ਤੇ ਫ਼ੌਜੀ ਸ਼ਾਹਰਾਹ ਵੀ ਇਹੋ ਹੀ ਸਮਝਿਆ ਜਾਂਦਾ ਸੀ। ਲਾਹੌਰੋਂ ਪਿਸ਼ਾਵਰ ਨੂੰ ਆਉਣ ਜਾਣ ਵਾਲੀਆਂ ਫ਼ੌਜਾਂ ਇਸੇ ਰਾਹ ਤੇ ਆਇਆ ਕਰਦੀਆਂ ਸਨ ਅਤੇ ਰਾਮ ਨਗਰ ਦੇ ਪੱਤਣ ਤੋਂ ਹੀ ਦਰਿਆ ਪਾਰ ਕਰਦੀਆਂ ਸਨ। ਇਥੋਂ ਸ਼ੇਰ ਸਿੰਘ ਜੋ ਇਸ ਵੇਲੇ ਖ਼ਾਲਸਾ ਫ਼ੌਜ ਦੀ ਅਗਵਾਈ ਕਰ ਰਿਹਾ ਸੀ, ਖ਼ਾਲਸਾ ਫ਼ੌਜ ਦੇ ਦੂਜੇ ਭਾਗ ਨਾਲ ਜੋ ਉਸ ਦੇ ਪਿਤਾ ਸ: ਚਤਰ ਸਿੰਘ ਦੀ ਕਮਾਨ ਹੇਠ ਅੱਟਕ ਨੇੜੇ ਇਸ ਵਕਤ ਡੱਟਿਆ ਹੋਇਆ ਸੀ, ਸਹਿਜੇ ਹੀ ਤਾਲ ਮੇਲ ਰੱਖ ਸਕਦਾ ਸੀ। ਨਾਲ ਹੀ ਸ਼ੇਰ ਸਿੰਘ ਉਸ ਅੰਗਰੇਜ਼ੀ ਫ਼ੌਜ ਨੂੰ ਜਿਹੜੀ ਫੀਰੋਜ਼ਪੁਰ ਅਤੇ ਲਾਹੌਰ ਤੋਂ ਉਸ ਦੇ ਮੁਕਾਬਲੇ ਤੇ ਆਉਣੀ ਸੀ, ਸਹਿਜੇ ਹੀ ਦਰਿਆ ਪਾਰ ਕਰਨ ਤੋਂ ਰੋਕ ਸਕਦਾ ਸੀ। ਇਸ ਮਤਲੱਬ ਲਈ ਉਸ ਨੇ ਨੇੜੇ ਤੇੜੇ ਦੇ ਸਭ ਪੱਤਣਾਂ ਦੀਆਂ ਕਿੱਸ਼ਤੀਆਂ ਆਪਣੇ ਕੈਂਪ ਦੇ ਲਾਗੇ ਮੰਗਵਾ ਰੱਖੀਆਂ ਸਨ। ਮੁੱਕਦੀ ਗੱਲ ਇਹ ਹੈ ਕਿ ਸ਼ੇਰ ਸਿੰਘ ਨੇ ਆਪਣੇ ਵੱਲੋਂ ਫ਼ਤਿਹ ਹਾਸਲ ਕਰਨ ਲਈ ਸਾਰੇ ਪ੍ਰਬੰਧ ਕਰ ਰੱਖੇ ਸਨ। ਪਰ ਇਕ ਗੱਲ ਉਸ ਦੇ ਧਿਆਨ ਗੋਚਰੇ ਹੋਣੋਂ ਰਹਿ ਗਈ ਮਲੂਮ ਹੁੰਦੀ ਹੈ ਅਤੇ ਇਸੇ ਨੇ ਹੀ ਆਖ਼ਰ ਕੰਮ ਖ਼ਰਾਬ ਕੀਤਾ ਸੀ। ਉਹ ਇਹ ਕਿ ਉਸ ਦੇ ਆਪਣੇ ਹੀ ਕੈਂਪ ਵਿਚ ਗ਼ਦਾਰ ਮੌਜੂਦ ਸਨ ਜੋ ਅੰਗਰੇਜ਼ਾਂ ਨਾਲ ਹਰ ਵਕਤ ਮਿਲਵਰਤੋਂ ਕਰਨ ਲਈ ਤਿਆਰ ਸਨ। ਉਹ ਸਨ ਚੱਠੇ, ਚੀਮੇਂ ਭੱਟੀ ਆਦਿ ਜੰਗਜੂ ਕਬੀਲਿਆਂ ਦੇ ਸਿਪਾਹੀ, ਜੋ ਖ਼ਾਲਸਾ ਫ਼ੌਜ ਵਿਚ ਕੋਈ 30–40 ਸਾਲਾਂ ਤੋਂ ਭਰਤੀ ਹੋ ਰਹੇ ਸਨ।

ਚਨਾਬ ਦੇ ਕੰਢੇ ਕੰਢੇ ਅਤੇ ਰਾਮ ਨਗਰ ਦੇ ਨੇੜੇ ਤੇੜੇ ਸਾਰਾ ਇਲਾਕਾ 60 ਕੁ ਸਾਲ ਪਹਿਲਾਂ ਚੱਠਿਆਂ ਦੀ ਰਿਆਸਤ ਸੀ। ਚੱਠੇ ਸਰਦਾਰਾਂ ਦਾ ਇਸ ਇਲਾਕੇ ਦੇ ਲੋਕਾਂ ਉਪਰ ਚੰਗਾ ਅਸਰ ਰਸੂਖ਼ ਸੀ। ਅੰਗਰੇਜ਼ ਇਸ ਗੱਲ ਨੂੰ ਚੰਗੀ ਤਰ੍ਹਾਂ ਭਾਂਪ ਗਏ ਅਤੇ ਕਪਤਾਨ ਨਿਕਲਸਨ ਤੇ ਮੇਜਰ ਕਾਕਸ ਆਦਿ ਜੋ ਪੁਲੀਟੀਕਲ ਅਫ਼ਸਰ ਵੱਜੋਂ ਇਸ ਇਲਾਕੇ ਵਿਚ ਕੰਮ ਕਰ ਰਹੇ ਸਨ, ਇਨ੍ਹਾਂ ਨੇ ਚੱਠਿਆਂ ਨਾਲ ਅੰਦਰੋਂ ਅੰਦਰ ਗੰਢ ਤਰੁਪ ਅਰੰਭ ਦਿੱਤੀ ਤੇ ਰਾਮ ਨਗਰ ਦੇ ਮਾਰਕੇ ਦੇ ਇਕ ਸਾਤੇ ਪਿੱਛੋਂ ਜਦੋਂ ਅੰਗਰੇਜ਼ ਫ਼ੌਜ ਦਾ ਇਕ ਬੜਾ ਦਸਤਾ ਜਰਨੈਲ ਥੀਉਕੋਲ ਦੀ ਸਰਕਰਦਗੀ ਵਿਚ ਦਰਿਆ ਪਾਰ ਕਰ ਕੇ

Original with:
Language Department Punjab
Digitized by:
Panjab Digital Library

ਸਬਦੁਲਾਪੁਰ ਦੇ ਪਾਸ ਸ਼ੇਰ ਸਿੰਘ ਦੀ ਫ਼ੌਜ ਉਪਰ ਹਮਲਾ ਕਰਨ ਲਈ ਪੁੱਜਿਆ। ਉਨ੍ਹਾਂ ਨੂੰ ਮਦਦ ਹੀ ਮਦਦ ਪਹੁੰਚਣੀ ਸ਼ੁਰੂ ਹੋ ਗਈ। ਸ: ਖ਼ੁਦਾ ਚੱਠਾ ਆਪਣੇ ਸਵਾਰਾਂ ਸਮੇਤ ਸ਼ੇਰ ਸਿੰਘ ਦਾ ਸਾਥ ਛੱਡ ਕੇ ਅੰਗਰੇਜ਼ੀ ਕਮਾਨ ਅਫ਼ਸਰ ਨਾਲ ਜਾ ਮਿਲਿਆ। ਖ਼ਾਲਸਾ ਫ਼ੌਜ ਦੇ ਸਾਰੇ ਭੇਦ, ਜੋ ਉਨ੍ਹਾਂ ਨੂੰ ਪਤਾ ਸਨ, ਵੈਰੀ ਨੂੰ ਜਾ ਕੇ ਦੱਸ ਦਿੱਤੇ। ਇਸ ਤੋਂ ਛੁੱਟ ਚੱਠਾ ਸਰਦਾਰ, ਖ਼ੁਦਾ ਬਖ਼ਸ਼ ਨੇ ਰਾਮ ਨਗਰ ਦੇ ਮਲਾਹਾਂ ਨਾਲ ਵੀ ਸਾਜ਼ਬਾਜ਼ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਸਮਝਾਉਣ ਤੇ ਸਭ ਮਲਾਹਾਂ ਨੇ ਅੰਗਰੇਜ਼ੀ ਕਮਾਨ ਅਫ਼ਸਰ ਨੂੰ ਬਚਨ ਦੇ ਦਿੱਤਾ ਕਿ ਜੰਗ ਦੀ ਪਹਿਲੀ ਗੋਲੀ ਚਲਦੇ ਸਾਰ ਉਹ ਆਪਣੀਆਂ ਕਿਸ਼ਤੀਆਂ ਲਿਆ ਕੇ ਅੰਗਰੇਜ਼ੀ ਫ਼ੌਜ ਦੇ ਹਵਾਲੇ ਕਰ ਦੇਣਗੇ। ਚੱਠਿਆਂ ਨੂੰ ਵੇਖ ਕੇ ਭੱਟੀ ਸਰਦਾਰ ਹਸ਼ਮਤ ਖ਼ਾਂ ਨੇ ਵੀ ਅੰਗਰੇਜ਼ਾਂ ਦੀ ਸ਼ੁਭਇੱਛਾ ਹਾਸਲ ਕਰਨ ਲਈ, ਅਜਿਹਾ ਹੀ ਰਵੱਈਆ ਅਪਣਾ ਲਿਆ। ਅੰਗਰੇਜ਼ਾਂ ਨਾਲ ਮਿਲਣ ਦੀ ਬੀਮਾਰੀ ਦਿਨੋਂ ਦਿਨ ਵੱਧਦੀ ਦੇਖ ਕੇ ਸ਼ੇਰ ਸਿੰਘ ਅਜਿਹੀ ਸੁਰੱਖਿਅਤ ਜਗ੍ਹਾ ਤੋਂ ਡੇਰਾ ਚੁਕ ਲੈ ਜਾਣ ਤੇ ਮਜਬੂਰ ਹੋ ਗਿਆ। ਖ਼ੁਦਾ ਬਖ਼ਸ਼ ਚੱਠੇ ਨੂੰ ਬਾਰਾਂ ਹਜ਼ਾਰ ਰੁਪਿਆ ਸਾਲਾਨਾ ਦੀ ਜਾਗੀਰ ਮਹਾਰਾਜਾ ਰਣਜੀਤ ਸਿੰਘ ਨੇ ਫ਼ੌਜੀ ਸੇਵਾ ਦੇ ਬਦਲੇ ਬਖ਼ਸ਼ ਰੱਖੀ ਸੀ ਅਤੇ ਇਹ ਚਾਲ੍ਹੀ ਕੁ ਸਾਲ ਇਸ ਜਾਗੀਰ ਨੂੰ ਖਾਂਦਾ ਰਿਹਾ। ਪਰ ਆਖ਼ਰ ਉਹ ਅੱਗ ਜੋ ਖ਼ਾਲਸੇ ਦੇ ਵਿਰੁੱਧ ਉਸ ਦੇ ਤੇ ਦੂਜੇ ਚੱਠਿਆਂ ਦੇ ਸੀਨੇ ਵਿਚ ਮੱਘ ਰਹੀ ਸੀ, ਹੁਣ ਭੜਕ ਉਠੀ ਤੇ ਇਸ ਅੱਗ ਨੇ ਮਹਾਰਾਜੇ ਦੇ ਖਾਧੇ ਹੋਏ ਨਿਮਕ ਨੂੰ ਭੁਲਾ ਦਿੱਤਾ। ਆਖ਼ਰ ਮਾਰਚ 1849 ਵਿਚ ਖ਼ਾਲਸਾ ਰਾਜ ਪੰਜਾਬ ਵਿਚ ਖ਼ਤਮ ਹੋ ਗਿਆ ਤੇ ਚੱਠਿਆਂ ਦੀ ਬਦਲਾ ਲੈਣ ਦੀ ਭਾਵਨਾ ਪੂਰੀ ਹੋ ਗਈ। ਭਾਵੇਂ ਇਨ੍ਹਾਂ ਨੂੰ ਆਪਣੀ ਖੁਸੀ ਹੋਈ ਸੁਤੰਤਰਤਾ ਤਾਂ ਵਾਪਸ ਨਾ ਮਿਲੀ ਪਰ ਇਸ ਸੇਵਾ ਦੇ ਬਦਲੇ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਚੱਠਿਆਂ ਦੇ ਪੁਰਾਣੇ ਪਿੰਡਾਂ ਦੀ ਜ਼ਮੀਨ ਦੀ ਮਾਲਕੀ ਬਖ਼ਸ਼ ਦਿੱਤੀ ਅਤੇ ਮਾਲ ਦੇ ਕਾਗਜ਼ਾਂ ਵਿਚ ਅਤੇ ਮਾਲਕੀ ਦੇ ਕਾਗਜ਼ਾਂ ਵਿਚ ਉਨ੍ਹਾਂ ਦੇ ਨਾਂ ਲਿਖ ਦਿੱਤੇ ਅਤੇ ਉਨ੍ਹਾਂ ਵਿਚੋਂ ਸਿਰਕੱਢ ਸਰਦਾਰਾਂ ਨੂੰ ਆਪਣੇ ਰਾਜ ਦਰਬਾਰ ਵਿਚ ਇੱਜ਼ਤ ਤੇ ਮਾਣ ਬਖ਼ਸ਼ਿਆ। ਇਸ ਤਰ੍ਹਾਂ ਮੁੜ ਕੇ ਚੱਠਿਆਂ ਦੀ ਆਪਣੇ ਇਲਾਕੇ ਵਿਚ ਥੋੜ੍ਹੀ ਬਹੁਤ ਮਾਨ ਮਰਿਆਦਾ ਸਥਾਪਤ ਹੋ ਗਈ।

**ਕਵੀ ਪੀਰ ਮੁਹੰਮਦ ਬਾਰੇ** :—ਇਸ 'ਵਾਰ' ਦਾ ਕਰਤਾ ਕਵੀ ਪੀਰ ਮੁਹੰਮਦ ਹੈ। ਉਸ ਨੇ ਆਪਣਾ ਨਾਂ ਦੋ ਤਿੰਨ ਵੇਰ ਇਸ ਰਚਨਾ ਵਿਚ ਲਿਖਿਆ ਹੈ। ਪਰ ਇਸ ਤੋਂ ਬਿਨਾਂ ਮੀਆਂ ਪੀਰ ਮੁਹੰਮਦ ਨੇ ਆਪਣੀ ਜ਼ਾਤ ਬਾਰੇ ਆਪਣੀ ਲਿਖਤ ਵਿਚ ਕੁਝ ਨਹੀਂ ਦੱਸਿਆ, ਨਾ ਹੀ ਉਸ ਨੇ ਇਹ ਦੱਸਿਆ ਕਿ ਉਹ ਕਿਸ ਪਿੰਡ ਜਾਂ ਕੱਸਬੇ ਦਾ ਵੱਸਨੀਕ ਸੀ ਜਾਂ ਉਸ ਨੇ ਬਾਲ ਅਵੱਸਥਾ ਕਿੱਥੇ ਗੁਜ਼ਾਰੀ। ਉਸ ਦੇ ਮਾਤਾ ਪਿਤਾ ਦਾ ਕੀ ਨਾਂ ਸੀ, ਉਨ੍ਹਾਂ ਦੇ ਘਰ ਦੀ ਗੁਜ਼ਰਾਨ ਕਿਵੇਂ ਹੁੰਦੀ ਸੀ, ਉਸ ਨੇ ਵਿਦਿਆ ਕਿਸ ਸਕੂਲ ਜਾਂ ਮੌਲਵੀ ਪਾਸੋਂ ਪ੍ਰਾਪਤ ਕੀਤੀ। ਉਸ ਨੂੰ ਕਵਿਤਾ ਲਿਖਣ ਦਾ ਸ਼ੌਕ ਕਿਸ ਤਰ੍ਹਾਂ ਪੈਦਾ ਹੋਇਆ। ਉਸ ਦੀਆਂ ਕੁਝ ਹੋਰ ਵੀ ਕਵਿਤਾਵਾਂ ਹਨ ਜਾਂ ਨਹੀਂ। ਪਰ ਸਾਨੂੰ ਅਜੇ ਤਕ

Original with:
Language Department Punjab
Digitized by:
Panjab Digital Library

ਪੀਰ ਮੁਹੰਮਦ ਦੀ ਦੂਸਰੀ ਕੋਈ ਕਵਿਤਾ ਹੱਥ ਨਹੀਂ ਲੱਗੀ ।

**ਕਵੀ ਕਿੱਥੋਂ ਦਾ ਰਹਿਣ ਵਾਲਾ ਸੀ :**—ਕਵਿਤਾ ਦੇ ਅੰਦਰ ਦੀ ਗਵਾਹੀ ਤੋਂ ਇਤਨਾ ਜਾਨਣਾ ਤਾਂ ਜ਼ਰੂਰ ਪੈਂਦਾ ਹੈ ਕਿ ਮੀਆਂ ਪੀਰ ਮੁਹੰਮਦ ਗੁਜਰਾਤ ਦਾ ਵੱਸਨੀਕ ਸੀ ਉਹ ਇਸ ਤਰ੍ਹਾਂ ਕਿ :—

(1) ਬੰਦ ਨੰ: 5 ਵਿਚ ਦੱਸਿਆ ਗਿਆ ਹੈ ਕਿ ਰਹਿਮਤ ਖਾਂ ਭੱਟੀ ਨੇ ਗੁੱਜਰ ਸਿੰਘ ਭੰਗੀ ਨੂੰ ਸੱਦ ਘੱਲਿਆ ਕਿ ਆਓ ਦੋਵੇਂ ਮਿਲ ਕੇ ਸੁਲਤਾਨ ਮੁਕਰਬ ਖ਼ਾਂ ਨੂੰ ਗੁਜਰਾਤ ਤੋਂ ਕੱਢ ਦੇਈਏ ਅਤੇ ਉਸ ਦਾ ਮਾਲ ਮਤਾਅ ਸਭ ਲੁੱਟ ਲਈਏ, ਗੁੱਜਰ ਸਿਘ ਮੰਨ ਗਿਆ, ਰਹਿਮਤ ਖਾਂ ਆਪਣੇ ਹੈਡ ਕੁਆਰਟਰ ਪਿੰਡੀ ਭੱਟੀਆਂ ਦੇ ਨੇੜੇ ਜਲਾਲਪੁਰ ਤੋਂ ਚੱਲ ਪਿਆ ਅਤੇ ਸ: ਗੁਜਰ ਸਿੰਘ ਨੇ ਲਾਹੌਰੋਂ ਕੂਚ ਕਰ ਦਿੱਤਾ । ਗੁਜਰਾਤ ਪਹੁੰਚਣ ਲਈ ਦੋਵਾਂ ਨੇ ਦਰਿਆ ਚਨਾਬ ਨੂੰ ਪਾਰ ਕਰਨਾ ਸੀ । ਨੇੜੇ ਦਾ ਵੱਡਾ ਪੱਤਣ ਜਿਥੇ ਬਹੁਤ ਕਿਸ਼ਤੀਆਂ ਮਿਲ ਸਕਦੀਆਂ ਸਨ ਕੱਸਬਾ ਵਜ਼ੀਰਾਬਾਦ ਵਾਲਾ ਪੱਤਣ ਸੀ । ਇਥੋਂ ਦਾ ਹਾਕਮ ਚੌਧਰੀ ਮਹਾਰਾਜ ਸਿੰਘ ਇਨ੍ਹਾਂ ਦੀ ਸਹਾਇਤਾ ਲਈ ਤਿਆਰ ਸੀ । ਜਿਸ ਢੰਗ ਨਾਲ ਇਹ ਗੱਲ ਕਵਿਤਾ ਦੇ ਬੰਦ ਨੰ: 6 ਵਿਚ ਦੱਸੀ ਗਈ ਹੈ ਅਤੇ "ਪਾਰ ਤੇ ਉਰਾਰ" ਦੇ ਦੋ ਸ਼ਬਦ ਦਰਿਆ ਚਨਾਬ ਦੇ ਸਬੰਧ ਵਿਚ ਵਰਤੇ ਗਏ ਹਨ, ਇਨ੍ਹਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਦੇ ਬਿਆਨਣ ਵਾਲਾ ਆਦਮੀ ਆਪ ਗੁਜਰਾਤ ਵਿਚ ਵੱਸਦਾ ਸੀ ।

**ਤੇ ਚੜ੍ਹਿਆ ਗੁੱਜਰ ਸਿੰਘ ਵੀ, ਚੜ੍ਹ ਪਾਰੋਂ ਧਾਏ ।**
**ਤੇ ਚੌਧਰੀ ਮਹਾਰਾਜ ਨੇ ਉਰਾਰ ਲੰਘਾਏ[1] ।**

(2) ਇਸੇ ਤਰ੍ਹਾਂ ਬੰਦ ਨੰ: 75 ਤੁਕ ਚੌਥੀ ਵਿਚੋਂ ਵੀ ਇਹੋ ਜਿਹੀ ਝਲਕ ਨਜ਼ਰੀਂ ਪੈਂਦੀ ਹੈ । ਉਥੇ ਕਵੀ ਨੇ ਕਿਹਾ ਹੈ :

**"ਗਾਫ਼ਲ ਮੂਲ ਨਾ ਜਾਣਦੇ,ਮਤ ਪਵਣ ਫਰੰਗੀ ।"**

ਜਿਸ ਘਟਨਾ ਵੱਲ ਕਵੀ ਇਸ ਤੁੱਕ ਵਿਚ ਇਸ਼ਾਰਾ ਕਰਦਾ ਹੈ ਉਹ ਇਸ ਤਰ੍ਹਾਂ ਵਾਪਰੀ । ਚੇਲਿਆਂ ਮੌਜ਼ਿਆਂ ਦੀ ਜੰਗ 13 ਜਨਵਰੀ 1849 ਤੋਂ ਮਗਰੋਂ ਖਾਲਸੇ ਨੇ ਮੌਂਗ ਰਸੂਲ ਤੋਂ ਆਪਣੀਆਂ ਫ਼ੌਜਾਂ ਹਟਾ ਲਈਆਂ । ਇਨ੍ਹਾਂ ਦਾ ਇਰਾਦਾ ਭਾਵੇਂ ਲਾਹੌਰ ਵੱਲ ਜਾਣ ਦਾ ਸੀ, ਪਰ ਇਨ੍ਹਾਂ ਲਈ ਦਰਿਆ ਚਨਾਬ ਨੂੰ ਪਾਰ ਕਰਨਾ ਔਖਾ ਹੋ ਗਿਆ । ਇਕ ਤਾਂ ਸੜਕਾਂ ਜਿਨ੍ਹਾਂ ਵਿਚ ਪਹਿਲਾਂ ਹੀ ਟੋਏ ਟਿੱਬੇ ਬਹੁਤ ਸਨ, ਹੁਣ ਜ਼ਿਆਦਾ ਮੀਂਹ ਦੇ ਕਾਰਣ ਫਿਸਲਵੀਆਂ ਹੋ ਗਈਆਂ ਅਤੇ ਫ਼ੌਜਾਂ ਦੀ ਆਵਾਜਾਈ ਵਿਚ ਸਮਾਂ ਵਧੇਰੇ ਲੱਗਣ ਲੱਗਾ । ਦੂਜੇ ਮੀਂਹ ਦੇ ਕਾਰਣ ਹੀ ਦਰਿਆ ਦੇ ਲਾਂਘੇ ਇਸ ਵੇਲੇ ਭਰ ਭਰ ਕੇ ਵੱਗ ਰਹੇ ਸਨ ਇਨ੍ਹਾਂ ਨੂੰ ਪੈਦਲ ਪਾਰ ਕਰਨਾ ਅਸੰਭਵ ਹੋ ਗਿਆ ।

(3) ਅੰਗਰੇਜ਼ਾਂ ਦੇ ਪੁਲੀਟੀਕਲ ਅਫ਼ਸਰਾਂ ਨੇ ਦੂਰ ਅੰਦੇਸ਼ੀ ਤੋਂ ਕੰਮ ਲਿਆ ਤੇ ਰਾਮ

1. ਕਵੀ ਨੇ ਦੋਵੇਂ ਸ਼ਬਦ 'ਧਾਏ' ਤੇ 'ਲੰਘਾਏ' ਬਹੁਵਚਨ ਵਰਤੇ ਹਨ ਕਿਉਂਜੋ ਭਾਵ ਰਹਿਮਤ ਖਾਂ ਤੇ ਗੁੱਜਰ ਸਿੰਘ ਦੋਵਾਂ ਤੋਂ ਹੈ ।

*Original with:*
Language Department Punjab
*Digitized by:*
Panjab Digital Library

ਨਗਰ, ਵਜ਼ੀਰਾਬਾਦ, ਸੋਧਰਾ ਕਲੋਵਾਲ ਆਦਿ ਦੇ ਸਾਰੇ ਪੱਤਣਾਂ ਤੇ ਕਰੜਾ ਪਹਿਰਾ ਲਾ ਦਿੱਤਾ। ਸੋ ਲਾਹੌਰ ਵਾਲਾ ਰਾਹ ਇਸ ਤਰ੍ਹਾਂ ਬੰਦ ਵੇਖਕੇ ਖ਼ਾਲਸਾ ਫ਼ੌਜ ਨੇ ਗੁਜਰਾਤ ਵੱਲ ਚਾਲੇ ਪਾ ਦਿੱਤੇ। ਉਥੇ ਜਾ ਕੇ ਸ਼ਹਿਰ ਤੋਂ ਬਾਹਰ ਇਕ ਖੁਲ੍ਹੇ ਮੈਦਾਨ ਵਿਚ 12 ਫ਼ਰਵਰੀ ਨੂੰ ਮੋਰਚੇ ਗੱਡ ਦਿੱਤੇ। ਝੱਟ ਉਨ੍ਹਾਂ ਦੇ ਮਗਰੇਂ ਅੰਗਰੇਜ਼ੀ ਫ਼ੌਜ ਵੀ ਆਣ ਪੁਜੀ ਅਤੇ ਖ਼ਾਲਸੇ ਤੋਂ 6 ਮੀਲ ਦੀ ਵਿੱਥ ਤੇ 17 ਫ਼ਰਵਰੀ ਨੂੰ ਆਪਣੇ ਝੰਡੇ ਗੱਡ ਦਿੱਤੇ ਅਤੇ 20 ਫਰਵਰੀ, ਨੂੰ ਆਪਣਾ ਪੂਰਾ ਜ਼ੋਰ ਲਾ ਕੇ ਖ਼ਾਲਸੇ ਉਪਰ ਧਾਵਾ ਬੋਲ ਦਿੱਤਾ। ਕਵੀ ਨੇ ਇਸ ਨੂੰ ਫਰੰਗੀ ਦਾ ਖ਼ਾਲਸੇ ਉਪਰ 'ਪੌਣਾ' ਕਰਕੇ ਕਿਹਾ ਹੈ। ਸ਼ਬਦ 'ਪੌਣਾ' ਪੈ ਜਾਣਾ ਜਾਂ ਝੱਪਟ ਮਾਰਨਾ ਇਕੋ ਹੀ ਅਰਥਾਂ ਵਿਚ ਵਰਤੇ ਜਾਂਦੇ ਹਨ। ਜੇ ਕਰ ਗਹੁ ਨਾਲ ਵੇਖਿਆ ਜਾਵੇ ਤਾਂ ਇਸ ਦਰਿਸ਼ ਨੂੰ ਬਿਆਨ ਕਰਦੇ ਹੋਏ ਇਹ ਸ਼ਬਦ ਸਿਰਫ਼ ਉਹੀ ਆਦਮੀ ਵਰਤ ਸਕਦਾ ਹੈ ਜਿਸ ਨੇ ਵਾਪਰੀ ਘਟਨਾ ਨੂੰ ਅੱਖੀਂ ਵੇਖਿਆ ਹੋਵੇ ਜਾਂ ਘਟਨਾ ਵਾਪਰਨ ਵਾਲੀ ਥਾਂ ਦੇ ਕਿੱਧਰੇ ਨੇੜੇ ਤੇੜੇ ਹੋਵੇ। ਇਸ ਤੋਂ ਵੀ ਇਹੋ ਅਨੁਮਾਨ ਲਗਦਾ ਹੈ ਕਿ ਕਵੀ ਗੁਜਰਾਤ ਦਾ ਵੱਸਨੀਕ ਹੋਵੇਗਾ ਅਤੇ ਗੁਜਰਾਤ ਦੀ ਜੰਗ ਵੇਲੇ ਵਧੇਰੇ ਸਿਵਲ ਵੱਸੋਂ ਵਾਂਗ ਕਿੱਧਰੇ ਨਜ਼ਦੀਕ ਖੜ੍ਹਾ ਹੀ ਤਮਾਸ਼ਾ ਵੇਖ ਰਿਹਾ ਹੋਵੇਗਾ।

ਇਸ ਤੋਂ ਛੁਟ ਦੋ ਚਾਰ ਸ਼ਬਦ ਵੀ ਕਵੀ ਨੇ ਆਪਣੀ ਰਚਨਾ ਵਿਚ ਅਜਿਹੇ ਵਰਤੇ ਹਨ ਜਿਹੜੇ ਬਹੁਤ ਕਰਕੇ ਗੁਜਰਾਤ ਦੇ ਵੱਸਨੀਕਾਂ ਦੀ ਜ਼ਬਾਨ ਤੇ ਚੜ੍ਹੇ ਹੁੰਦੇ ਹਨ। ਇਸ ਲਈ ਅਸੀਂ ਇਸੇ ਨਤੀਜੇ ਤੇ ਪਹੁੰਚਦੇ ਹਾਂ ਕਿ ਮੀਆਂ ਪੀਰ ਮੁਹੰਮਦ ਗੁਜਰਾਤ ਦਾ ਵੱਸਨੀਕ ਸੀ।

**ਉਹ ਸਮਾਜ ਦੀ ਕਿਸ ਸ਼੍ਰੇਣੀ ਨਾਲ ਸਬੰਧ ਰਖਦਾ ਸੀ** :—ਇਸ ਕਵਿਤਾ ਦੇ ਦੋ ਚਾਰ ਬੰਦਾਂ ਤੋਂ ਇਸ ਗੱਲ ਦੀ ਝਲਕ ਵੀ ਪੈਂਦੀ ਹੈ ਕਿ ਸਮਾਜਕ ਤੌਰ ਤੇ ਪੀਰ ਮੁਹੰਮਦ ਸਮਾਜ ਦੀ ਕਿਸ ਸ਼੍ਰੇਣੀ ਨਾਲ ਸਬੰਧ ਰਖਦਾ ਸੀ। ਇਨ੍ਹਾਂ ਤੁਕਾਂ ਨੂੰ ਗਹੁ ਨਾਲ ਪੜ੍ਹਨ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਪੀਰ ਮੁਹੰਮਦ ਦਾ ਜੰਮ ਪਲ ਕਿਸੇ ਅਜਿਹੇ ਘਰਾਣੇ ਵਿਚ ਨਹੀਂ ਸੀ ਹੋਇਆ ਜਿਥੇ ਘਰ ਵਾਲਿਆਂ ਦੀ ਸੇਵਾ ਕਰਨ ਲਈ ਨੌਕਰ ਚਾਕਰ ਹੋਣ ਅਤੇ ਹੋਰ ਐਸ਼ ਆਰਾਮ ਦੇ ਸਮਾਨ ਪ੍ਰਾਪਤ ਹੋਣ। ਕਿਉਂਕਿ ਅਜਿਹੇ ਵਾਤਾਵਰਣ ਵਿਚ ਜੰਮੇ ਜਾਂ ਪਲੇ ਹੋਏ ਬੱਚਿਆਂ ਦੇ ਖ਼ਿਆਲ ਤੇ ਇਨ੍ਹਾਂ ਦੇ ਦ੍ਰਿਸ਼ਟੀਕੋਣ ਬਾਕੀ ਗ਼ਰੀਬ ਤਬਕਿਆਂ ਦੇ ਬੰਦਿਆਂ ਨਾਲੋਂ ਵੱਖਰੇ ਹੁੰਦੇ ਹਨ। ਬੰਦ ਨੰ: 14 ਵਿਚ ਸ: ਗੁਲਾਮ ਮੁਹੰਮਦ ਚੱਠੇ ਦੀ ਨਿਸਬਤ ਇਹ ਕਹਿ ਕੇ :—

**ਤੇ ਬਾਦਸ਼ਾਹ ਦੇ ਸਿਲਸਿਲੇ, ਸਭ ਉਸ ਦੇ ਡੇਰੇ।**
**ਤੇ ਕਹਿੰਦਾ ਸੀ ਉਹ ਰਾਜਿਆਂ, 'ਹੋ ਬਹੁ ਪਰੇਰੇ।'**

ਇਕ ਤਰ੍ਹਾਂ ਕਵੀ ਆਪਣੇ ਮਨ ਦੀ ਗੱਲ ਦਰਸਾ ਰਿਹਾ ਹੈ ਜਿਸ ਤੋਂ ਇਕ ਸੂਝਵਾਨ ਪਾਠਕ ਅਨੁਮਾਨ ਲਾ ਸਕਦਾ ਹੈ ਕਿ ਰੋਜ਼ਾਨਾ ਜ਼ਿੰਦਗੀ ਵਿਚ ਕਵੀ ਦਾ ਆਪਣਾ ਬਹਿਣ

*Original with:*
Language Department Punjab
*Digitized by:*
Panjab Digital Library

ਖਲੋਣ ਤੇ ਮੇਲ ਜੋਲ ਕਿਸ ਸ਼੍ਰੇਣੀ ਦੇ ਲੋਕਾਂ ਨਾਲ ਸੀ। ਸਗੋਂ ਬੰਦ ਨੰ: 14 ਵਾਲੀ ਤੁਕ ਵਿਚ :—

**'ਤੇ ਫਕਰ' ਜ਼ਹੀਰੀ, ਆਜ਼ਜੀ ਸਭ ਸਿਰ ਤੇ ਸਹੀਏ,**

ਇਸ ਨੂੰ ਹੋਰ ਵੀ ਸਾਫ਼ ਕਰ ਦਿੰਦੀ ਹੈ ਕਿ ਕਵੀ ਪੀਰ ਮੁਹੰਮਦ ਸਮਾਜ ਦੀ ਕਿਸੇ ਉੱਚੀ ਸ਼੍ਰੇਣੀ ਵਿਚੋਂ ਨਹੀਂ ਸੀ।

ਅਲਬਤਾ ਇਲਮ ਜਾਂ ਵਿੱਦਿਆ ਦੇ ਲਿਹਾਜ਼ ਨਾਲ ਵੇਖਿਆ ਜਾਵੇ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਮੀਆਂ ਪੀਰ ਮੁਹੰਮਦ ਨੂੰ ਵਿਦਿਆ ਪ੍ਰਾਪਤ ਕਰਨ ਦਾ ਖ਼ਾਸਾ ਮੌਕਾ ਮਿਲ ਗਿਆ ਸੀ, ਇਸ ਨੇ ਕਵਿਤਾ ਦੇ ਅਸੂਲਾਂ ਤੇ ਇਸਲਾਮੀ ਇਤਹਾਸਕ ਰਵਾਇਤਾਂ ਨਾਲ ਵੀ ਖ਼ਾਸੀ ਅੱਛੀ ਵਾਕਫ਼ੀਅਤ ਪੈਦਾ ਕਰ ਰੱਖੀ ਸੀ ਅਤੇ ਉਸ ਨੂੰ ਕਵਿਤਾ ਲਿਖਣ ਵਿਚ ਕਾਫ਼ੀ ਪ੍ਰਪੱਕਤਾ ਪ੍ਰਾਪਤ ਸੀ। ਭਾਵੇਂ ਸਾਡੇ ਪਾਸ ਪੀਰ ਮੁਹੰਮਦ ਦੀ ਕੇਵਲ ਇਕੋ ਹੀ ਰਚਨਾ ਹੈ ਪਰ ਇਸ ਦਾ ਗਹੁ ਨਾਲ ਅਧਿਐਨ ਕਰਨ ਉਪਰੰਤ ਸਾਨੂੰ ਇਹ ਕਹਿਣ ਵਿਚ ਜ਼ਰਾ ਜਿੰਨੀ ਝਿਜਕ ਨਹੀਂ ਕਿ ਜੇ ਕਰ ਵਾਰਸ ਸ਼ਾਹ ਵਾਂਗ ਇਹ ਵੀ ਕਿਸੇ ਪਿਆਰ ਦੇ ਵਿਸ਼ੇ ਨੂੰ ਇਕ ਲੰਮੀਂ ਚੌੜੀ ਕਵਿਤਾ ਵਿਚ ਲਿਖ ਦਿੰਦਾ ਤਾਂ ਇਹ ਵੀ ਆਪਣੇ ਲਈ ਇਕ ਸਦੀਵੀ ਲਿਖਤ ਛੱਡ ਜਾਂਦਾ। ਪੀਰ ਮੁਹੰਮਦ ਦੀ ਬੋਲੀ ਅਤੇ ਅਖਾਣ ਠੇਠ ਪੰਜਾਬੀ ਹਨ, ਉਸ ਦੀ ਬਿਆਨਣ ਸ਼ਕਤੀ ਬੜੀ ਪ੍ਰਬਲ ਹੈ, ਆਪਣੇ ਭਾਵ ਪਾਠਕਾਂ ਤਾਈਂ ਪਹੁੰਚਾਣ ਲਈ ਚੁਣ ਚੁਣ ਕੇ ਢੁਕਵੇਂ ਸ਼ਬਦ ਵਰਤਦਾ ਹੈ ਅਤੇ ਆਪਣੇ ਬਿਆਨ ਰਾਹੀਂ ਅਜਿਹਾ ਚਿਤਰ ਪੇਸ਼ ਕਰ ਦਿੰਦਾ ਹੈ ਕਿ ਪੜ੍ਹਨ ਵਾਲਾ ਗਦ ਗਦ ਹੋ ਜਾਂਦਾ ਹੈ।

ਇਸ ਨਿੱਕੀ ਜਿਹੀ ਕਵਿਤਾ ਵਿਚ ਅਜਿਹੇ ਵਾਕ ਜਾਂ ਕਥਨ ਸਾਨੂੰ ਬਹੁਤ ਗਿਣਤੀ ਵਿਚ ਮਿਲਦੇ ਹਨ, ਜੋ ਹਰ ਸਮੇਂ ਹਰ ਸਮਾਜ ਅਤੇ ਹਰ ਦੇਸ਼ ਦੇ ਲੋਕਾਂ ਤੇ ਢੁੱਕ ਸਕਦੇ ਹਨ। ਫ਼ਾਰਸੀ ਵਿਚ ਸ਼ੇਖ ਸਾਅਦੀ, ਅੰਗਰੇਜ਼ਾਂ ਵਿਚ ਸ਼ੈਕਸਪੀਅਰ ਅਤੇ ਪੰਜਾਬੀ ਵਿਚ ਵਾਰਸ ਸ਼ਾਹ ਦੇ ਅਜਿਹੇ ਕਥਨ ਮਸ਼ਹੂਰ ਚਲੇ ਆ ਰਹੇ ਹਨ। ਪੀਰ ਮੁਹੰਮਦ ਵੀ ਕਿਸੇ ਖ਼ਾਸ ਘਟਨਾ ਨੂੰ ਬਿਆਨ ਕਰਦੇ ਹੋਏ ਜਾਂ ਕਿਸੇ ਖ਼ਾਸ ਗੱਲ ਦਾ ਜ਼ਿਕਰ ਕਰਦੇ ਹੋਏ ਅੰਤ ਵਿਚ ਇਕ ਅੱਧ ਸਚਾਈ ਪੇਸ਼ ਕਰ ਦਿੰਦਾ ਹੈ ਜਿਵੇਂ :—

**ਹੀਲਾ ਕਰੀਏ ਤਦ ਜਾਨ, ਪਰ ਜਾਏ ਕੀਤਾ।**
**ਮਤ ਵਾੜ ਅਵੱਲਾ ਪਾੜੀਏ, ਨਾ ਜਾਏ ਸੀਤਾ।**

... ... ... ... ...

**ਜਾਂ ਲਾਈਏ ਜ਼ੋਰ ਭੀ ਤਾਂ, ਸੰਭਲ ਲਾਈਏ।**
**ਤੇ ਅੱਵਲ ਘਰੋਂ ਸੰਭਾਲ ਕੇ, ਮੁੜ ਬਾਹਰ ਜਾਈਏ।**
**ਤੇ ਘਰ ਦਾ ਭੇਟਕ ਮਾਰਦਾ, ਭੌ ਜਾਨੋਂ ਖਾਈਏ।**
**ਤੇ ਪਾਟਾ ਰਾਸ ਨਾ ਆਉਂਦਾ, ਸੌ ਰਫ਼ੂ ਕਰਾਈਏ।**

*Original with:*
Language Department Punjab
*Digitized by:*
Panjab Digital Library

**ਵਾਰ ਦਾ ਰਚਨ ਕਾਲ** :—ਕਵੀ ਪੀਰ ਮੁਹੰਮਦ ਨੇ ਆਪ ਇਹ ਕਿੱਧਰੇ ਨਹੀਂ ਲਿਖਿਆ ਕਿ ਉਸ ਨੇ ਇਹ 'ਵਾਰ' ਕਦੋਂ ਲਿਖੀ ਪਰ ਅੰਦਰਲੀ ਗਵਾਹੀ ਤੋਂ ਇਕ ਪਾਸੇ ਦੀ ਹੱਦ ਤਾਂ ਨਿਯੱਤ ਕੀਤੀ ਜਾ ਸਕਦੀ ਹੈ । ਬੰਦ ਨੰ: 75 ਤੋਂ ਇਹ ਸਪੱਸ਼ਟ ਹ ਜਾਂਦਾ ਹੈ ਕਿ ਇਹ ਰਚਨਾ ਮਾਰਚ 1849 ਜਦੋਂ ਅੰਗਰੇਜ਼ਾਂ ਦਾ ਰਾਜ ਸਥਾਪਤ ਹੋਇਆ, ਤੋਂ ਪਹਿਲਾਂ ਦੀ ਨਹੀਂ ਬਲਕਿ ਉਸ ਤੋਂ ਪਿੱਛੋਂ ਦੀ ਲਿਖੀ ਹੋਈ ਹੈ । ਜਦੋਂ ਕਵੀ ਗ਼ੁਲਾਮ ਮੁਹੰਮਦ ਚੱਠੇ ਦਾ ਕੱਸਬਾ ਮੰਚਰ ਨੂੰ ਸਦਾ ਲਈ ਛੱਡ ਦੇਣ ਦਾ ਜ਼ਿਕਰ ਕਰਦਾ ਹੈ ਤਾਂ ਉਹ ਲਿਖਦਾ ਹੈ ਕਿ ਉਸ ਦੇ ਘਰਾਣੇ ਨਾਲ ਮੰਚਰ ਦੇ ਲੋਕਾਂ ਨੂੰ ਇਸ ਕਦਰ ਹਮਦਰਦੀ ਸੀ ਕਿ ਅਮੀਰ ਗ਼ਰੀਬ, ਚੰਗੇ ਮੰਦੇ ਸਭ ਆਪਣੇ ਘਰ ਬਾਰ ਛੱਡ ਕੇ ਗ਼ੁਲਾਮ ਮੁਹੰਮਦ ਦੇ ਨਾਲ ਜਾਣ ਲਈ ਤਿਆਰ ਹੋ ਗਏ । ਜਿਥੇ ਉਨ੍ਹਾਂ ਦਾ ਚੱਠਾ ਸਰਦਾਰ ਜਾ ਕੇ ਆਬਾਦ ਹੋਵੇਗਾ ਉਹ ਵੀ ਉਥੇ ਹੀ ਚਲ ਕੇ ਵੱਸਣਗੇ । ਨਾਲ ਚੁੱਪ ਕੀਤੇ ਹੀ ਕਵੀ ਇਸ ਗੱਲ ਵੱਲ ਇਸ਼ਾਰਾ ਕਰ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਕੀ ਪਤਾ ਸੀ ਜੋ ਦੇਸ਼ ਇਨ੍ਹਾਂ ਪਾਸੋਂ ਖ਼ਾਲਸੇ ਨੇ ਖੋਹ ਲਿਆ ਹੈ ਅਤੇ ਜਿਸ ਵਿਚ ਇਹ ਘਰੋਂ ਬੇਘਰ ਹੋ ਕੇ ਜਾ ਰਹੇ ਹਨ, ਉਹ ਖ਼ਾਲਸੇ ਪਾਸ ਵੀ ਨਹੀਂ ਰਹੇਗਾ । ਫਰੰਗੀ ਇਨ੍ਹਾਂ ਪਾਸੋਂ ਖੋਹ ਲੈਣਗੇ ਅਤੇ ਚੱਠੇ ਦੂਜੀ ਪੁਸ਼ਤ ਫਰੰਗੀਆਂ ਨਾਲ ਫਿਰ ਆਪਣੇ ਵਸਾਏ ਹੋਏ ਕੱਸਬੇ ਅਤੇ ਪਿੰਡਾਂ ਵਿਚ ਆਬਾਦ ਹੋਣਗੇ :—

**ਤੇ ਮੁੜ ਪਈ ਨਾਲ ਗ਼ੁਲਾਮ ਦੇ, ਸਭ ਚੰਗੀ ਮੰਦੀ ।**
**ਤੇ ਖ਼ੁਵੇਸ਼ ਕਬੀਲਾ ਆਪਣੀ, ਹੋਰ ਸਾਥੀ ਸੰਗੀ ।**
**ਤੇ ਸਾਥ ਲਦਾਇਆ ਹਾਜੀਆਂ, ਹੋ ਕਰ ਰੰਗ ਬਰੰਗੀ ।**
**ਪਰ ਗਾਫ਼ਲ ਮੂਲ ਨਾ ਜਾਣਦੇ, ਮਤ ਪਵਣ ਫ਼ਰੰਗੀ ।**

ਦੂਜੇ ਪਾਸੇ ਦੀ ਹੱਦ ਨਿਯਤ ਕਰਨ ਲਈ ਸਾਡੇ ਪਾਸ ਕੋਈ ਇਤਹਾਸਕ ਸਮੱਗਰੀ ਨਹੀਂ ਹੈ । ਅਲਬਤਾ ਅਨੁਮਾਨ ਤੋਂ ਕੰਮ ਲੈਂਦੇ ਹੋਏ ਅਸੀਂ ਇਹ ਰਾਏ ਦੇਣ ਦਾ ਸਾਹਸ ਕਰਦੇ ਹਾਂ ਕਿ ਸੰਨ 1853 ਤੋਂ 1856 ਤੱਕ ਦੇ ਵਿਚਕਾਰਲੇ ਸਮੇਂ ਵਿਚ ਇਹ ਵਾਰ ਲਿਖੀ ਗਈ ਹੋਵੇਗੀ। ਮਾਰਚ 1849 ਵਿਚ ਜਦੋਂ ਅੰਗਰੇਜ਼ਾਂ ਨੇ ਸਾਰਾ ਪੰਜਾਬ ਆਪਣੇ ਪੇਟੇ ਪਾ ਲਿਆ, ਇਨ੍ਹਾਂ ਦੇ ਸਾਹਮਣੇ ਦੋ ਤਿੰਨ ਸਵਾਲ ਹੈ ਸਨ ਜਿਨ੍ਹਾਂ ਦਾ ਹੱਲ ਕਰਨਾ ਜ਼ਰੂਰੀ ਹੋ ਰਿਹਾ ਸੀ । ਇਕ ਇਹ ਕਿ ਜਿਨ੍ਹਾਂ ਲੋਕਾਂ ਨੇ ਇਸ ਕੰਮ ਦੀ ਪੂਰਣਤਾ ਵਿਚ ਇਨ੍ਹਾਂ ਦੀ ਸਹਾਇਤਾ ਕੀਤੀ ਹੈ, ਉਨ੍ਹਾਂ ਨੂੰ ਇਨਾਮ ਵੱਜੋਂ ਕੀ ਕੁਝ ਦਿੱਤਾ ਜਾਵੇ ਅਤੇ ਕਿਸ ਰੂਪ ਵਿਚ ਅਤੇ ਕਿਸ ਆਧਾਰ ਤੇ ਹਰ ਇਕ ਦੇ ਇਨਾਮ ਦੇ ਮੁੱਲ ਨੂੰ ਨਿਸ਼ਚਿਤ ਕੀਤਾ ਜਾਵੇ । ਦੂਜਾ ਇਹ ਕਿ ਜੋ ਸਰਦਾਰ ਤੇ ਅਫ਼ਸਰ ਖ਼ਾਲਸਾ ਸਰਕਾਰ ਦੇ ਵਫ਼ਾਦਾਰ ਮੁਲਾਜ਼ਮ ਰਹੇ ਅਤੇ ਜਿਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਜੰਗ ਵਿਚ ਹਿੱਸਾ ਲਿਆ ਉਨ੍ਹਾਂ ਨਾਲ ਕੀ ਸਲੂਕ ਕੀਤਾ ਜਾਵੇ । ਕੀ ਇਨ੍ਹਾਂ ਦੀਆਂ ਖ਼ਾਲਸਾ ਸਰਕਾਰ ਵੱਲੋਂ ਦਿੱਤੀਆਂ ਜਾਗੀਰਾਂ ਜ਼ਬਤ ਕਰ ਲਈਆਂ ਜਾਣ ਜਾਂ ਇਨ੍ਹਾਂ ਦਾ ਕੁਝ ਭਾਗ ਇਨ੍ਹਾਂ ਦੇ ਗੁਜ਼ਾਰੇ ਲਈ ਕਾਇਮ ਰੱਖਿਆ ਜਾਵੇ । ਤਾਂ ਜੋ ਇਹ ਲੋਕ

Original with:
Language Department Punjab
Digitized by:
Panjab Digital Library

ਵੀ ਅਮਨ ਕਾਇਮ ਰੱਖਣ ਵਿਚ ਸਹਾਇਤਾ ਦੇਣ ਅਤੇ ਅੱਗੋਂ ਲਈ ਅੰਗਰੇਜ਼ੀ ਸਰਕਾਰ ਦੀ ਵਫ਼ਾਦਾਰੀ ਵਿਚ ਉਸੇ ਤਰ੍ਹਾਂ ਜੁੱਟ ਜਾਣ ਜਿਸ ਤਰ੍ਹਾਂ ਪਹਿਲੇ ਖ਼ਾਲਸਾ ਸਰਕਾਰ ਦੀ ਸੇਵਾ ਵਿਚ ਜੁਟੇ ਹੋਏ ਸਨ। ਤੀਜਾ ਇਸੇ ਸਮੇਂ ਜ਼ਮੀਨ ਦੀ ਪੈਦਾਵਰ ਉਪਰ ਫ਼ਸਲਵਾਰ ਲਗਾਨ ਕਾਇਮ ਕਰਨ ਲਈ ਪੰਜਾਬ ਦੇ ਜ਼ਿਲਿਆਂ ਵਿਚ ਹਰ ਇਕ ਪਿੰਡ ਅਤੇ ਦੇਹ ਦੀ ਜ਼ਮੀਨ ਦੀ ਪੈਮਾਇਸ਼ ਹੋ ਰਹੀ ਸੀ ਇਸ ਸਬੰਧ ਵਿਚ ਨਵੇਂ ਸਿਰਿਉਂ ਮਾਲ ਰਿਕਾਰਡ ਵੀ ਤਿਆਰ ਹੋ ਰਹੇ ਸਨ। ਇਨ੍ਹਾਂ ਕਾਗ਼ਜ਼ਾਂ ਵਿਚ ਮਾਲਕੀ ਜ਼ਮੀਨ ਦੇ ਖ਼ਾਨੇ ਵਿਚ ਸ਼ਬਦ 'ਮਾਲਕ ਅਰਾਜ਼ੀ' ਲਿਖਿਆ ਜਾਣਾ ਜ਼ਰੂਰੀ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਗੋਚਰੇ ਰਖਦੇ ਹੋਏ ਪੁਰਾਣੇ ਖ਼ਾਨਦਾਨਾਂ ਦੇ ਲੋਕਾਂ ਵਿਚਕਾਰ ਬੜੀ ਭੱਜ ਦੌੜ ਹੋ ਰਹੀ ਸੀ। ਹਰ ਇਕ ਦੀ ਇਹੋ ਕੋਸ਼ਿਸ਼ ਸੀ ਕਿ ਉਹ ਆਪਣੇ ਖ਼ਾਨਦਾਨ ਦੀ ਵਡਿਆਈ ਤੇ ਬਜ਼ੁਰਗੀ ਅਤੇ ਆਪਣੀਆਂ ਹੁਣ ਦੀਆਂ ਸੇਵਾਵਾਂ ਵਧਾ ਚੜ੍ਹਾ ਕੇ ਅੰਗਰੇਜ਼ ਅਫ਼ਸਰਾਂ ਅੱਗੇ ਪੇਸ਼ ਕਰੇ ਤਾਂ ਜੋ ਇਸ ਨੂੰ ਸਰਕਾਰ-ਦਰਬਾਰ ਵਿਚ ਮਾਣ ਪ੍ਰਾਪਤ ਹੋ ਜਾਵੇ। ਬੰਦੋਬਸਤ ਆਰਾਜ਼ੀ ਹੀ ਅਜਿਹਾ ਸਮਾਂ ਸੀ ਜਿਸ ਵਕਤ 'ਮਾਲਕੀ ਅਰਾਜ਼ੀ' ਦੇ ਖ਼ਾਨੇ ਵਿਚ ਮਾਲਕਾਂ ਦੇ ਨਾਂ ਦਰਜ ਹੋਣੇ ਸਨ ਤੇ ਇਕ ਵਿਅਕਤੀ ਦੇ ਖ਼ਾਨਦਾਨੀ ਤੇ ਜ਼ਾਤੀ ਸਮਾਜਕ ਅਸਰ ਰਸੂਖ਼ ਨੂੰ ਸਾਹਮਣੇ ਰੱਖਦੇ ਹੋਏ ਜਗੀਰਾਂ, ਮੁਆਫ਼ੀਆਂ, ਇਨਾਮ, ਕੁਰਸੀ ਨਸ਼ੀਨੀਆਂ, ਨੰਬਰਦਾਰੀਆਂ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਮਾਣ ਬਖ਼ਸ਼ਣੇ ਸਨ। ਗੁਜਰਾਂ ਵਾਲੇ ਜ਼ਿਲ੍ਹੇ ਦਾ ਬੰਦੋਬਸਤ ਆਰਾਜ਼ੀ ਸੰਨ 1853–56 ਵਿਚ ਹੋ ਗਿਆ ਸੀ। ਇਸ ਲਈ ਮੁਮਕਿਨ ਹੋ ਸਕਦਾ ਹੈ ਕਿ ਚੌਧਰੀ ਖ਼ੁਦਾ ਬਖ਼ਸ਼ ਚੱਠੇ ਨੇ ਇਸ ਮਤਲੱਬ ਲਈ ਇਹ ਨਜ਼ਮ ਕਵੀ ਪੀਰ ਮੁਹੰਮਦ ਪਾਸੋਂ ਲਿਖਵਾ ਲਈ ਹੋਵੇ। ਇਸ ਸੂਰਤ ਵਿਚ ਇਸ 'ਵਾਰ' ਦੀ ਰਚਨਾ ਦੀ ਦੂਸਰੀ ਹੱਦ ਸੰਨ 1853–56 ਕਾਇਮ ਕੀਤੀ ਜਾ ਸਕਦੀ ਹੈ, ਅਰਥਾਤ ਇਹ ਨਜ਼ਮ 1849–56 ਦੇ ਅੰਦਰ ਅੰਦਰ ਕਿਸੇ ਸਾਲ ਤਿਆਰ ਕੀਤੀ ਗਈ ਹੋਵੇ।

**ਇਸ ਕਵਿਤਾ ਦੇ ਲਿਖਣ ਦਾ ਭਾਵ** :—ਹੁਣ ਅਸੀਂ ਕਵਿਤਾ ਦੇ ਇਸ ਪਹਿਲੂ ਨੂੰ ਧਿਆਨ ਗੋਚਰੇ ਕਰਨਾ ਚਾਹੁੰਦੇ ਹਾਂ ਕਿ ਇਹ 'ਵਾਰ' ਕਿਉਂ ਤੇ ਕਿਸ ਭਾਵ ਨਾਲ ਲਿਖੀ ਗਈ। ਇਹ ਪ੍ਰਸ਼ਨ ਸਾਡੇ ਮਨ ਵਿਚ ਹੇਠ ਦਿੱਤੀਆਂ ਦੋ ਤਿੰਨ ਗੱਲਾਂ ਵੱਜੋਂ ਉਤਪੰਨ ਹੋ ਰਿਹਾ ਹੈ।

(1) ਇਹ ਕਿ ਇਸ 'ਵਾਰ' ਨੂੰ ਪੜ੍ਹ ਕੇ ਪਾਠਕ ਦੇ ਮਨ ਵਿਚ ਆਪਣੇ ਆਪ ਵਿਚ ਇਹ ਭਾਵ ਪੈਦਾ ਹੋ ਜਾਂਦਾ ਹੈ ਕਿ ਇਸ ਰਚਨਾ ਨੂੰ ਬਹੁਤ ਕਰਕੇ ਚੱਠਾ ਕੌਮ ਦੇ ਪਾਠਕਾਂ ਤੇ ਸਰੋਤਿਆਂ ਲਈ ਤਿਆਰ ਕੀਤਾ ਗਿਆ ਸੀ।

**ਮੀਆਂ ਖ਼ਾਂ ਗੁਲਾਮ ਭੀ, ਚੜ੍ਹ ਡੇਰੇ ਆਏ।**
**ਤੇ ਦੇ ਧਰਵਾਸ ਵਿਸਾਹ ਭਾ, ਉਸ ਕੋਲ ਬਹਾਏ।**
**ਤੇ ਕਰਕੇ ਗੱਲਾਂ ਚੰਗੀਆਂ, ਹਥਿਆਰ ਖੁਲ੍ਹਾਏ।**
**ਤੇ ਫੜ ਕੇ ਦੋਵੇਂ ਸੂਰਮੇਂ, ਚਾ ਕੈਦ ਕਰਾਏ।**

... ... ... ... ... ... ...

*Original with:*
Language Department Punjab
*Digitized by:*
Panjab Digital Library

**ਤੇ ਮੀਆਂ ਖ਼ਾਂ ਧਰ ਤੋਪ ਦੇ, ਮੂੰਹ ਮਾਰ ਉਡਾਇਆ ।**
**ਤੇ ਦਹਿਸ਼ਤ ਖ਼ੌਫ਼ ਗ਼ੁਲਾਮ ਦੇ, ਉਸ ਦਿਲ ਵਿਚ ਪਾਇਆ ।**
**ਰਸੂਲ ਨਗਰ ਕਰ ਦੇਵਣਾ, ਛੁਟ ਕੈਦੋਂ ਆਇਆ ।**
**ਪਰ ਹਾਥੀ ਹੁੰਦਾ ਰਾਮ ਭੀ, ਜਾਂ ਭੁਖ ਸੁਜਾਇਆ ।**

ਇਸ ਤਰ੍ਹਾਂ ਖ਼ਾਲਸੇ ਦੇ ਵਿਰੁੱਧ ਉਕਸਾਣ ਵਾਲਾ ਬਿਆਨ ਦੇ ਕੇ ਫਿਰ ਕਵੀ ਕਈ ਪ੍ਰਕਾਰ ਦੇ ਸਿੱਖਿਆਦਾਇਕ ਤੇ ਤਸੱਲੀ ਦੇਣ ਵਾਲੇ ਬੰਦ ਘੜ ਕੇ ਆਪਣੇ ਚੱਠੇ ਸਰੋਤਿਆਂ ਦੇ ਸਾਹਮਣੇ ਰੱਖ ਦਿੰਦਾ ਹੈ । ਜਿਸ ਵਿਚ ਉਨ੍ਹਾਂ ਨੂੰ ਦੱਸਦਾ ਹੈ ਕਿ ਹੋਣੀ ਬੜੀ ਪ੍ਰਬਲ ਹੈ ਇਸ ਪਾਸੋਂ ਕੋਈ ਵੀ ਬਚ ਨਹੀਂ ਸਕਦਾ । ਵੱਡੇ ਵੱਡੇ ਨਬੀ ਤੇ ਪੈਗੰਬਰ ਤੇ ਬਾਦਸ਼ਾਹੀਆਂ ਦੇ ਦਾਅਵੇ ਬੰਨ੍ਹਣ ਵਾਲੇ ਲੋਕ ਵੀ ਹੋਣੀ ਅੱਗੇ ਸਿਰ ਝੁਕਾ ਗਏ । ਭਾਵ ਇਹ ਕਿ ਚੱਠੇ ਸਰੋਤਿਆਂ ਨੂੰ ਆਪਣੀ ਖੁਸੀ ਹੋਈ ਇਜ਼ਤ ਤੇ ਤਾਕਤ ਦੇ ਗ਼ਮ ਨੂੰ ਬਰਦਾਸ਼ਤ ਕਰਨ ਲਈ ਤਿਆਰ ਕਰ ਦੇਂਦਾ ਹੈ :—

ਤੇ ਇਉਂ ਕਰ ਪਿਆ ਚੱਠਿਆਂ ਦਾ, ਪਾਸਾ ਪੁੱਠਾ ।
ਤੇ ਜਿਉਂ ਕਰ ਜ਼ੋਰ ਬਜ਼ੇਦਿਆਂ, ਇਮਾਮਾ ਕੁੱਠਾ ।

[ਬੰਦ 87]

**ਤੇ ਐਸੇ ਜ਼ਾਲਮ ਮੌਤ ਨੇ, ਸਭ ਮੁਲਕ ਖਪਾਇਆ ।**
**ਤੇ ਕੁੱਠਾ ਉਹ ਫਰੂਨ ਭੀ, ਜਿਸ ਰੱਬ ਕਹਾਇਆ ।**
**ਤੇ ਕੁੱਠਾ ਉਹ ਸ਼ੱਦਾਦ ਭੀ, ਜਿਸ ਬਹਿਸਤ ਬਣਾਇਆ ।**
**ਤੇ ਕੁੱਠਾ ਉਹ ਕਾਰੂੰ ਭੀ, ਜਿਸ ਮਾਲ ਵਧਾਇਆ ।**
**ਤੇ ਕੁੱਠਾ ਉਹ ਸੁਲਿਮਾਨ ਭੀ, ਜਿਸ ਤਖਤ ਉਡਾਇਆ ।**
**ਤੇ ਕਿਥੇ ਸਿਕੰਦਰ ਬਾਦਸ਼ਾਹ, ਜਿਸ ਮੁਲਕ ਨਿਵਾਇਆ ।**
**ਤੇ ਕੀ ਕੀ ਕਰੀਏ ਗਿਣਤੀ, ਕਿਸੇ ਅੰਤ ਨਾ ਪਾਇਆ ।**

... ... ... ... ... ... ... ...

ਇਹ ਵੀ ਦੇਖਿਆ ਹੈ ਕਿ ਜਿਥੇ ਗ਼ੁਲਾਮ ਮੁਹੰਮਦ ਆਦਿ ਦਾ ਮਹਾਂ ਸਿੰਘ ਦੇ ਦਾਉ ਪੇਚ ਵਿਚ ਫੱਸ ਜਾਣ ਦਾ ਜ਼ਿਕਰ ਕੀਤਾ ਹੈ ਉਥੇ ਕਵੀ ਨੇ ਇਨ੍ਹਾਂ ਨੂੰ ਆਪਣੀ ਨਾਦਾਨੀ ਤੇ ਮੂਰਖਤਾਈ ਵੀ ਦੇ ਦਿੱਤੀ ਹੈ; ਜਿਵੇਂ ਕਿ ਇਕ ਖ਼ਾਨਦਾਨ ਦਾ ਬਜ਼ੁਰਗ ਆਪਣੇ ਮੁੰਡਿਆਂ ਨੂੰ ਬਿਨਾਂ ਸੋਚੇ ਸਮਝੇ ਕੰਮ ਕਰਨ ਲਈ ਝਾੜ ਝੰਬ ਪਾ ਦਿਆ ਕਰਦਾ ਹੈ । ਮਿਸਾਲ ਵੱਜੋਂ ਜਦੋਂ ਮਹਾਂ ਸਿੰਘ ਦੀ ਮੁਲਾਕਾਤ ਦਾ ਸੱਦਾ ਗ਼ੁਲਾਮ ਮੁਹੰਮਦ ਨੇ ਪ੍ਰਵਾਨ ਕਰ ਲਿਆ ਤੇ ਜਾਂਦੇ ਹੀ ਮਹਾਂ ਸਿੰਘ ਨੇ ਉਸ ਨੂੰ ਕੈਦ ਵਿਚ ਪਾ ਦਿੱਤਾ । ਕਵੀ ਲਿਖਦਾ ਹੈ :—

**'ਤੇ ਆਕਲ ਮਰਨ ਕਬੂਲ ਕੀ, ਕਿਉਂ ਉਥੇ ਜਾਂਦਾ' ।**

ਫਿਰ ਅੱਗੇ ਜਾਕੇ ਢਾਰਸ ਦੇਣ ਲਈ ਲਿਖਦਾ ਹੈ :—

**'ਪਰ ਦੋਸ ਨਾ ਕੁਝ ਗ਼ੁਲਾਮ ਨੂੰ, ਰੱਬ ਆਪ ਕਰਾਂਦਾ ।'** ਇਸ ਤਰ੍ਹਾਂ ਜਦੋਂ ਗ਼ੁਲਾਮ

*Original with:*
Language Department Punjab
*Digitized by:*
Panjab Digital Library

ਮੁਹੰਮਦ ਨੇ ਮੰਚਰ ਮਹਾਂ ਸਿੰਘ ਦੇ ਹਵਾਲੇ ਕਰ ਦਿੱਤਾ ਤੇ ਮਹਾਂ ਸਿੰਘ ਪਾਸੋਂ ਊਠ ਤੇ ਛਕੜੇ ਦੀ ਮੱਦਦ ਮੰਗੀ ਤੇ ਕਿਹਾ ਮੈਂ ਮੱਕੇ ਜਾਣਾ ਚਾਹੁੰਦਾ ਹਾਂ, ਅੱਗੋਂ ਮਹਾਂ ਸਿੰਘ ਨੇ ਕਿਹਾ, ਮੈਨੂੰ ਤਾਂ ਇਹ ਮਲੂਮ ਹੁੰਦਾ ਹੈ ਕਿ ਤੂੰ ਮੱਕੇ ਨਹੀਂ ਜਾ ਰਿਹਾ ਬਲਕਿ ਕਾਬਲ ਜਾ ਕੇ ਪਠਾਣਾਂ ਪਾਸੋਂ ਮੱਦਦ ਲੈਣਾ ਚਾਹੁੰਦਾ ਹੈਂ। ਗ਼ੁਲਾਮ ਮੁਹੰਮਦ ਨੇ ਬੇਸਮਝਾਂ ਦੀ ਤਰ੍ਹਾਂ 'ਹਾਂ' ਕਰਕੇ ਆਪਣੇ ਦਿਲ ਦਾ ਰਾਜ਼ ਵੈਰੀ ਨੂੰ ਦੱਸ ਦਿੱਤਾ :—

ਤੇ ਕਿਹਾ ਮਹਾਂ ਸਿੰਘ ਨੇ, ਮੈਂ ਇੰਜ ਪਛਾਣਾਂ।
ਤੇ ਚਲਿਆ ਹੈਂ ਫਰਿਯਾਦ ਨੂੰ, ਤੂੰ ਪਾਸ ਪਠਾਣਾਂ।
ਤੇ ਮੀਏਂ 'ਆਹੋ' ਆਖਿਆ, ਜੋ ਅੱਲਾ ਭਾਣਾ।
ਪਰ ਕੀਤਾ ਸੁਖਨ ਗ਼ੁਲਾਮ ਨ, ਇਹ ਵਾਂਗ ਇਆਣਾ।
ਤੇ ਦਿਲ ਦਾ ਭੇਤ ਨਾ ਦੱਸੀਏ, ਇਹ ਖ਼ੂਬ ਪਛਾਣਾ।

ਇਸ ਸਬੰਧ ਵਿਚ ਇਕ ਹੋਰ ਗੱਲ ਵੀ ਵਿਚਾਰਨ ਯੋਗ ਹੈ ਜਿਸ ਦਾ ਚਲਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ ਕਿ ਕਵੀ ਪੀਰ ਮੁਹੰਮਦ ਨੇ ਸ਼ਾਇਦ ਸ: ਖ਼ੁਦਾ ਬਖ਼ਸ਼ ਦੇ ਕਹਿਣ ਕਹਾਣ ਤੇ ਇਹ ਕਵਿਤਾ ਰੱਚੀ ਹੋਵੇ। ਅੰਗਰੇਜ਼ਾਂ ਦਾ ਰਾਜ ਕਾਇਮ ਹੋਣ ਤੇ ਪੰਜਾਬ ਵਿਚ ਨਵੀਂ ਸਮਾਜਕ ਅਤੇ ਰਾਜਨੀਤਕ ਬਣਤਰ ਵੇਖਣ ਵਿਚ ਆ ਰਹੀ ਸੀ, ਅੰਗਰੇਜ਼ ਇਸ ਵਿਚ ਖ਼ਾਸ ਦਿਲਚਸਪੀ ਲੈ ਰਹੇ ਸਨ। ਸੱਚ ਤਾਂ ਇਹ ਹੈ ਕਿ ਇਸ ਬਣਤਰ ਦੇ ਬਣਾਉਣ ਵਾਲੇ ਇਹ ਆਪ (ਅੰਗਰੇਜ਼) ਹੀ ਸਨ। ਕਿਉਂ ਜੋ ਇਸ ਨਵੀਂ ਬਣਤਰ ਤੇ ਹੀ ਇਨ੍ਹਾਂ ਦੀ ਸਥਿਰਤਾ ਨਿਰਭਰ ਕਰਦੀ ਸੀ। ਇਹ ਬਣਤਰ ਦੋ ਤਿੰਨ ਅਸੂਲਾਂ ਤੇ ਕਾਇਮ ਕੀਤੀ ਜਾ ਸਕਦੀ ਸੀ। ਇਕ ਇਹ ਕਿ ਹਰ ਇਕ ਜ਼ਿਲੇ ਵਿਚੋਂ ਇਨ੍ਹਾਂ ਕਬੀਲਿਆਂ ਤੇ ਘਰਾਣਿਆਂ ਦੇ ਸਰਕਰਦੇ ਚੁਣ ਲਏ ਜਾਣ ਜਿਨ੍ਹਾਂ ਦਾ ਆਪਣੇ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਲੋਕਾਂ ਤੇ ਅਸਰ ਰਸੂਖ ਹੋਵੇ। ਅਰਥਾਤ ਜਿਨ੍ਹਾਂ ਦੇ ਇਸ਼ਾਰੇ ਉਤੇ ਇਲਾਕੇ ਦੇ ਆਮ ਲੋਕ ਹਰ ਵਕਤ ਅਮਲ ਕਰਨ ਲਈ ਤਿਆਰ ਹੋਣ। ਦੂਜਾ ਇਨ੍ਹਾਂ ਵਿਚੋਂ ਖ਼ਾਸ ਪੁਜ਼ੀਸ਼ਨ ਤੇ ਪਹਿਲਾਂ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਵੇ ਜਿਨ੍ਹਾਂ ਨੇ ਖ਼ਾਲਸੇ ਦੇ ਵਿਰੁੱਧ ਜੰਗ ਜਿੱਤਣ ਵਿਚ ਅੰਗਰੇਜ਼ਾਂ ਦੀ ਮੱਦਦ ਕੀਤੀ ਹੋਵੇ। ਤੀਜਾ ਅਸੂਲ ਕਦੀਮ ਅਹਿਲੇ-ਰੋਮ ਵਾਲਿਆਂ ਦਾ 'divide at empera' ਦਾ ਅਸੂਲ ਸੀ। ਅਰਥਾਤ ਰਿਆਇਆ ਦੇ ਸਮਾਜਕ ਅਤੇ ਧਾਰਮਕ ਗਰੁੱਪਾਂ ਨੂੰ ਇਕ ਦੂਜੇ ਦੇ ਵਿਰੁਧ ਉਕਸਾਈ ਜਾਓ, ਲੜਾਈ ਜਾਓ ਤੇ ਆਪਣਾ ਕੰਮ ਆਸਾਨੀ ਨਾਲ ਕੱਢੀ ਜਾਓ। ਇਸ ਲਈ ਇਨ੍ਹਾਂ ਅਸੂਲਾਂ ਨੂੰ ਮੁੱਖ ਰੱਖਕੇ ਇਕੋ ਜਿਹੀ ਤੁਲਨਾ ਦੇ ਮੁਸਲਮਾਨ, ਹਿੰਦੂ ਤੇ ਸਿੱਖ ਘਰਾਣਿਆਂ ਦੇ ਬੰਦੇ ਹਰ ਇਕ ਜ਼ਿਲ੍ਹੇ ਵਿਚੋਂ ਚੁਣੇ ਜਾਣ ਲੱਗੇ ਜਿਨ੍ਹਾਂ ਨੂੰ ਨਵੀਂ ਰਾਜਨੀਤਕ ਬੱਣਤਰ ਹੇਠ ਸਰਕਾਰ ਵੱਲੋਂ ਇੱਜ਼ਤ ਤੇ ਮਾਣ ਬਖ਼ਸ਼ਿਆ ਜਾਵੇ ਅਤੇ ਨਾਲ ਹੀ ਗੁਜ਼ਾਰੇ ਵੱਜੋਂ ਕੁਝ ਇਨਾਮ, ਜਾਗੀਰਾਂ ਅਤੇ ਪਿੰਡ ਦੀਆਂ ਨੰਬਰਦਾਰੀਆਂ ਦਿੱਤੀਆਂ ਜਾਣ। ਖ਼ੁਦਾ ਬਖ਼ਸ਼ ਤੇ ਉਸ ਦੇ ਚੱਠੇ ਸਾਥੀ ਜਿਹੜੇ ਐਨ ਵਕਤ ਤੇ ਖ਼ਾਲਸੇ ਦਾ ਸਾਥ ਛੱਡ ਕੇ ਅੰਗਰੇਜ਼ਾਂ ਦੀ ਫ਼ੌਜ ਨਾਲ ਆ ਮਿਲੇ ਸਨ। ਆਪਣੇ ਆਪ ਨੂੰ ਇਸ ਇਨਾਮ ਦੇ ਭਾਗੀ ਸਮਝਦੇ

Original with:
Language Department Punjab
Digitized by:
Panjab Digital Library

ਸਨ। ਪੀਰ ਮੁਹੰਮਦ ਦੀ ਇਹ ਕਵਿਤਾ ਇਨ੍ਹਾਂ ਦੀ ਭਾਵਨਾ ਨੂੰ ਇਕ ਤਰ੍ਹਾਂ ਨਾਲ ਪੂਰਾ ਕਰ ਦੇਣ ਵਾਲੀ ਸੀ। ਇਸਦੇ ਰਾਹੀਂ ਚੱਠੇ ਖ਼ਾਨਦਾਨ ਦੀ ਗਈ ਗੁਆਚੀ ਵੱਡਿਆਈ ਫਿਰ ਮੁੜ ਕੇ ਲੋਕਾਂ ਦੇ ਮੂੰਹ ਚੜ੍ਹ ਜਾਵੇਗੀ ਤੇ ਇਨ੍ਹਾਂ ਦੇ ਵੱਡਿਆਂ ਦੇ ਕਾਰਨਾਮਿਆਂ ਦੀ ਵਾਕਫ਼ੀ ਆਮ ਲੋਕਾਂ ਨੂੰ ਹੋ ਜਾਵੇਗੀ ਜਿਸ ਨਾਲ ਖ਼ੁਦਾ ਬਖ਼ਸ਼ ਆਦਿ ਦਾ ਵਕਾਰ ਆਪਣੇ ਇਲਾਕੇ ਦੇ ਲੋਕਾਂ ਵਿਚ ਉੱਚਾ ਹੋ ਜਾਵੇਗਾ, ਅਤੇ ਨਾਲ ਹੀ ਲੋਕਾਂ ਨੂੰ ਇਹ ਵੀ ਪਤਾ ਲਗ ਜਾਵੇਗਾ ਕਿ ਸਿੱਖਾਂ ਅਤੇ ਚੱਠਿਆਂ ਵਿਚਕਾਰ ਤਾਂ ਕਈ ਪੁਸ਼ਤਾਂ ਤੋਂ ਵੈਰ ਵਿਰੋਧ ਚਲਿਆ ਆਉਂਦਾ ਹੈ ਇਸ ਲਈ ਖ਼ੁਦਾ ਬਖ਼ਸ਼ ਦਾ ਖ਼ਾਲਸੇ ਨੂੰ ਛੱਡ ਕੇ ਅੰਗਰੇਜ਼ਾਂ ਨਾਲ ਮਿਲ ਜਾਣਾ ਕੋਈ ਅਨੋਖੀ ਗੱਲ ਨਹੀਂ ਸੀ।

ਹੋ ਸਕਦਾ ਹੈ ਕਿ ਕਵੀ ਪੀਰ ਮੁਹੰਮਦ ਖ਼ੁਦਾ-ਬਖ਼ਸ਼ ਦੀ ਇਸ ਦੇਸ਼ ਘਾਤਕ ਅਤੇ ਐਬ-ਭਰੀ ਕਾਰਵਾਈ ਨੂੰ ਆਪਣੀ ਕਵਿਤਾ ਵਿਚ ਕਿਸੇ ਹੋਰ ਤਰ੍ਹਾਂ ਪੇਸ਼ ਕਰਕੇ ਉਸ ਪਾਸੋਂ ਇਨਾਮ ਦੀ ਆਸ ਵੀ ਰੱਖਦਾ ਹੋਵੇ। 'ਵਾਰ' ਖ਼ਤਮ ਕਰਨ ਵੇਲੇ ਅਰਥਾਤ ਬੰਦ ਨੰ: 94-95 ਵਿਚ ਦੋ ਤਿੰਨ ਤੁਕਾਂ ਉਸ ਨੇ ਅਜਿਹੀਆਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਇਸ ਤਰ੍ਹਾਂ ਦੀ ਝਲਕ ਨਜ਼ਰ ਆਉਂਦੀ ਹੈ, ਕਵੀ ਲਿਖਦਾ ਹੈ :

ਤੇ ਮੰਦਾ ਕਿਸੇ ਨਾ ਆਖੀਏ, ਸਭ ਚੰਗਾ ਕਹੀਏ।
ਤੇ ਅਜ਼ਰ ਦਹਿੰਦਾ ਰੱਬ ਹੈ, ਸਭ ਉਸ ਥੀਂ ਲਈਏ।
ਤੇ ਫ਼ੁਕਰ, ਜ਼ਹੀਰੀ ਆਜਜ਼ੀ, ਸਭ ਸਿਰ ਤੇ ਸਹੀਏ।
ਜੇ ਫ਼ੁਰਸਤ ਪਿਛੇ ਤੰਗੀਓਂ, ਕੁਝ ਮੁਫ਼ਤ ਨਾ ਢਈਏ।

... ... ... ... ... ... ... ...

ਤੇ ਕਿਥੇ ਹੈਨ ਉਹ ਆਦਮੀ, ਜੋ ਕਦਰ ਪਛਾਨਣ।
ਤੇ ਹੁਣ ਦੇ, ਹਥੋਂ ਵੇਖ ਕੇ, ਸੋ ਹੁੱਜਤ ਆਣਨ।
ਤੇ ਮੋਤੀ ਹੋਰ ਕਲੀਤਰੇ, ਹਿਕ ਰੰਗ ਜਾਣਨ।
ਪਰ ਉਨ੍ਹਾਂ ਮੂਲ ਨਾ ਵੇਖਦਾ, ਸੋ ਕਰੀਏ ਚਾਨਣ।

**ਇਸ ਕਵਿਤਾ ਦਾ ਇਤਹਾਸਕ ਮੁੱਲ** :—ਭਾਵੇਂ ਸਾਹਿੱਤਕ ਦ੍ਰਿਸ਼ਟੀਕੋਣ ਤੋਂ ਪੀਰ ਮੁਹੰਮਦ ਦੀ ਇਹ ਛੋਟੀ ਜਿਹੀ 'ਵਾਰ' ਕਲਾਸਕੀ ਹੋਣ ਦਾ ਦਾਅਵਾ ਰਖਦੀ ਹੈ; ਪਰੰਤੂ ਇਸ ਦਾ ਇਤਹਾਸਕ ਮੁੱਲ ਕੋਈ ਜ਼ਿਆਦਾ ਨਹੀਂ ਹੈ। ਪੀਰ ਮੁਹੰਮਦ ਨੇ ਇਸ ਰਚਨਾ ਵਿਚ ਦੋ ਵੱਡੀਆਂ ਘਟਨਾਵਾਂ ਨੂੰ ਬਿਆਨਿਆ ਹੈ ਇਕ ਜੰਗ ਸੈਦ ਨਗਰ ਤੇ ਦੂਜੀ ਜੰਗ ਮੰਚਰ, ਇਹ ਦੋਵੇਂ ਜੰਗਾਂ ਸੰਨ 1770-90 ਦੇ ਵਿਚਕਾਰ ਹੋਈਆਂ ਅਤੇ ਜਿਹਾ ਅਸੀਂ ਉਪਰ ਲਿਖ ਆਏ ਹਾਂ ਕਵੀ ਦੀ ਰਚਨਾ ਦਾ, ਸੰਨ 1849-56 ਦੇ ਅੰਦਰ ਅੰਦਰ ਨਿਯਤ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਇਹ ਦੋਵੇਂ ਘੱਟਨਾਵਾਂ 'ਵਾਰ' ਦੇ ਰੱਚੇ ਜਾਣ ਤੋਂ 65-70 ਸਾਲ ਪਹਿਲਾਂ ਵਾਪਰੀਆਂ। ਪੀਰ ਮੁਹੰਮਦ ਇਨ੍ਹਾਂ ਦਾ ਸਮਕਾਲੀ ਕਵੀ ਨਹੀਂ ਹੈ ਇਸ ਨੇ ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ ਤੇ ਆਪਣੀ

Original with
Language Department Punjab
Digitized by:
Panjab Digital Library

ਰੱਚਨਾ ਰੱਚੀ ਹੈ। ਉਹ ਖ਼ੁਦ ਥਾਂ ਥਾਂ ਤੇ ਅਰਥਾਤ ਜਿਥੇ ਵਿਸ਼ਾ ਬਦਲਦਾ ਹੈ, ਇਉਂ ਲਿਖਦਾ ਹੈ :

**'ਪਰ ਸੁਣੋਂ ਹਕੀਕਤ ਅਗਲੀ ਜੋ ਲੋਕ ਸੁਣਾਂਦੇ'**

ਜਾਂ ਕਿਧਰੇ ਦੂਜੀ ਤਰ੍ਹਾਂ ਲਿਖ ਦਿੰਦਾ ਹੈ :—

**'ਪੀਰ ਮੁਹੰਮਦ—ਆਖ ਹਕੀਕਤ ਅਗਲੀ ਜੋ ਲੋਕ ਸੁਣਾਵਨ'।**

ਇਹ ਆਮ ਕਰਕੇ ਵੇਖਿਆ ਗਿਆ ਹੈ ਕਿ ਇਕ ਰਵਾਇਤ ਜਿਉਂ ਜਿਉਂ ਸ਼ਹਿਰ-ਬ-ਸ਼ਹਿਰ, ਸੀਨਾ ਬਸੀਨਾ ਅਤੇ ਇਕ ਪੁਸ਼ਤ ਤੋਂ ਦੂਜੀ ਪੁਸ਼ਤ ਤਕ ਪਹੁੰਚਦੀ ਜਾਂਦੀ ਹੈ, ਇਸ ਦੇ ਅਸਲੀ ਰੂਪ, ਹਾਲ ਅਤੇ ਵਾਪਰਣ ਵਿਚ ਕੁਝ ਨਾ ਕੁਝ ਅਦਲਾ ਬਦਲੀ ਆਉਂਦੀ ਜਾਂਦੀ ਹੈ। ਖ਼ਾਸ ਕਰਕੇ ਉਸ ਜ਼ਮਾਨੇ ਵਿਚ ਇਕ ਔਸਤ ਦਰਜੇ ਦੇ ਕਵੀ ਦੀ ਨਾ ਤਾਂ ਇਸ ਤਰ੍ਹਾਂ ਦੀ ਸਿੱਖਿਆ ਜਾਂ ਪੜ੍ਹਾਈ ਹੀ ਹੁੰਦੀ ਸੀ ਕਿ ਉਹ ਘਟਨਾਵਾਂ ਨੂੰ ਰਵਾਇਤਾਂ ਨਾਲੋਂ ਅੱਡ ਕਰ ਸਕਦਾ ਹੋਵੇ ਅਤੇ ਨਾ ਹੀ ਉਸ ਨੂੰ ਉਸ ਪ੍ਰਕਾਰ ਦੀ ਖੋਜ ਕਰਨ ਵਿਚ ਕੋਈ ਦਿਲਚਸਪੀ ਹੁੰਦੀ ਸੀ। ਉਸ ਦਾ ਮੰਤਵ ਤਾਂ ਯੋਧੇ ਤੇ ਬਹਾਦਰ ਬਜ਼ੁਰਗਾਂ ਦੇ ਸੁਣੇ ਸੁਣਾਏ ਕਾਰਨਾਮਿਆਂ ਨੂੰ ਕਵਿਤਾ ਦਾ ਰੂਪ ਦੇ ਕੇ ਜਗਤ ਨੂੰ ਆਪਣੀ ਕਲਾ ਜਾਂ ਹੁੱਨਰ ਦਾ ਪ੍ਰਗਟਾਵਾ ਕਰਨਾ ਹੁੰਦਾ ਸੀ। ਨਾਲ ਹੀ ਕਿਤੇ ਕਿਤੇ ਆਪਣੇ ਬਿਆਨ ਵਿਚ ਕਾਵਿ ਉਡਾਰੀਆਂ ਜੜਨਾ ਵੀ ਜ਼ਰੂਰੀ ਖ਼ਿਆਲ ਕਰਦਾ ਸੀ, ਸਾਡੇ ਕਵੀ ਪੀਰ ਮੁਹੰਮਦ ਦਾ ਵੀ ਇਹੋ ਹਾਲ ਜਾਪਦਾ ਹੈ। ਉਸ ਦੀ ਕਵਿਤਾ ਵਿਚ ਸਾਨੂੰ ਵਾਕਿਆਤ ਦੀ ਤਰਤੀਬ, ਜੋੜ ਲੜੀ ਵਾਰ ਸਬੰਧ ਬਹੁਤ ਘਟ ਦਿੱਸਦਾ ਹੈ, ਸਗੋਂ ਕਈ ਥਾਈਂ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਇਕ ਲੜਾਈ ਦੀ ਘਟਨਾ ਨੂੰ ਦੂਜੀ ਲੜਾਈ ਦੀ ਘਟਨਾ ਨਾਲ ਗੱਡ-ਮੱਡ ਕਰ ਦਿੱਤਾ ਹੈ। ਨਾਲ ਹੀ ਕਈ ਇਕ ਅਵਿਸ਼ਵਾਸ਼ ਯੋਗ ਅਤੇ ਲੋਕਾਂ ਦੀਆਂ ਮਨਘੜਤ ਗੱਲਾਂ ਆਪਣੀ 'ਵਾਰ' ਵਿਚ ਸ਼ਾਮਲ ਕਰਕੇ ਆਪਣੀ ਰਚਨਾ ਦੀ ਇਤਹਾਸਕ ਉੱਚਤਾ ਨੂੰ ਘਟ ਕਰ ਦਿੱਤਾ ਹੈ। ਇਹ ਗੱਲਾਂ ਅਸੀਂ ਮੂਲ ਵਿਚ ਲਿਖੇ ਫੁਟਨੋਟ ਰਾਹੀਂ ਆਪਣੇ ਪਾਠਕਾਂ ਦੇ ਧਿਆਨ ਗੋਚਰੇ ਕਰਾ ਦਿੱਤੀਆਂ ਹਨ।

ਇਸ ਤੋਂ ਛੁੱਟ ਪੀਰ ਮੁਹੰਮਦ ਦਾ ਦ੍ਰਿਸ਼ਟੀਕੋਨ ਇਸਲਾਮੀ ਧਰਮ ਦੇ ਜਜ਼ਬਿਆਂ ਦੇ ਰੰਗ ਨਾਲ ਰੰਗਿਆ ਹੋਇਆ ਹੈ, ਅਤੇ ਇਹ ਤੁਅੱਸਬ ਦਾ ਰੰਗ ਉਸ ਦੇ ਸ਼ਬਦਾਂ ਵਿਚੋਂ ਇਕ ਨਿਰਪੱਖ ਪਾਠਕ ਦੇ ਸਾਹਮਣੇ ਆਪ ਹੀ ਆ ਜਾਂਦਾ ਹੈ। ਸਗੋਂ ਇਸ ਤਰ੍ਹਾਂ ਦੀ ਵਾਸ਼ਨਾ 'ਵਾਰ' ਦੇ ਆਰੰਭ ਵਿਚ ਹੀ ਆਉਣੀ ਸ਼ੁਰੂ ਹੋ ਜਾਂਦੀ ਹੈ। ਬੰਦ ਨੰ: 7 ਵਿਚ ਜਿਥੇ ਕਵੀ ਸ: ਪੀਰ ਮੁਹੰਮਦ ਚੱਠੇ ਤੇ ਸ: ਚੜ੍ਹਤ ਸਿੰਘ ਸੁਕਰਚੱਕੀਏ ਦੀ ਆਪੋ ਵਿਚ ਦੀ ਖਿਚੋਤਾਣ ਵੱਲ ਇਸ਼ਾਰਾ ਕਰਦਾ ਹੈ ਤੇ ਜਿਥੇ ਖ਼ਾਲਸਾ ਸਰਦਾਰ ਦੇ ਮੂੰਹ ਵਿਚੋਂ ਇਹ ਸ਼ਬਦ ਅਖਵਾ ਕੇ **"ਜੇ ਮੁਲਕ ਆਹਾ ਇਹ ਖ਼ਾਲਸਾ, ਤੁਧ ਕੀਤਾ ਮੱਕਾ"** ਇਕ ਤਾਂ ਚੜ੍ਹਤ ਸਿੰਘ ਨੂੰ ਜ਼ੋਰੀਂ ਲੜਾਈ ਮੁੱਲ ਲੈਣ ਵਾਲਾ ਦਰਸਾਉਂਦਾ ਹੈ ਅਤੇ ਦੂਜੇ ਇਸ਼ਾਰੇ ਨਾਲ

Original
Language Department Punjab
Digitized by:
Panjab Digital Library

ਆਪਣੇ ਮੁਸਲਮਾਨ ਸਰੋਤਿਆਂ ਤੇ ਪਾਠਕਾਂ ਨੂੰ ਇਹ ਦੱਸ ਜਾਂਦਾ ਹੈ ਕਿ ਸਰਦਾਰ ਪੀਰ ਮੁਹੰਮਦ ਆਪਣੇ ਹੈੱਡਕੁਆਰਟਰ ਰਸੂਲ ਨਗਰ ਨੂੰ ਮੱਕੇ ਸ਼ਰੀਫ਼ ਦੀ ਤਰ੍ਹਾਂ ਇਕ ਮੁਤਬਰਕ ਤੇ ਪਾਕੀਜ਼ਾ[1] ਮੁਕਾਮ ਬਣਾ ਰਿਹਾ ਸੀ । ਇਸ ਤੋਂ ਪਹਿਲਾਂ ਬੰਦ ਨੰ: 3 ਵਿਚ ਉਸ ਨੂੰ **'ਬੰਦਾ ਸ਼ਾਹ ਇਸਲਾਮ'** ਕਰਕੇ ਮੁਖ਼ਾਤਬ ਕਰਦਾ ਹੈ । ਬੰਦ ਨੰ: 10-11 ਵਿਚ ਸਰਦਾਰ ਮਹਾਂ ਸਿੰਘ ਜਿਸ ਦਾ ਚੱਠਿਆਂ ਨਾਲ ਬਹੁਤ ਵੈਰ ਵਿਰੋਧ ਰਹਿੰਦਾ ਸੀ, ਦੀ ਸੂਰਮਗਤੀ ਦੀ ਕਵੀ ਨੇ ਬੜੀ ਵੱਡਿਆਈ ਕੀਤੀ ਹੈ ਅਤੇ ਉਸ ਦੇ ਪੜ੍ਹਦੇ ਪੜ੍ਹਦੇ ਪਾਠਕ ਦੇ ਮਨ ਵਿਚ ਇਕ ਵਾਰ ਤਾਂ ਕਵੀ ਦੀ ਨਿਰਪੱਖਤਾ ਬਾਰੇ ਖ਼ੂਬ ਸਿੱਕਾ ਜੰਮ ਜਾਂਦਾ ਹੈ, ਪਰ ਅੰਤਲੀਆਂ ਦੋ ਤੁੱਕਾਂ ਅਜਿਹੀਆਂ ਘੜ ਕੇ ਉਸ ਨੇ ਵਿਚ ਜੜ੍ਹ ਦਿੱਤੀਆਂ ਹਨ ਕਿ ਇਨ੍ਹਾਂ ਦੇ ਪੜ੍ਹਨ ਨਾਲ ਹੀ ਪਾਠਕ ਦਾ ਸਾਰਾ ਚੰਗਾ ਪ੍ਰਭਾਵ ਬਦਲ ਜਾਂਦਾ ਹੈ ਤੇ ਉਸ ਨੂੰ ਇੰਜ ਜਾਪਣ ਲੱਗ ਪੈਂਦਾ ਹੈ ਕਿ ਚੱਠਾ ਸਰਦਾਰ ਤਾਂ ਖ਼ਾਲਸੇ ਸਰਦਾਰ ਨਾਲੋਂ ਵੀ ਕਈ ਗਿੱਠਾਂ ਉਚੇਰਾ ਸੀ । ਕਵੀ ਦਾ ਮੰਤਵ ਵੀ ਇਸੇ ਪ੍ਰਕਾਰ ਦਾ ਪ੍ਰਭਾਵ ਉਤਪੰਨ ਕਰਨ ਦਾ ਸੀ ਤੇ ਮਹਾਂ ਸਿੰਘ ਦੀ ਸੂਰਮਗਤੀ ਦੇ ਬਿਰਤਾਂਤ ਪਾਸੋਂ ਕੇਵਲ ਇਕ ਚਬੂਤਰੇ ਦਾ ਕੰਮ ਲੈਣਾ ਚਾਹਿਆ ਸੀ ਜਿਸ ਉਪਰ ਖੜਾ ਕਰ ਕੇ ਉਸ ਦੇ ਵੈਰੀ ਚੱਠੇ ਨਾਇਕ ਨੂੰ ਹੋਰ ਉੱਚਿਆਂ ਵਿਖਾਇਆ ਜਾ ਸਕੇ । ਕਵੀ ਬੰਦ ਨੰ: 14 ਵਿੱਚ ਲਿਖਦਾ ਹੈ :—

**ਪਰ ਹੋਇਆ ਪੀਰ ਮੁਹੰਮਦੋਂ, ਗ਼ੁਲਾਮ[2] ਅਗੇਰੇ ।**
**ਤੇ ਉਸ ਦੀ ਕੀਤੀ ਗੱਲ ਨੂੰ, ਕੋਈ ਮੂਲ ਨਾ ਫੇਰੇ ।**
**ਤੇ ਬਾਦਸ਼ਾਹੀ ਦੇ ਸਿਲਸਿਲੇ, ਸਭ ਉਸ ਦੇ ਡੇਰੇ ।**
**ਤੇ ਕਹਿੰਦਾ ਸੀ ਉਹ ਰਾਜਿਆਂ, 'ਹੋ ਬਹੁ ਪ੍ਰੇਰੇ' ।**
**ਤੇ ਜਿਹਾ ਕੋਈ ਨਾ ਜੰਮਿਆ, ਜੋ ਉਸ ਨੂੰ ਛੇੜੇ ।**

ਇਕ ਹੋਰ ਗੱਲ ਜੋ ਇਸ ਕਵਿਤਾ ਦੀ ਇਤਹਾਸਕ ਸਚਾਈ ਨੂੰ ਘਟਾਉਂਦੀ ਹੈ, ਇਹ ਹੈ ਕਿ ਸਾਰੀਆਂ ਜੰਗੀ ਘਟਨਾਵਾਂ, ਜਿਨ੍ਹਾਂ ਦਾ ਜ਼ਿਕਰ ਇਸ 'ਵਾਰ' ਵਿਚ ਕਵੀ ਨੇ ਕੀਤਾ ਹੈ, ਵਿਚ ਅੰਤਲੀ ਜਿੱਤ ਮਹਾਂ ਸਿੰਘ ਦੇ ਹੱਥ ਰਹੀ ਸੀ । ਪਹਿਲੀ ਲੜਾਈ ਉਪਰੰਤ ਕੱਸਬਾ ਰਸੂਲ ਨਗਰ ਮਹਾਂ ਸਿੰਘ ਦੇ ਅਧਿਕਾਰ ਹੇਠ ਆ ਗਿਆ ਅਤੇ ਦੂਜੀ ਵੇਰਾਂ ਅਲੀਪੁਰ (ਅਕਾਲਗੜ੍ਹ) ਅਤੇ ਮੰਚਰ ਦੇ ਕਿਲ੍ਹੇ ਵੱਧਦੇ ਹੋਏ ਖ਼ਾਲਸਾ ਰਾਜ ਦਾ ਭਾਗ ਬਣ ਗਏ ਤੇ ਚੱਠਿਆਂ ਨੂੰ ਆਪਣਾ ਮੌਰੂਸੀ ਤੇ ਖ਼ੁਦ-ਮੁਖ਼ਤਿਆਰ ਇਲਾਕਾ ਛੱਡਣਾ ਪਿਆ । ਇਹਨਾਂ ਦੋਹਾਂ ਹਾਰਾਂ ਦਾ ਵੇਰਵਾ ਦੇਣ ਲੱਗਿਆਂ ਕਵੀ ਪੀਰ ਮੁਹੰਮਦ ਨੇ ਇਹ ਪ੍ਰਗਟ ਕਰਨ ਦਾ ਯਤਨ ਕੀਤਾ ਹੈ ਕਿ ਮਹਾਂ ਸਿੰਘ ਨੇ ਹਰ ਇਕ ਮੌਕੇ ਤੇ ਮੱਕਰ ਫ਼ਰੇਬ ਤੇ ਧੋਖੇ ਨਾਲ ਕੰਮ ਲਿਆ ਅਤੇ ਆਪਣੇ ਬਹਾਦਰ ਪਰ ਭੋਲੇ ਭਾਲੇ ਵੈਰੀ ਨੂੰ ਦਾਉ ਪੇਚ ਵਿਚ ਅੜੁੰਗ ਲਿਆ ।

1. ਵੇਖੋ ਬੰਦ ਨੰ: 74 ਜਿਥੇ ਤਬਰਕਾਤ ਦਾ ਜ਼ਿਕਰ ਕਰਦਾ ਹੈ :—Relics of Prophet Muhammad ਜੋ ਇਸਨੇ ਜਮ੍ਹਾਂ ਕਰ ਰਖੇ ਸੀ ।

2. ਭਾਵ ਗ਼ੁਲਾਮ ਮੁਹੰਮਦ ਪੁੱਤਰ ਸਰਦਾਰ ਪੀਰ ਮੁਹੰਮਦ ਤੋਂ ਹੈ ।

*Original with:*
Language Department Punjab
*Digitized by:*
Panjab Digital Library

ਭਲਾਂ ਇਹ ਬਿਆਨ ਹਰ ਇਕ ਮੌਕੇ ਦੀ ਹਾਰ ਲਈ ਕਾਫ਼ੀ ਤੇ ਮੰਨਣ ਯੋਗ ਕਿਸ ਤਰ੍ਹਾਂ ਹ ਸਕਦਾ ਹੈ ? ਕਾਠ ਦੀ ਹਾਂਡੀ ਇਕੋ ਵਾਰ ਚੜ੍ਹਦੀ ਹੈ ਘੜੀ ਘੜੀ ਨਹੀਂ । ਦੁਸ਼ਮਣ ਨਾਲ ਧੋਖਾ ਇਕ ਅੱਧੀ ਵੇਰ ਤੋਂ ਵਧੇਰੇ ਕਿਵੇਂ ਸਫ਼ਲ ਹੋ ਸਕਦਾ ਹੈ ? ਪਰ ਕਵੀ ਪੀਰ ਮੁਹੰਮਦ ਦੇ ਕਹਿਣ ਮੂਜਬ ਚੱਠਾ ਸਰਦਾਰ ਘੜੀ ਮੁੜੀ ਮਹਾਂ ਸਿੰਘ ਦੇ ਦਾਉ-ਪੇਚ ਵਿਚ ਆ ਜਾਂਦਾ ਹੈ । ਇਸ ਤੋਂ ਦੋ ਹੀ ਗੱਲਾਂ ਸਿੱਧ ਹੋ ਸਕਦੀਆਂ ਹਨ ਕਿ ਜਾਂ ਤਾਂ ਕਵੀ ਦਾ ਬਿਆਨ ਪੂਰੇ ਤੌਰ ਤੇ ਮੰਨਣ ਯੋਗ ਨਹੀਂ, ਕਿਉਂਕਿ ਇਸ ਵਿਚ ਕਵੀ ਨੇ ਆਪਣੇ ਚੱਠੇ ਸਰੋਤਿਆਂ ਤੇ ਪਾਠਕਾਂ ਦੇ ਦਿਲਾਂ ਨੂੰ ਢਾਰਸ ਦੇਣ ਲਈ ਹਾਰ ਦੀ ਤੁਹਮਤ ਤੇ ਲੱਜਿਆ ਦਾ ਕੁਝ ਹਿੱਸਾ ਮਹਾਂ ਸਿੰਘ ਦੇ ਗਲ ਮੜ੍ਹ ਦਿੱਤਾ ਹੈ । ਦੂਜਾ ਇਹ ਕਿ ਜੇਕਰ ਕਵੀ ਦਾ ਬਿਆਨ ਸੋਲਾਂ ਆਨੇ ਸਹੀ ਹੈ ਤੇ ਇਸ ਵਿਚ ਕੋਈ ਮਿਲਾਵਟ ਨਹੀਂ ਤਾਂ ਇਹ ਗੱਲ ਸਿੱਧ ਹੁੰਦੀ ਹੈ ਕਿ ਚੱਠੇ ਸਰਦਾਰ, ਜੋ ਬਾਰ ਬਾਰ ਵੈਰੀ ਦੇ ਦਾਉ-ਪੇਚ ਵਿਚ ਫ਼ੱਸ ਜਾਂਦੇ ਹਨ, ਉਹ ਹਕੂਮਤ ਕਰਣ ਦੇ (ਸੁਤੰਤਰ ਹਾਕਮ ਰਹਿ ਸਕਣ ਦੇ) ਯੋਗ ਨਹੀਂ ਸਨ । ਭਾਵੇਂ ਕਿਸੇ ਭਾਵ ਨਾਲ ਵੀ ਇਹ 'ਵਾਰ' ਕਵੀ ਨੇ ਲਿਖੀ ਹੋਵੇ ਅਰਥਾਤ ਚੱਠਿਆਂ ਦੇ ਦੇਸ਼ ਭਗਤ ਹੋਣ ਵੱਜੋਂ ਜਾਂ ਸ: ਖ਼ੁਦਾ ਬਖ਼ਸ਼ ਚੱਠੇ ਦੇ ਕਹਿਣ ਸੁਣਨ ਤੇ ਜਾਂ ਉਸ ਪਾਸੋਂ ਕੁਝ ਇਨਾਮ ਹਾਂਸਲ ਕਰਨ ਦੀ ਆਸ ਨਾਲ ਪਰੰਤੂ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਵੀ ਪੀਰ ਮੁਹੰਮਦ ਨੇ ਇਹ 'ਵਾਰ' ਲਿਖ ਕੇ ਪੰਜਾਬੀ ਸਾਹਿੱਤ ਵਿਚ ਸ਼ਲਾਘਾ ਯੋਗ ਵਾਧਾ ਕਰ ਦਿੱਤਾ ਹੈ । ਹੁਣ ਅਸੀਂ ਇਸ 'ਵਾਰ' ਦੇ ਸਾਹਿੱਤਕ ਪੱਖ ਨੂੰ ਆਪਣੇ ਪਾਠਕਾਂ ਸਾਹਮਣੇ ਪੇਸ਼ ਕਰਦੇ ਹਾਂ ।

*Original with:*
Language Department Punjab
*Digitized by:*
Panjab Digital Library

## ਪੀਰ ਮੁਹੰਮਦ ਸਾਹਿੱਤਕ ਦ੍ਰਿਸ਼ਟੀਕੋਣ ਤੋਂ

**ਮੂਲ ਪਾਠ ਬਾਰੇ :**—ਪੀਰ ਮੁਹੰਮਦ ਦੀ ਇਹ ਵਾਰ ਦੇਸ਼ ਵਿਚ ਕੁਝ ਜ਼ਿਆਦਾ ਲੋਕਪ੍ਰਿਅ ਹੋਈ ਮਲੂਮ ਨਹੀਂ ਹੁੰਦੀ, ਹਾਲਾਂ ਕਿ ਕਵੀ ਨੇ ਠੇਠ ਪੰਜਾਬੀ ਜ਼ਬਾਨ ਤੇ ਨਿਰੋਲ ਪੰਜਾਬੀ ਮੁਹਾਵਰਿਆਂ ਦੀ ਵਰਤੋਂ ਕੀਤੀ ਹੈ, ਛੰਦਾਂ ਵਿਚ ਰਵਾਨੀ ਤੇ ਸਾਦਗੀ ਹੈ। ਸਾਡੇ ਖ਼ਿਆਲ ਵਿਚ ਇਸ ਕਵਿਤਾ ਦੇ ਹਰਮਨ ਪਿਆਰੇ ਨਾ ਹੋਣ ਦਾ ਇਕ ਕਾਰਣ ਤਾਂ ਇਹ ਹੈ ਕਿ ਜਿਸ ਵੇਲੇ ਇਹ ਵਾਰ ਤਿਆਰ ਕੀਤੀ ਗਈ ਸੀ ਉਸ ਵਕਤ ਸਿੱਖਾਂ ਦਾ ਰਾਜ ਵੀ ਖ਼ਤਮ ਹੋ ਚੁੱਕਾ ਸੀ ਅਤੇ ਚੱਠਿਆਂ ਦੀ ਨਿੱਕੀ ਜਿਹੀ ਖ਼ੁਦ-ਮੁਖ਼ਤਿਆਰ ਰਿਆਸਤ ਤਾਂ ਭਲਾਂ ਪਹਿਲਾਂ ਹੀ ਖ਼ਤਮ ਹੋ ਚੁੱਕੀ ਸੀ, ਇਸ ਲਈ ਲੋਕਾਂ ਨੂੰ ਇਸ ਰੱਚਨਾ ਦੇ ਵਿਸ਼ੇ ਵਿਚ ਕੋਈ ਦਿਲਚਸਪੀ ਨਹੀਂ ਸੀ ਰਹਿ ਗਈ ਜੋ ਇਸ ਨੂੰ ਸ਼ੌਕ ਨਾਲ ਪੜ੍ਹਦੇ, ਸੁਣਦੇ ਜਾਂ ਗਾਂਵਦੇ। ਦੂਜਾ ਕਾਰਣ ਇਹ ਮਲੂਮ ਹੁੰਦਾ ਹੈ ਕਿ ਅੰਗਰੇਜ਼ੀ ਅਮਲਦਾਰੀ ਸ਼ੁਰੂ ਹੁੰਦੇ ਹੀ ਪੰਜਾਬ ਵਿਚ ਨਵੀਂ ਵਿੱਦਿਆ ਪਰਣਾਲੀ ਲਾਗੂ ਕੀਤੀ ਗਈ, ਜਿਸ ਵਿਚ ਹਿੰਦੀ ਤੇ ਪੰਜਾਬੀ ਭਾਸ਼ਾਵਾਂ ਨੂੰ ਕੋਈ ਖ਼ਾਸ ਥਾਂ ਨਹੀਂ ਸੀ ਦਿੱਤੀ ਗਈ। ਇਸ ਲਈ ਇਨ੍ਹਾਂ ਭਾਸ਼ਾਵਾਂ ਤੇ ਇਨ੍ਹਾਂ ਵਿਚ ਲਿਖੇ ਹੋਏ ਸਾਹਿੱਤ ਵੱਲੋਂ ਲੋਕਾਂ ਦਾ ਧਿਆਨ ਹੌਲੇ ਹੌਲੇ ਹੱਟਣਾ ਸ਼ੁਰੂ ਹੋ ਗਿਆ। ਸਾਡੇ ਖ਼ਿਆਲ ਵਿਚ ਇਕ ਪੀਰ ਮੁਹੰਮਦ ਹੀ ਨਹੀਂ ਬਲਕਿ ਹੋਰ ਵੀ ਕਈ ਪੰਜਾਬੀ ਭਾਸ਼ਾ ਦੇ ਕਵੀ ਹੋਣਗੇ ਜਿਨ੍ਹਾਂ ਨੇ ਬੀਰਤਾ ਦੇ ਕਈ ਇਕ ਵਾਕਿਆਤ ਨੂੰ ਕਵਿਤਾ ਵਿਚ ਬਿਆਨਿਆ ਹੋਵੇਗਾ ਪਰ ਉਨ੍ਹਾਂ ਦੀਆਂ ਰਚਨਾਵਾਂ ਜੰਗਲ ਦੇ ਉਨ੍ਹਾਂ ਫੁੱਲਾਂ ਵਾਂਗ ਜਿਨ੍ਹਾਂ ਦੀ ਸੁੰਦਰਤਾ ਤੇ ਵਾਸ਼ਨਾ ਨੂੰ ਮਾਣਨ ਦਾ ਕਿਸੇ ਨੂੰ ਮੌਕਾ ਨਹੀਂ ਮਿਲਦਾ, ਸਾਡੀਆਂ ਅੱਖਾਂ ਤੋਂ ਓਝਲ ਹੋ ਚੁੱਕੀਆਂ ਹਨ। ਅਜੇ ਵੀ ਪੰਜਾਬੀ ਸਾਹਿੱਤ ਦੇ ਪ੍ਰੇਮੀ ਜੇਕਰ ਹਿੰਮਤ ਕਰਕੇ ਅਜਿਹੀਆਂ ਰਚਨਾਵਾਂ ਨੂੰ ਇਕੱਠਾ ਕਰਨ ਦਾ ਯਤਨ ਕਰਨ ਤਾਂ ਸੰਭਵ ਹੈ ਕਿ ਦੇਸ਼ ਦੇ ਇਤਹਾਸ ਤੇ ਸਾਹਿੱਤ ਉਪਰ ਚਾਨਣ ਪਾਉਣ ਵਾਲੇ ਮਿਲ ਜਾਵਣ।

ਪੀਰ ਮੁਹੰਮਦ ਦੀ ਇਹ 'ਵਾਰ' ਇਸ ਤਰ੍ਹਾਂ ਪੜ੍ਹੇ ਲਿਖੇ ਲੋਕਾਂ ਦੀਆਂ ਅੱਖਾਂ ਤੋਂ ਓਝਲ ਹੀ ਰਹੀ। ਸਾਡਾ ਧਿਆਨ ਪਹਿਲੀ ਵਾਰ ਇਸ ਵੱਲ 35 ਕੁ ਸਾਲ ਪਹਿਲਾਂ ਮੇਰੇ ਮਰਹੂਮ ਮਿੱਤਰ ਤੇ ਸਾਥੀ ਪ੍ਰੋਫ਼ੈਸਰ ਕਾਜ਼ੀ ਫ਼ਜ਼ਲਹੱਕ ਗੌਰਮਿੰਟ ਕਾਲਜ ਲਾਹੌਰ ਨੇ ਦਿਵਾਇਆ

Original ...
Language Department Punjab
Digitized by:
Panjab Digital Library

ਸੀ ਜਦੋਂ ਉਹ ਇਸ ਵਾਰ ਨੂੰ ਪ੍ਰਕਾਸ਼ਿਤ ਕਰਨ ਲਈ ਇਕ ਪੁਰਾਣੇ ਹੱਥ ਲਿਖੇ ਖਰੜੇ ਤੋਂ ਇਸ ਕਿਤਾਬ ਦਾ ਮੂਲ ਖਰੜਾ ਤਿਆਰ ਕਰ ਰਹੇ ਸਨ। ਇੱਕ ਛੋਟੇ ਜਿਹੇ ਪੈਂਫਲਿਟ ਦੀ ਸ਼ਕਲ ਵਿਚ ਉਰਦੂ ਹਰਫਾਂ ਵਿਚ ਕਾਜ਼ੀ ਸਾਹਿਬ ਨੇ ਇਸ ਨੂੰ ਪ੍ਰਕਾਸ਼ਿਤ ਕੀਤਾ ਸੀ ਤੇ ਇਕ ਕਾਪੀ ਮੈਨੂੰ ਵੀ ਭੇਂਟ ਕੀਤੀ ਸੀ, ਪਰ ਉਸ ਅਗੱਸਤ 1947 ਵਿਚ ਪੰਜਾਬ ਦੀ ਵੰਡ ਹੋਣ ਦੇ ਸਮੇਂ ਮੇਰੀਆਂ ਬਾਕੀ ਕਿਤਾਬਾਂ ਅਤੇ ਹੋਰ ਸਮਾਨ ਦੇ ਨਾਲ ਮੇਰੇ ਲਾਹੌਰ ਵਾਲੇ ਮਕਾਨ ਵਿਚ ਹੀ ਰਹਿ ਗਈ ਤੇ ਇਸ ਤਰ੍ਹਾਂ ਸਦਾ ਲਈ ਮੇਰੇ ਹੱਥੋਂ ਨਿਕਲ ਗਈ। ਇਸ ਵਾਰ ਦੀ ਛੱਪੀ ਹੋਈ ਇਕ ਕਾਪੀ ਗੁਰਮੁਖੀ ਹਰਫਾਂ ਵਿਚ ਹੈ। ਉਸ ਦੀ ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ ਵੀ ਥੋੜੀ ਜਿਹੀ ਸੰਪਾਦਨਾ ਕੀਤੀ ਸੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਹੋਈ ਸੀ। ਇਸ ਵਾਰ ਦਾ ਇਕ ਨੱਕਲ ਸ਼ੁਦਾ ਮਸੌਦਾ ਮੇਰੇ ਪਾਸ ਮੌਜੂਦ ਸੀ। ਇਹ ਨੱਕਲ ਜਿਥੋਂ ਤਕ ਇਸ ਵਕਤ ਮੇਰੀ ਯਾਦਾਸ਼ਤ ਕੰਮ ਕਰਦੀ ਹੈ ਮੈਂ ਇਸ ਨੁਸਖ਼ੇ ਦਾ ਉਤਾਰਾ ਕਰਵਾਇਆ ਸੀ ਜੋ ਮੈਨੂੰ ਮੇਰੇ ਸੁਰਗਵਾਸੀ ਦੋਸਤ ਪੰਡਤ ਵਜ਼ੀਰ ਚੰਦ ਤਰਿਖਾ ਨੇ ਸੰਨ 1930–31 ਵਿਚ ਆਪਣੇ ਨਾਯਾਬ ਕੁਤਬ ਖ਼ਾਨੇ ਵਿਚੋਂ ਇਸ ਮੰਤਵ ਲਈ ਦਿੱਤਾ ਸੀ। ਆਪਣੇ ਉਤਾਰੇ ਦੇ ਹਾਸ਼ੀਏ ਵਿੱਚ ਦੋ ਚਾਰ ਥਾਵਾਂ ਤੇ ਮੇਰੇ ਹੱਥ ਨਾਲ ਲਿਖੇ ਹੋਏ ਨੋਟਾਂ ਤੋਂ ਜ਼ਾਹਰ ਹੁੰਦਾ ਹੈ ਕਿ ਇਸ ਉਤਾਰੇ ਦਾ ਮੈਂ ਕਾਜ਼ੀ ਫਜ਼ਲ ਹੱਕ ਸਾਹਿਬ ਦੀ ਛੱਪੀ ਹੋਈ ਪੁਸਤਕ ਨਾਲ ਕਿਸੇ ਸਮੇਂ ਮੁਕਾਬਲਾ ਕੀਤਾ ਸੀ। ਮੁੱਕਦੀ ਗੱਲ ਇਹ ਹੈ ਕਿ ਵਾਰ ਦੀ ਟੈਕਸਟ ਤਿਆਰ ਕਰਨ ਲਈ ਸਾਡੇ ਪਾਸ ਇਸ ਵਕਤ ਇਕ ਸਾਡੇ ਆਪਣੇ ਵਾਲੇ ਉਤਾਰੇ ਤੇ ਦੂਜੇ ਸ਼੍ਰੋਮਣੀ ਕਮੇਟੀ ਵਲੋਂ ਛਪੀ ਹੋਈ ਪੁਸਤਕ ਬਿਨਾਂ ਹੋਰ ਕੁਝ ਨਹੀਂ ਹੈ। ਚੀਫ਼ ਖ਼ਾਲਸਾ ਦੀਵਾਨ ਵਾਲੀ ਕਾਪੀ ਵਿਚ ਸਿਰਫ......ਬੰਦ ਹਨ। ਸਾਡੇ ਉਤਾਰੇ ਵਿਚ ਤੇ ਗ਼ਾਲਬਨ ਕਾਜ਼ੀ ਫ਼ਜ਼ਲ ਹੱਕ ਵਾਲੀ ਕਾਪੀ ਵਿਚ ਵੀ 98 ਬੰਦ ਹੀ ਹਨ। ਬਾਕੀ ਪਾਠ ਭੇਦ ਦਾ ਕੋਈ ਖ਼ਾਸ ਫ਼ਰਕ ਨਹੀਂ।

**ਸੀਤਾ ਰਾਮ ਕੋਹਲੀ**

*Original with:*
Language Department Punjab
*Digitized by:*
Panjab Digital Library

# ਚੱਠਿਆਂ ਦੀ ਵਾਰ

ਰੱਬ ਜੱਬਾਰ[1] ਕ੍ਹਹਾਰ[2] ਦਾ, ਕਿਸੇ ਅੰਤ ਨਾ ਪਾਇਆ।
ਤੇ ਕਹਿ ਕੇ ਲਫ਼ਜ਼ ਉਸ "ਕੁਨ"[3] ਦਾ ਸਭ ਮੁਲਕ[4] ਬਣਾਇਆ।
ਤੇ ਆਦਮ ਹੱਵਾ[5] ਸਿਰਜ ਕੇ, ਉਸ ਆਪ ਲਖਾਇਆ।
ਤੇ ਕੱਢ ਉਨ੍ਹਾਂ ਨੂੰ ਜੰਨ੍ਹਤੋਂ, ਵਿਛੋੜਾ ਪਾਇਆ।
ਤੇ ਘਤ ਤੂਫ਼ਾਨ ਉਸ ਨੂਹ[6] ਨੂੰ, ਚਾ ਗ਼ਰਕ ਕਰਾਇਆ।
ਤੇ ਇਬਰਾਹੀਮ ਖ਼ਲੀਲ[7] ਨੂੰ, ਚਾ ਚਿਖ਼ਾ ਚੜ੍ਹਾਇਆ।

---

1. ਸਖ਼ਤੀ ਕਰਨ ਵਾਲਾ।

2. ਕ੍ਹਹਾਰ-ਕਹਿਰ ਕਟਨ ਵਾਲਾ-ਨੰ: 1 ਤੇ ਨੰ: 2 ਤੋਂ ਭਾਵ ਹੈ ਸਰਬ ਸ਼ਕਤੀਮਾਨ ਪਰਮੇਸ਼ਵਰ ਜੋ ਸਭ ਕੁਝ ਕਰ ਸਕਦਾ ਹੈ। (ਜੱਬਾਰ ਕੱਹਾਰ ਦੀ ਥਾਂ ਪ੍ਰਾ ਜੰ: ਵਿਚ ਪਾਠ 'ਬਿਅੰਤ ਅਪਾਰ' ਹੈ)।

3. ਕੁਨ-'ਕੁਨ ਫਕੁਨ' ਦਾ ਪਹਿਲਾ ਸ਼ਬਦ 'ਕੁਨ' ਦਾ ਅਰਥ ਹੈ, ਹੋ ਜਾ। ਦੋਹਾਂ ਸ਼ਬਦਾਂ ਦਾ ਭਾਵ ਹੈ ਕਿ ਇਹ ਰੱਚਨਾ ਅਕਾਲ ਪੁਰਖ ਦੇ ਸ਼ਬਦ 'ਹੋ ਜਾ' ਕਹਿਣ ਨਾਲ 'ਹੋ ਗਈ' ਭਾਵ ਇਹ ਸ੍ਰਿਸ਼ਟੀ, ਉਸ ਦੇ ਹੁਕਮ ਨਾਲ ਹੋਂਦ ਵਿਚ ਆਈ।

4. ਪ੍ਰਾ. ਜੰ: ਵਿਚ 'ਮੁਲਕ' ਦੀ ਥਾਂ 'ਜਗਤ' ਹੈ।

5. ਅਕਾਲ ਪੁਰਖ ਦੁਆਰਾ ਸਾਜੇ ਗਏ ਪਹਿਲੇ ਮਰਦ ਅਤੇ ਔਰਤ ਦਾ ਨਾਂ।

6. ਈਸਾਈ ਅਤੇ ਮੁਸਲਮ ਰੀਤਾਂ ਅਨੁਸਾਰ ਇਕ ਪੈਗ਼ੰਬਰ। ਇਨ੍ਹਾਂ ਨੂੰ ਆਦਮ ਦੀ ਦਸਵੀਂ ਪੀਹੜੀ ਵਿਚੋਂ ਦੱਸਿਆ ਗਿਆ ਹੈ। ਕਹਿੰਦੇ ਹਨ ਜਦੋਂ ਉਸ ਸਮੇਂ ਸੰਸਾਰ ਵਿਚ ਪਾਪ ਬਹੁਤ ਵੱਧ ਗਏ ਤਾਂ ਅਕਾਲ ਪੁਰਖ ਨੇ ਸਾਰੀ ਪ੍ਰਿਥਵੀ ਗ਼ਰਕ ਕਰ ਦਿੱਤੀ ਪਰ 'ਹਜ਼ਰਤ ਨੂਹ' ਦੀ ਕਿਸ਼ਤੀ ਵਿਚ ਸਵਾਰ ਉਨ੍ਹਾਂ ਦੇ ਪਰਿਵਾਰ ਅਤੇ ਹੋਰ ਇਕ ਜਾਨਵਰ ਦੇ ਜੋੜੇ ਨੂੰ ਬਚਾ ਲਿਆ।

7. ਮੁਸਲਮਾਨਾਂ ਦੇ ਇਕ ਪੈਗ਼ੰਬਰ ਇਬਰਾਹੀਮ ਖ਼ਲੀਲ ਨੂੰ ਨਮਰੂਦ ਨੇ ਚਿਖਾ ਵਿਚ ਸੁਟਵਾ ਦਿੱਤਾ ਸੀ ਪਰ ਰੱਬ ਦੀ ਮਿਹਰ ਨਾਲ ਉਹ ਫੁੱਲਾਂ ਦੀ ਸੇਜ ਬਣ ਗਈ ਅਤੇ ਆਪ ਦਾ ਵਾਲ ਵੀ ਵਿੰਗਾ ਨਾ ਹੋਇਆ।

Original:
Language Department Punjab
Digitized by:
Panjab Digital Library

ਤੇ ਇਸਮਾਈਲ[1] ਉਸ ਬਾਪ ਥੀਂ, ਚਾ[2] ਆਪ ਕੁਹਾਇਆ।
ਰਖ ਆਰਾ ਸਿਰ ਜ਼ਕਰੀਏ[3], ਉਸ ਚੀਰ ਵਢਾਇਆ।
ਸਿਰ ਯਹੀਆ[4] ਦਾ ਕੱਟ ਕੇ, ਵਿਚ ਥਾਲ ਟਿਕਾਇਆ।
ਤੇ ਯੂਨਸ[5] ਨੂੰ ਮੂੰਹ ਮੱਛ ਦੇ, ਉਸ ਚਾ ਨਿਗਲਾਇਆ।
ਤੇ ਕੀੜੇ ਪਾ ਅਯੂਬ[6] ਨੂੰ, ਉਸ ਤਰਸ ਨਾ ਆਇਆ।
ਤੇ ਤਖ਼ਤੋਂ ਸੁੱਟ ਸੁਲੇਮਾਨ[7] ਨੂੰ, ਉਸ ਭੱਠ ਝੁਕਾਇਆ।
ਤੇ ਚਾਲੀ ਸਾਲ ਅਯੂਬ ਨੇ, ਰੋ ਹਾਲ ਵੰਞਾਇਆ।
ਤੇ ਯੂਸਫ਼[8] ਜੇਹੇ ਚੰਨ ਨੂੰ, ਵਿਚ ਖੂਹ ਸੁਟਾਇਆ।
ਤੇ ਉਸ ਨੂੰ ਖੂਹੋਂ ਕੱਢ ਕੇ ਫਿਰ ਕੈਦ ਰਖਾਇਆ।
ਤੇ ਈਸਾ ਹੱਥ ਨਿਸਾਰ[9] ਥੀਂ, ਅਸਮਾਨ ਚੜ੍ਹਾਇਆ।
ਮੂਸੇ[10] ਨੂੰ ਕੋਹਤੂਰ[11] ਨੇ, ਮੂੰਹ ਭਾਰ ਸੁਟਾਇਆ।

---

1. ਕਹਾਵਤ ਹੈ ਕਿ ਜਦੋਂ ਹਜ਼ਰਤ ਇਬਰਾਹੀਮ ਆਪਣੇ ਪੁੱਤਰ ਇਸਮਾਈਲ ਨੂੰ ਕੁਰਬਾਨ ਕਰਨ ਲੱਗੇ ਤਾਂ ਫ਼ਰਿਸ਼ਤਿਆਂ ਨੇ ਉਨ੍ਹਾਂ ਦੀ ਥਾਂ ਮੀਢਾ ਪੇਸ਼ ਕਰ ਦਿੱਤਾ।

2. ਪ੍ਰਾ: ਜ਼ੀ: ਵਿਚ ਪਾਠ 'ਜਾ' ਹੈ।

3. ਹਜ਼ਰਤ ਈਸਾ ਦੀ ਮਾਤਾ ਮਰੀਅਮ ਤੇ ਚਾਚੇ ਦਾ ਪੁੱਤਰ। ਬੀਬੀ ਮਰੀਅਮ ਦੇ ਅੱਣਵਿਆਹੇ ਹੀ ਗਰਭਵਤੀ ਹੋ ਜਾਣ ਦੇ ਕਾਰਣ ਲੋਕਾਂ ਤੋਂ ਡਰਦਿਆਂ ਆਪ ਇਕ ਦਰੱਖਤ ਦੇ ਤਣੇ ਵਿਚ ਜਾ ਲੁਕੇ। ਲੋਕਾਂ ਨੇ ਆਪ ਨੂੰ ਸਣੇ ਦਰੱਖਤ ਦੇ ਚੀਰ ਸੁੱਟਿਆ।

4. ਯਹੀਆ ਜ਼ਕਰੀਏ ਦਾ ਪੁੱਤਰ ਸੀ ਜਿਸ ਦਾ ਸਿਰ ਇਕ ਲੜਕੀ ਨੇ ਚਲਾਕੀ ਨਾਲ ਕਟਵਾਇਆ ਸੀ।

5. ਇਜ਼ਰਾਈਲ ਦੇ ਨੱਬੀਆਂ ਵਿਚੋਂ ਇਕ ਨਬੀ, ਅਕਾਲ ਪੁਰਖ ਦੇ ਹੁਕਮ ਨਾਲ ਇਕ ਮੱਛੀ ਨੇ ਉਨ੍ਹਾਂ ਨੂੰ 40 ਦਿਨ ਆਪਣੇ ਪੇਟ ਵਿਚ ਰੱਖਿਆ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਜਾਨ ਬਚਾਈ।

6. ਇਕ ਮਸ਼ਹੂਰ ਪੈਗ਼ੰਬਰ।

7. ਬਾਦਸ਼ਾਹ ਸੁਲੇਮਾਨ ਦਾ ਰਾਜ—ਜਿੰਨਾਂ ਭੂਤਾਂ ਆਦਿ ਤੇ ਵੀ ਸੀ। ਆਪ ਬਾਦਸ਼ਾਹ ਵੀ ਸਨ ਅਤੇ ਆਪ ਨੂੰ ਪੈਗ਼ੰਬਰ ਵੀ ਮੰਨਿਆ ਜਾਂਦਾ ਹੈ।

8. ਆਪ ਅਤਿਅੰਤ ਖ਼ੂਬਸੂਰਤ ਸਨ। ਮਤਰਏ ਭਰਾਵਾਂ ਨੇ ਈਰਖਾਵਸ਼ ਆਪ ਨੂੰ ਖੂਹ ਵਿਚ ਸੁੱਟ ਦਿੱਤਾ। ਉਥੋਂ ਆਪ ਨੂੰ ਰਾਹ ਜਾਂਦੇ ਵਪਾਰੀਆਂ ਕੱਢ ਕੇ ਮਿਸਰ ਦੇ ਬਾਦਸ਼ਾਹ ਕੋਲ ਵੇਚ ਦਿੱਤਾ। ਜ਼ੁਲੇਖਾਂ, ਬਾਦਸ਼ਾਹ ਦੀ ਖ਼ੂਬਸੂਰਤ ਵਹੁਟੀ ਆਪ ਤੇ ਆਸ਼ਕ ਹੋ ਗਈ। ਉਸ ਦੇ ਪਿਆਰ ਨੂੰ ਠੁਕਰਾਉਣ ਕਾਰਣ ਆਪ ਨੂੰ ਕੈਦ ਕਰ ਦਿੱਤਾ ਗਿਆ। ਬਾਦਸ਼ਾਹ ਦੇ ਇਕ ਸੁਫ਼ਨੇ ਦੀ ਤਾਬੀਰ ਠੀਕ ਦੱਸਣ ਕਾਰਣ ਆਪ ਰਿਹਾ ਹੋਏ ਅਤੇ ਉਸ ਦੇ ਵਜ਼ੀਰ ਬਣੇ।

9. ਹਜ਼ਰਤ ਈਸਾ ਦੇ ਪਿੰਡ ਦਾ ਨਾਂ।

10. ਯਹੂਦੀਆਂ ਦੇ ਪੈਗ਼ੰਬਰ ਦਾ ਨਾਂ।

11. ਕੋਹਤੂਰ—ਉਹ ਪਹਾੜ ਹੈ, ਜਿਥੇ ਕੁਰਾਨ ਤੇ ਇੰਜੀਲ ਅਨੁਸਾਰ ਰੱਬ ਨੇ ਮੂਸਾ ਨਾਲ ਗੱਲਾਂ ਕੀਤੀਆਂ।

Original with:
Language Department Punjab
Digitized by:
Panjab Digital Library

ਦੰਦ ਰਸੂਲ ਕਰੀਮ ਦਾ[1], ਸ਼ਹੀਦ ਕਰਾਇਆ ।
ਹਸਨ ਹੁਸੈਨ[2] ਸ਼ਹਿਜ਼ਾਦਿਆਂ, ਕਰਬਲ[3] ਕੁਹਾਇਆ ।
ਪੀਰ ਮੁਹੰਮਦ ਆਖਦਾ, ਵਾਹ ਬਾਰ ਖ਼ੁਦਾਇਆ ।
ਕੀਤੇ[4] ਤੇਰੇ ਖੇਲ ਦਾ, ਕਿਸੇ ਅੰਤ ਨਾ ਪਾਇਆ ।

2.

ਰੱਬ ਸਿਰਜਿਆ ਨਬੀ ਕਰੀਮ[5] ਨੂੰ, ਦੇ ਤਾਜ ਸ਼ਹਾਨਾ ।
ਸਭੇ ਯਾਰ ਰਸੂਲ ਦੇ, ਸਭ ਸਿਰ ਸੁਲਤਾਨਾ ।
ਅੱਵਲ ਯਾਰ ਸਦੀਕ ਹੈ[6], ਥਾਂ ਸਿਦਕ ਤਵਾਨਾ[7] ।
ਪਾਇਆ ਫ਼ਰਕ ਫ਼ਾਰੂਕ ਨੇ, ਵਿਚ ਮੁਸਲਮਾਨਾਂ ।
ਦਿੱਤਾ ਰੱਬ ਉਸਮਾਨ ਨੂੰ, ਸਭ ਮਾਲ ਖ਼ਜ਼ਾਨਾ ।
ਤੇ ਅਲੀ ਸੀ ਸ਼ੇਰ ਖ਼ੁਦਾਏ ਦਾ, ਵਾਹ ਸ਼ੇਰ ਜਵਾਨਾਂ ।
ਤੇ ਮਾਰੇ ਘੇਰ ਉਹ ਕਾਫ਼ਰਾਂ, ਨਿੱਤ[8] ਰਖ ਨਿਸ਼ਾਨਾਂ ।
ਗਏ ਜਹਾਨੋਂ ਸਫ਼ਰ ਕਰ, ਦੇਖ ਰਾਹ ਹਕਾਨਾਂ[9] ।
ਦੁਨੀਆਂ ਝੂਠੋਂ ਝੂਠ ਹੈ, ਸਭ ਕੂੜ ਬਹਾਨਾ ।
ਤੇ ਪੜ੍ਹਿਆ ਲਫ਼ਜ਼ ਇਹ ਮੌਤ ਦਾ, ਅਸਾਂ ਵਿਚ ਕੁਰਾਨਾਂ ।

3.

ਤੇ ਖ਼ਲਕਤ ਗੂਨਾ ਗੂੰ[10] ਭੀ, ਸਭ ਮੌਲਾ ਪਾਈ[11] ।
ਤੇ ਵਾਰੀ ਆਪੋ ਆਪਣੀ, ਸਭ ਮੌਤ ਲੰਘਾਈ ।
ਤੇ ਲਿਖੀ ਆਹੀ ਤੋੜ ਦੀ, ਸਭ ਹੋਂਦੀ ਆਈ ।
ਇਕ ਪੀਰ ਮੁਹੰਮਦ ਨਾਮ ਸੀ, ਧਨ ਜੇਂਦੀ ਮਾਈ ।

---

1. ਪ੍ਰਾ. ਜੈ ਵਿਚ ਪਾਠ ਵੀ "ਚਾ ਭੰਨ ਗੁਆਇਆ" ਹੈ ।
2. ਹਸਨ ਹੁਸੈਨ—ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ ।
3. ਕਰਬਲਾ—ਜਿਥੇ ਹਸਨ ਹੁਸੈਨ ਮਾਰੇ ਗਏ । ਪ੍ਰਾ: ਜੈ: ਵਿਚ ਪਾਠ ਖਪਾਇਆ ਹੈ ।
4. ਪ੍ਰਾ: ਜੈ: ਵਿਚ ਪਾਠ 'ਕੀਤੀ ਤੇਰੀ' ਹੈ ।
5. ਪ੍ਰਾ: ਜੈ: ਵਿਚ ਸ਼ਬਦ 'ਕਰੀਮ' ਨਹੀਂ ।
6. ਪ੍ਰਾ: ਜੈ: ਵਿਚ ਸ਼ਬਦ 'ਜੇਂਦਾ' ਹੈ
7. ਤੱਕੜਾ ।
8. ਪ੍ਰਾ: ਜੈ: ਵਿਚ ਪਾਠ 'ਲਾ ਖ਼ੂਬ' ਹੈ ।
9. ਸੱਚਾ ।
10. ਤਰ੍ਹਾਂ ਤਰ੍ਹਾਂ ਦੀ ।
11. ਪ੍ਰਾ. ਜੈ: ਅਤੇ ਪੰ: ਯੂ: ਵਾਲੀ ਵਾਰ ਵਿਚ ਪਾਠ 'ਰੱਬ ਉਪਾਈ' ਹੈ ।

Original with
Language Department Punjab
Digitized by:
Panjab Digital Library

ਰਸੂਲ[1] ਨਗਰ ਦਾ ਚੋਧਰੀ, ਭੌ ਦੁਸ਼ਮਨ ਖਾਈ ।
ਤੇ ਖ਼ਵੇਸ਼[2] ਕਬੀਲਾ ਆਪਣਾ, ਸਭ ਭੈਣਾਂ ਭਾਈ ।
ਤੇ ਉਸ ਦੀ ਵਿਚ ਪੰਜਾਬ ਦੇ, ਸੀ ਫਿਰੀ ਦੁਹਾਈ ।
ਬੰਦਾ ਸ਼ਾਹ ਇਸਲਾਮ[3] ਸੀ, ਥਾ ਸਿਦਕ ਸਫ਼ਾਈ ।
ਮੋਇਆ ਮੂਲ ਨਾ ਆਖੀਏ, ਨਾਂ ਰਹਿਆ ਜਾਈ ।
ਪਰ ਅਕਸਰ ਏਸ ਜਹਾਨ ਥੀਂ, ਸਭ ਮੋਏ ਭਾਈ ।

4.

ਤੇ ਚੜ੍ਹ ਕੇ ਅਹਿਮਦ ਸ਼ਾਹ ਭੀ, ਕੰਧਾਰੋਂ ਧਾਇਆ ।
ਤੇ ਅਟਕੋਂ ਲੰਘ ਉਰਾਰ ਉਸ, ਬੇਰਾਜਾ[4] ਪਾਇਆ ।
ਸੁਲਤਾਨ ਮੁਕਰਬ[5] ਬਾਦਸ਼ਾਹ, ਗੁਜਰਾਤ ਬਹਾਇਆ ।
ਤੇ ਆਪੋਂ ਮੁੜ ਕੇ ਚਲਿਆ, ਜਿਸ ਰਾਹ ਸੀ ਆਇਆ ।
ਪਰ ਜ਼ਾਲਮ ਸਿਰ ਪਰ ਮਾਰੀਏ ਜਿਸ ਜ਼ੁਲਮ ਉਠਾਇਆ ।
ਤੇ ਸਿੰਘ[6] ਨੂੰ ਲਿਖ ਕਰ ਘਲਿਆ, ਖ਼ਤ ਰਹਿਮਤ[7] ਖ਼ਾਂ ਨੇ ।
ਤੇ ਜ਼ੁਲਮ ਉਠਾਇਆ ਏਸ ਨੇ, ਹੁਣ ਵਿਚ ਜਹਾਨੇ ।
ਤੇ ਆਓ ਇਸ ਨੂੰ ਮਾਰੀਏ, ਕਿਸੇ ਨਾਲ ਬਹਾਨੇ ।
ਤੇ ਲੁਟੀਏ ਮਾਲ ਮਤਾਅ[8] ਭੀ, ਹੋਰ ਸਭ ਖ਼ਜ਼ਾਨੇ ।

... of Languages LIBRARY 12479G PATIALA

---

1. ਚੱਠਿਆਂ ਦੀ ਰਾਜਧਾਨੀ ਇਸ ਦਾ ਪਹਿਲਾ ਨਾਂ 'ਕਟੋਨੂਰ ਮੁਹੰਮਦ' ਹੈ । ਇਸ ਤੋਂ ਬਾਅਦ ਇਸ ਦਾ ਨਾਂ ਰਸੂਲ ਨਗਰ ਰਖਿਆ ਗਿਆ ਅਤੇ ਸ: ਮਹਾਂ ਸਿੰਘ ਨੇ ਰਾਮ ਨਗਰ ਰਖਿਆ ਸੀ ।

2. ਪ੍ਰਵਾਰ ।

3. ਪ੍ਰਾ: ਜੈ: ਵਿਚ ਪਾਠ 'ਬੰਦਾ ਉਹ ਇਸਲਾਮ ਸੀ, ਵਿਚ ਸਿਦਕ ਸਫ਼ਾਈ' ਹੈ । ਕਵੀ ਦੇ ਇਹ ਸ਼ਬਦ ਸਪੱਸ਼ਟ ਕਰਦੇ ਹਨ ਕਿ ਉਸ ਨੂੰ ਪੀਰ ਮੁਹੰਮਦ ਦੀ ਧਾਰਮਕ ਨੀਤੀ ਵਿਸ਼ੇਸ਼ ਤੌਰ ਤੇ ਅਪੀਲ ਕਰ ਰਹੀ ਹੈ ।

4. ਪ੍ਰਾ: ਜੈ: ਤੇ ਪੀ: ਯੂ: ਵਾਲੀ ਵਾਰ ਵਿਚ ਪਾਠ 'ਸਭ ਦੇਸ਼ ਕੰਬਾਇਆ' ਹੈ । ਬੇਰਾਜਾ ਦਾ ਅਰਥ 'ਬਿਨਾਂ ਹਕੂਮਤ' ਦੇ ਹੈ ।

5. ਵੇਖੋ ਭੂਮਿਕਾ ।

6. ਭਾਵ ਸਰਦਾਰ ਗੁੱਜਰ ਸਿੰਘ ਭੰਗੀ ਤੋਂ ਹੈ । ਜਦੋਂ ਦਲ ਖ਼ਾਲਸਾ ਨੇ 1765 ਵਿਚ ਲਾਹੌਰ ਤੇ ਅਧਿਕਾਰ ਜਮਾ ਲਿਆ ਤਾਂ ਸ਼ਹਿਰ ਅਤੇ ਆਸ ਪਾਸ ਦੇ ਇਲਾਕੇ ਨੂੰ ਆਪਸ ਵਿਚ ਵੰਡ ਲਿਆ । ਇਨ੍ਹਾਂ ਵਿਚੋਂ ਇਕ ਸਰਦਾਰ ਗੱਜਰ ਸਿੰਘ ਸੀ । ਇਸ ਦੇ ਇਲਾਕੇ ਦਾ ਨਾਂ ਅਜੇ ਤਕ ਲਾਹੌਰ ਵਿਚ ਕਿਲ੍ਹਾ ਗੁੱਜਰ ਸਿੰਘ ਹੈ ।

7. ਰਹਿਮਤ ਖ਼ਾਂ ਜੰਗਜੂ ਭੱਟੀ ਕਬੀਲੇ ਦਾ ਸਰਦਾਰ ਸੀ । ਇਸ ਦਾ ਹੈਡਕੁਆਰਟਰ ਜਲਾਲਪੁਰ ਜੱਟਾਂ ਸੀ ਜੋ ਕਿ ਪਿੰਡ ਭੱਟੀਆਂ ਦੇ ਨੇੜੇ ਹੈ ।

8. ਮਾਲ ਅਸਬਾਬ ।

*Original with:*
Language Department Punjab
*Digitized by:*
Panjab Digital Library

ਤੇ ਕੀਤਾ ਕੌਲ ਕਰਾਰ ਇਹ, ਮੈਂ ਨਾਲ ਜ਼ੁਬਾਨੇ ।
ਤੇ ਮੂਲੇ ਸ਼ੱਕ ਨਾ ਪਾਵਸਾਂ, ਮੈਂ ਵਿਚ ਇਮਾਨੇ ।
ਤੇ ਦਗ਼ਾ ਹੋਵੇ ਕੁਝ ਏਸ ਵਿਚ, ਤਾਂ ਕ਼ਸਮ ਕ਼ੁਰਾਨੇ ।

5.

ਤੇ ਚੜ੍ਹਿਆ[1] ਗੁੱਜਰ ਸਿੰਘ ਭੀ, ਚੜ੍ਹ ਪਾਰੋਂ ਧਾਏ ।
ਤੇ ਚੌਧਰੀ[2] ਮਹਾਂ ਰਾਜ ਨੇ, ਉਰਾਰ ਲੰਘਾਏ ।
ਰਹਿਮਤ ਖ਼ਾਨ ਅਚਾਨ ਚਕ, ਆ ਕਟਕ ਬਹਾਏ ।
ਸੁਲਤਾਨ ਮੁਕ਼ਰੱਬ ਮਾਰਿਆ, ਸਭ ਮਾਲ ਲੁਟਾਏ ।
ਤੇ ਫਿਰੀ ਦੋਹਾਈ ਖ਼ਾਲਸਾ, ਸਭ ਰਾਜ ਬਹਾਏ ।
ਤੇ ਹੱਦੀ ਆਪੋ ਆਪਣੀ, ਸਭ ਮੁਲਕ ਦਬਾਏ ।
ਤੇ ਚੰਗੇ ਚੰਗੇ ਆਦਮੀ, ਸਭ ਮਾਰ ਖਪਾਏ ।
ਪਰ ਕਲਮ ਵੜੀ ਤਕਦੀਰ ਦੀ ਉਸ ਕੌਣ ਮਿਟਾਏ[3] ।

6.

ਪਰ ਉਤੇ ਪੀਰ ਮੁਹੰਮਦੇ, ਸਿੰਘ ਧਰਿਆ ਟੱਕਾ[4] ।
ਤੇ ਅੱਗੇ ਪਿੱਛੇ ਉਸ ਦੇ, ਮੂੰਹ[5] ਝੁਰ ਝੁਰ ਥੱਕਾ ।
ਜੇ ਮੁਲਕ ਆਹਾ ਇਹ ਖ਼ਾਲਸਾ, ਤੁਧ[6] ਕੀਤਾ ਮੱਕਾ ।

---

1. ਪ੍ਰਾ: ਜੰ: ਪੰ: ਯੂ: ਵਾਲੀ ਵਾਰ ਵਿਚ ਪਾਠ ਹੈ ? 'ਚੜ੍ਹਕੇ ਗੁੱਜਰ ਸਿੰਘ ਜੀ' (ਵੀ, ਪੰ. ਯੂ:) ਤਦ ਪਾਰੋਂ ਧਾਏ' ।

2. ਇਹ ਵਜ਼ੀਰਾਬਾਦ ਦਾ ਵੱਸਨੀਕ ਸੀ । ਇਸ ਨੂੰ ਸ: ਗੁੱਜਰ ਸਿੰਘ ਅਤੇ ਉਸ ਦੀ ਫ਼ੌਜ ਨੂੰ ਚਨਾਬ ਪਾਰ ਕਰਨ ਲਈ ਬੇੜੀਆਂ ਦੀ ਸਹਾਇਤਾ ਦਿੱਤੀ। ਪ੍ਰਾ: ਜੰ: ਅਤੇ ਪੰ: ਯੂ: ਵਾਲੀ ਵਾਰ ਵਿਚ ਪਾਠ ਹੈ 'ਚੌਧਰ (ਚੌਧਰੀ) ਧਰ ਮਹਾਰਾਜ ਨੇ' ।

3. ਇਹ ਤੁੱਕ ਅਬਦਾਲੀ ਦੇ 1764 ਵਿਚ ਕੀਤੇ ਹਮਲੇ ਵੱਲ ਸੰਕੇਤ ਹੈ। ਇਧਰ ਆਉਂਦਿਆਂ ਹੀ ਗੱਖੜਾਂ ਦਾ ਸਰਦਾਰ ਮੁਕ਼ਰਬ ਖ਼ਾਂ ਉਸਦੇ ਨਾਲ ਮਿਲ ਗਿਆ। ਕਿਸੇ ਘਟਨਾ ਕਾਰਣ ਅਬਦਾਲੀ ਨੂੰ ਇਥੋਂ ਹੀ ਪਰਤਣਾ ਪਿਆ। ਵਾਪਸ ਜਾਣ ਲਗਿਆਂ ਉਹਨੇ ਗੁਜਰਾਤ ਮੁਕ਼ਰਬ ਖ਼ਾਂ ਦੇ ਹਵਾਲੇ ਕਰ ਦਿੱਤਾ। ਮੁਕ਼ਰਬ ਖ਼ਾਂ ਨੇ ਇਲਾਕੇ ਵਿਚ ਬਹੁਤ ਲੁੱਟ ਮਚਾਈ। ਜਲਾਲਪੁਰ ਜੱਟਾਂ ਦੇ ਚੌਧਰੀ ਰਹਿਮਤ ਖ਼ਾਂ ਨੇ ਸ: ਗੁੱਜਰ ਸਿੰਘ ਭੰਗੀ ਨੂੰ ਸਹਾਇਤਾ ਵਾਸਤੇ ਲਿਖਿਆ ਅਤੇ ਇਨ੍ਹਾਂ ਨੇ ਮੁਕ਼ਰਬ ਖ਼ਾਂ ਨੂੰ ਸ਼ਿਕਸਤ ਦਿੱਤੀ। ਇਕ ਬਿਆਨ ਅਨੁਸਾਰ ਮੁਕ਼ਰਬ ਖ਼ਾਂ ਜੰਗ ਹਾਰ ਕੇ ਦਰਿਆ ਜਿਹਲਮ ਨੂੰ ਪਾਰ ਕਰਦੇ ਹੋਏ ਡੁੱਬ ਕੇ ਮਰ ਗਿਆ। ਇਕ ਹੋਰ ਕਥਨ ਅਨੁਸਾਰ ਉਹ ਏਥੋਂ ਹਾਰ ਖਾ ਕੇ ਰਾਵਲਪਿੰਡੀ ਜਾ ਬੈਠਾ। ਉਥੇ ਦੋਮੇਲੀ ਦੇ ਹਾਕਮ ਗੱਖੜ ਸਰਦਾਰ ਹਿੰਮਤ ਖ਼ਾਂ ਨੇ ਇਸ ਨੂੰ ਪਕੜ ਕੇ ਮਰਵਾ ਦਿੱਤਾ ।

4. ਖਰਾਜ ਮੰਗਿਆ ।

5. ਪ੍ਰਾ: ਜੰ: ਅਤੇ ਪੰ: ਯੂ: ਦੀ ਵਾਰ ਵਿਚ ਪਾਠ 'ਉਹ ਚੜ੍ਹ ਚੜ੍ਹ ਢੱਕਾ' ਹੈ ।

6. ਪ੍ਰਾ: ਜੰ: ਅਤੇ ਪੰ: ਯੂ: ਦੀ ਵਾਰ ਵਿਚ ਸ਼ਬਦ 'ਤੌਦ' ਹੈ, ਜੋ ਗ਼ਲਤ ਲਗਦਾ ਹੈ ।

*Original with:*
Language Department Punjab
*Digitized by:*
Panjab Digital Library

ਪਰ ਚੜ੍ਹਤ ਸਿੰਘ ਸੀ ਸੂਰਮਾਂ, ਉਹ ਆਹਾ[1] ਪੱਕਾ ।
ਉਹ ਡਰਦਾ ਮੂਲ ਨਾ ਉਭਰੇ, ਮਤ ਰਹੇ ਨਾ ਫੱਕਾ ।
ਜੇ ਜੱਟ ਭਲੇਰਾ ਰੱਜਿਆ, ਮਤ ਕਰੇ ਪਿਛੱਕਾ ।
ਪਰ ਮੋਇਆ ਦੇਸ ਆਰਜ਼ੂ ਵਿੱਚ, ਨਾ ਹੋਇਆ ਸੱਕਾ[2] ।

7.

ਜਾਨ ਵੈਰੀ ਚੜ੍ਹਤ ਸਿੰਘ ਦੀ, ਜਾ ਪਈ ਚਹਾਨੀ ।
ਤੇ ਰਿਹਾ ਮਹਾਂ ਸਿੰਘ ਸੀ, ਤਦ ਬੁਧ ਇਆਣੀ[3] ।

8.

ਪਰ ਦੇਸਾਂ[4], ਦੇਸ ਸਿਪਾਹ ਦੀ, ਗੱਲ ਓਹਾ[5] ਪਾਲੀ ।
ਤੇ ਲਸ਼ਕਰ ਫੌਜਾਂ ਓਸ ਥੀਂ, ਸਭ ਹੋਏ ਸਖਾਲੀ ।
ਪਰ ਰਾਜ ਕਮਾਇਆ ਓਸ ਨੇ, ਹੋ ਮੁਲਕੇ[6] ਵਾਲੀ ।

---

1. ਉਪਰੋਕਤ ਦੋਹਾਂ ਵਿਚ ਸ਼ਬਦ 'ਡਾਢਾ' ਹੈ ।

2. ਭਾਵ ਇਹ ਹੈ ਕਿ ਚੜ੍ਹਤ ਸਿੰਘ ਜਮੂੰ ਦੀ ਫ਼ਤਹਿ ਦਾ ਸੁੱਪਨਾ ਦਿਲ ਵਿਚ ਹੀ ਲੈ ਕੇ ਮਰ ਗਿਆ ।

3. ਪੰਜਾਬ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਤ ਵਾਰ ਵਿਚ ਇਸ ਬੰਦ ਦੀਆਂ ਹੇਠ ਲਿਖੀਆਂ ਪੰਜ ਪੰਕਤੀਆਂ ਹਨ :—

ਚੜ੍ਹਤ ਸਿੰਘ ਦੀ ਜਾਨ ਸੀ, ਜਦ ਉਡ ਉਡਾਣੀ ।
ਜਾਂ ਵੈਰੀ ਚੜ੍ਹਤ ਸਿੰਘ ਦੀ, ਜਾ ਪਈ ਚਹਾਨੀ ।
ਰਹਿਆ ਮਹਾਂ ਸਿੰਘ ਸੀ, ਤਦ ਬੁਧ ਇਆਣੀ ।
ਰਾਜ ਕਰਨ ਦੀ ਆਸ ਤੇ, ਦੇਖ ਫਿਰਦਾ ਪਾਣੀ ।
ਸੋਚੀਂ ਪਏ ਸੀ ਸਿੰਘ ਦੇ, ਜੋ ਨਿਮਕ ਖੁਵਾਣੀ ।

ਪਰ ਪਰਾਚੀਨ ਜੰਗ ਨਾਮੇ, ਸੰਪਾਦਤ ਸ੍ਰੀ ਸ਼ਮਸ਼ੇਰ ਸਿੰਘ ਅਸ਼ੋਕ, ਵਿਚ ਚਾਰ ਲਾਈਨਾਂ ਨਾਲ ਹਨ ਤੇ ਉਪਰੋਕਤ ਬੰਦ ਵਾਲੀ ਦੂਜੀ ਪੰਕਤੀ ਨਹੀਂ ਹੈ ।

4. ਮਾਈ ਦੇਸਾਂ ਸ: ਚੜ੍ਹਤ ਸਿੰਘ ਦੀ ਘਰਵਾਲੀ ਦਾ ਨਾਂ ਹੈ ।

5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ 'ਉਹਾ' ਦੀ ਥਾਂ ਤੇ 'ਮੰਨੀ' ਸ਼ਬਦ ਹੈ ।

6. ਪੰ.ਯੂ. ਦੀ ਪੁਸਤਕ ਅਤੇ ਪ੍ਰਾ:ਜੰ: ਵਿਚ ਇਸ ਬੰਦ ਦੇ ਅੰਤ ਵਿਚ ਇਕ ਪੰਕਤੀ ਹੋਰ ਹੈ :—

'ਏਹਾ ਦਿਖਾਇਆ ਹੌਂਸਲਾ, ਸ਼ਾਲ ਕਿੰਨੇ ਨਾ ਭਾਲੀ' ।

*Original with:*
Language Department Punjab
*Digitized by:*
Panjab Digital Library

### 9.

ਜਾਂ ਪਰ ਮਹਾਂ ਸਿੰਘ ਨੇ, ਕੁਝ ਬੁਧ ਪਛਾਣੀ ।
ਸਾੜੀ ਮਾਂ ਓਸ ਮਾਰ ਕੇ, ਚਾ ਵਿਚ ਚਹਾਨੀ[1] ।
ਤੇ ਫਿਰੀ ਦੋਹਾਈ ਓਸ ਦੀ, ਵਿਚ ਕੋਟੀ ਥਾਨੀ ।
ਤੇ ਵੈਰ ਉਠਾਇਆ ਮੁਲਕ ਦਾ, ਓਸ ਨਾਲ ਬਹਾਨੀ[2] ।
ਤੇ ਟੱਕੇ ਲਏ ਉਸ ਜਮੂੰਓਂ[3], ਤਾ ਲੂਨ ਮਿਆਨੀ[4] ।
ਤਰ ਦੇਣੇ ਵਾਲਾ ਰੱਬ ਸੀ, ਉਸ ਏਵੇਂ ਭਾਨੀ ।

### 10.

ਤੇ ਗੱਜਣ ਮਹਾਂ ਸਿੰਘ ਦੇ, ਮੈਦਾਨੀ ਘੋੜੇ ।
ਤੇ ਲਸ਼ਕਰ ਫ਼ੌਜਾਂ ਉਸ ਨੇ, ਸੰਜੋਹਾ ਜੋੜੇ ।
ਤੇ ਆਕੀ ਕੋਈ ਨਾ ਛੱਡਿਆ, ਉਸ ਸੱਭੇ ਤੋੜੇ ।
ਤੇ ਫ਼ਤਿਹ ਹੋਵੇ ਅਜ਼[5] ਗ਼ੈਬ ਦੀ, ਉਹ ਜਿਸ ਵਲ ਦੌੜੇ ।
ਤੇ ਜੇਹਾ ਕੋਈ ਨਾ ਜੰਮਿਆਂ, ਮੂੰਹ ਉਸ ਦਾ ਮੋੜੇ ।

---

1. ਸ: ਮਹਾਂ ਸਿੰਘ ਉਤੇ ਆਪਣੀ ਮਾਤਾ ਦੇ ਕੱਤਲ ਦਾ ਦੋਸ਼ ਲਾਉਣ ਲਈ ਵੀ ਪਾਸ ਕੋਈ ਠੋਸ ਸਬੂਤ ਨਹੀਂ । ਮਾਈ ਦੇਸਾਂ ਦੇ ਮਰਣ ਤੋਂ 70 ਜਾਂ 75 ਸਾਲ ਪਿੱਛੋਂ ਇਹ ਵਾਰ ਪੀਰ ਮੁਹੰਮਦ ਨੇ ਲਿਖੀ । ਮੁਮਕਨ ਹੈ ਕਿ ਚੱਠਿਆਂ ਨੇ ਇਹਨਾ ਨੂੰ ਉਸ ਨੇ ਰਾਜ ਪਾਠ ਤੋਂ ਮਹਿਰੂਮ ਕਰ ਦਿੱਤਾ ਸੀ । ਬਦਨਾਮ ਕਰਨ ਦੀ ਖ਼ਾਤਰ ਇਹ ਮਨ ਘੜਤ ਤੁਹਮਤ ਲਾ ਦਿੱਤੀ ਹੋਵੇ ।

2. ਪੰ: ਖੁ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਸ ਬੰਦ ਅਤੇ ਇਸ ਪੁਸਤਕ ਵਿਚ ਦਿੱਤੇ ਗਏ ਬੰਦ ਦੀਆਂ ਪਹਿਲੀਆਂ ਚਾਰ ਪੰਕਤੀਆਂ ਵਿਚ ਕੁਝ ਅੰਤਰ ਹੈ । ਪਹਿਲੀਆਂ ਦੋਹਾਂ ਪੁਸਤਕਾਂ ਦੀਆਂ ਚਾਰ ਪੰਕਤੀਆਂ ਇਸ ਤਰ੍ਹਾਂ ਹਨ :—

ਜੁਆਨ ਹੋਏ ਮਹਾਂ ਸਿੰਘ ਨੇ, ਜਦ ਸੁਰਤ ਪਛਾਣੀ ।
ਸਾੜੀ ਮਾਂ ਉਸ ਮਾਰ ਕੇ ਗਲ ਕਰੀ ਇਆਣੀ ।
ਫਿਰੀ ਦੁਹਾਈ ਉਸ ਦੀ, ਸਭ ਕੂੰਟੀਂ ਥਾਣੀਂ ।
ਵੈਰ ਉਠਾਇਆ ਮੁਲਕ ਦਾ, ਉਸ ਨਾਲ ਬਹਾਨੀਂ ।

3. 1781 ਅਤੇ 1790 ਦੇ ਵਿਚਕਾਰ ਰਾਜਾ ਬ੍ਰਜਦੇਵ ਦੇ ਸਮੇਂ ਸਰਦਾਰ ਮਹਾਂ ਸਿੰਘ ਨੇ ਜਮੂੰ ਦੀ ਰਿਆਸਤ ਤੇ ਦੋ ਵਾਰ ਹੱਥ ਸਾਫ਼ ਕੀਤਾ ਅਤੇ ਬਹੁਤ ਸਾਰਾ ਮਾਲ ਅਸਬਾਬ ਲੁੱਟਿਆ । ਇਨ੍ਹਾਂ ਹਮਲਿਆਂ ਵਿਚ ਉਸ ਨੇ ਰਾਜੇ ਦਾ ਖ਼ਜ਼ਾਨਾ ਵੀ ਲੁੱਟਿਆ ਅਤੇ ਸ਼ਹਿਰ ਦੇ ਧਨੀਆਂ ਨੂੰ ਵੀ ।

4. ਪਿੰਡ ਦਾਦ ਖ਼ਾਂ ਦੇ ਸਾਹਮਣੇ ਦਰਿਆ ਜਿਹਲਮ ਦੇ ਕੰਢੇ ਉਤੇ ਇਕ ਛੋਟਾ ਜੇਹਾ ਪਿੰਡ ਹੈ । ਇਥੇ ਖਿਉੜੇ ਦੀ ਖਾਨ ਦੇ ਲੂਣ ਦੀ ਮੰਡੀ ਸੀ । ਇਸੇ ਲਈ ਕੱਸਬੇ ਦਾ ਨਾਂ ਵੀ ਲੂਣ ਮਿਆਨੀ ਪੈ ਗਿਆ ਸੀ ।

5. ਪਰਮਾਤਮਾਂ ਵੱਲੋਂ ।

*Original with:*
Language Department Punjab
*Digitized by:*
Panjab Digital Library

ਪਰ ਧਨ ਚੱਠਾ ਜੰਮਨ ਹਾਰੀਏ, ਮਾਂ ਜਮਸੀ[1] ਥੋੜੇ[2] ।
ਤੇ ਉਸ ਦੇ ਜੇਹੇ ਆਦਮੀ, ਘਟ ਲਭਸਨ ਲੋੜੇ ।

## 11.

ਜਦ ਪੀਰ ਮੁਹੰਮਦ ਚਲਿਆ ਕਰ ਸਫਰ ਤਿਆਰੀ ।
ਤੇ ਚੜ੍ਹਿਆ ਨਾਲ[3] ਸਰਦਾਰ ਭੀ, ਫੜ ਖ਼ਾਸ ਸਵਾਰੀ ।
ਪਰ ਰੁਸਤਮ ਮਾਊ ਜੰਮਿਆ, ਜਿਨ ਦੂਜੀ ਵਾਰੀ ।
ਤੇ ਦੌਲਤ ਦੁਨੀਆਂ ਦੀਨ ਵੀ, ਉਸ ਆਹੀ ਸਾਰੀ ।
ਪਰ ਦੁਨੀਆ ਨਾਲ ਨਾ ਵੰਞਣਾ, ਦੀਨ ਆਵੇ ਕਾਰੀ[4] ।
ਤੇ ਦੁਨੀਆ ਅਕਸਰ[5] ਛੱਡਣੀ, ਪਰ ਨਾਲ ਖੁਆਰੀ ।
ਤੇ ਦੁਨੀਆ ਯਾਰ[6] ਨਾ ਕਿਸੇ ਦੀ, ਨਾ ਰੱਖਦੀ ਯਾਰੀ[7] ।
ਜੇ ਸਾਨੀ[8] ਹੋਵੇ ਜ਼ੋਰ ਦਾ, ਤਾਂ ਜ਼ੋਰ ਅਜ਼ਮਾਈਏ ।
ਜੇ ਕੁਵੱਤ[9] ਹੋਵੇ ਭਾਹ ਦੀ, ਤਾਂ ਸਿਰ ਪਰ ਚਾਈਏ ।
ਜਾਂ ਆਪੇ ਕੰਮ ਵਗਾੜੀਏ, ਨਾ ਪਛੋਤਾਈਏ ।
ਤੇ ਵੇਖ ਕੱਖਾਂ ਦੀ ਛਪਰੀ[10], ਨਾ ਆਤਸ਼[11] ਲਾਈਏ ।

---

1. ਪੀ: ਖ਼ੁ: ਦੀ ਪੁਸਤਕ ਤੇ ਪ੍ਰਾ: ਜੰ: ਵਿਚ 'ਜੰਮਦੀ' ਥਾਂ 'ਜੰਮੈ' ਸ਼ਬਦ ਹੈ ।

2. ਕਵੀ ਨੇ ਕਿਸ ਖ਼ੂਬੀ ਨਾਲ ਆਪਣੇ ਸਹਿਧਰਮੀ ਦੀ ਤਾਰੀਫ਼ ਕੀਤੀ ਹੈ । ਅਤੇ ਉਸ ਨੂੰ ਮਹਾਂ ਸਿੰਘ ਤੋਂ ਵਡਰਾ ਦਖਾਉਣ ਦੀ ਕੋਸ਼ਿਸ਼ ਕੀਤੀ ਹੈ ।

3. ਇਥੋਂ ਕਿਸੇ ਵਿਅਕਤੀ ਦਾ ਨਾਂ ਗੁਮ ਹੈ । ਹੋ ਸਕਦਾ ਹੈ ਕਿ ਇਹ ਪੀਰ ਮੁਹੰਮਦ ਚੱਠੇ ਦਾ ਪੁੱਤਰ ਗ਼ੁਲਾਮ ਮੁਹੰਮਦ ਹੋਵੇ ।

4. ਦੀਨ ਸਹਾਈ ਹੁੰਦਾ ਹੈ ।

5. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ 'ਅਕਸਰ' ਦੀ ਥਾਂ 'ਆਖਰ' ਹੈ ।

6. ਪ੍ਰਾ: ਜੰ: ਵਿਚ ਇਥੇ ਸ਼ਬਦ 'ਬਣੇ' ਹੈ ।

7. ਇਸ ਸਾਰੇ ਬੰਦ ਵਿਚ ਇਸ਼ਾਰਾ ਇਸ ਗੱਲ ਵੱਲ ਮਲੂਮ ਹੁੰਦਾ ਹੈ ਕਿ ਪੀਰ ਮੁਹੰਮਦ ਨੇ ਜਾਣ ਬੁਝ ਕੇ ਮਹਾਂ ਸਿੰਘ ਨਾਲ ਨਵੇਂ ਸਿਰਿਉਂ ਵੈਰ ਸਹੇੜਿਆ ਸੀ ਜਿਸ ਦਾ ਸਿੱਟਾ ਉਸ ਦੇ ਬੇਟੇ ਗ਼ੁਲਾਮ ਮੁਹੰਮਦ ਨੂੰ ਭੁਗਤਣਾ ਪਿਆ । 1775 ਵਿਚ ਭੰਗੀ ਸਰਦਾਰਾਂ ਨੇ ਰਾਮ-ਗੜ੍ਹੀਏ ਅਤੇ ਰਮਿਆਣੀ ਵਾਲੇ ਸਰਦਾਰਾਂ ਨਾਲ ਮਿਲਕੇ ਕਨ੍ਹੀਏ, ਆਹਲੂਵਾਲੀਏ ਅਤੇ ਸੁਕਰਚਕੀਏ ਸਰਦਾਰਾਂ ਉਪਰ ਧਾਵਾ ਬੋਲ ਦਿਤਾ । ਪੀਰ ਮੁਹੰਮਦ ਵੀ ਮਹਾਂ ਸਿੰਘ ਪਾਸੋਂ ਬਦਲਾ ਲੈਣ ਖ਼ਾਤਰ ਭੰਗੀ ਸਰਦਾਰਾਂ ਨਾਲ ਜਾ ਰਲਿਆ ਜਿਸ ਕਰਕੇ ਚੱਠਿਆਂ ਅਤੇ ਸੁਕਰਚਕੀਆਂ ਦੀ ਦੁਸ਼ਮਣੀ ਤਾਜ਼ਾ ਹੋ ਗਈ ।

8. ਬਰਾਬਰ ਦੇ ਜ਼ੋਰ ਦਾ ।

9. ਤਾਕਤ ।

10. ਪ੍ਰਾ: ਜੰ: ਵਿਚ ਸ਼ਬਦ 'ਫੂਸਾਂ' ਹੈ ।

11. ਅੱਗ ।

*Original with:*
Language Department Punjab
*Digitized by:*
Panjab Digital Library

ਤੇ ਜੋ ਉਹ[1] ਸਿਰ ਪਰ ਉਭਰੇ, ਤਾਂ ਜਾਨ ਬਚਾਈਏ ।
ਤੇ ਘਰ ਮੌਤ ਦੇ ਚੱਲ ਕੇ, ਨਾ ਆਪੇ ਜਾਈਏ ।
ਪਰ ਜੀਵਨ ਥੋੜ੍ਹਾ ਢੂੰਡੀਏ, ਜਾਂ ਮੋਹਰਾ ਖਾਈਏ ।

## 12.

ਪਰ ਹੋਇਆ ਪੀਰ ਮੁਹੰਮਦੋਂ, ਗ਼ੁਲਾਮ ਅਗੇਰੇ ।
ਤੇ ਉਸ ਦੀ ਕੀਤੀ ਗੱਲ ਨੂੰ, ਕੋਈ ਮੂਲ ਨਾ ਫੇਰੇ ।
ਤੇ ਬਾਦਸ਼ਾਹੀ ਦੇ ਸਿਲਸਲੇ, ਸਭ ਉਸ ਦੇ ਡੇਰੇ ।
ਤੇ ਕਹਿੰਦਾ ਸੀ ਉਹ ਰਾਜਿਆਂ, ਹੋ ਬਹੋ ਪਰੇਰੇ ।
ਤੇ ਜੇਹਾ ਕੋਈ ਨਾ ਜੰਮਿਆਂ, ਜੋ ਉਸ ਦੇ ਛੇੜੇ ।
ਤੇ ਪਿਆ ਮਹਾਂ ਸਿੰਘ ਸੀ, ਇਕ ਉਸ ਦੇ ਝੇੜੇ ।
ਤੇ ਦੇਹੀਂ ਰਾਤੀਂ ਓਸ ਨੂੰ, ਉਹ ਲੱਗਾ ਹੇਰੇ ।

## 13.

ਪਰ ਦੌਲਤ ਦੁਨੀਆ ਮਾਲ ਧਨ, ਉਸ ਆਹਾ ਵਾਫ਼ਰ[2] ।
ਤੇ ਦੌਲਤ ਦੁਨੀਆ ਵੇਖ ਕੇ, ਸੈ ਆਹੇ ਚਾਕਰ ।
ਮੁਲਕ ਦਬਾਇਆ ਓਸ ਨੇ, ਲਾ ਜਿਹਲਮ ਤਾਕਰ ।
ਪਰ ਦੌਲਤ ਵਾਲਾ ਦੋਲਤੋਂ, ਨਾ ਹੋਂਦਾ ਸ਼ਾਕਰ ।
ਅਕਸਰ ਬਹੁਤੇ ਏਸ ਥੀਂ, ਹੋ ਮਰਦੇ ਕਾਫ਼ਰ ।
ਪਰ ਚੰਗਾ ਜਿਸ[3] ਖ਼ਮੀਰ ਹੈ, ਉਹ ਚੰਗਾ ਆਖ਼ਰ ।

## 14.

ਜਾਂ ਡਿੱਠਾ ਮਹਾਂ ਸਿੰਘ ਨੇ, ਅਰੂਜ਼[4] ਉਸੰਦਾ[5] ।
ਤੇ ਕਾਵੜ[6] ਖਾਧੀ ਓਸ ਨੇ, ਕਰ ਦੀਦਾ ਮੰਦਾ ।
ਪਰ ਵੇਖ ਸਮਾਨਾ[7] ਓਸ ਦਾ, ਇਹ ਡਾਢਾ ਬੰਦਾ ।
ਮਤ ਇਹ ਅੰਦਰ ਮੁਲਕ ਦੇ, ਚਾਲਾਏ ਡੰਗਾ ।

---

1. ਪੀ: ਯੂ: ਅਤੇ ਪ੍ਰ : ਜੀ: ਵਿਚ 'ਜੋ ਉਹ' ਦੀ ਥਾਂ 'ਜੇ ਵੈਰੀ' ਸ਼ਬਦ ਹਨ ।
2. ਵਾਧੂ; ਬਹੁਤ ਜ਼ਿਆਦਾ ।
3. ਪੀ: ਯੂ: ਦੀ ਪੁਸਤਕ ਤੇ ਪ੍ਰਾ: ਜੀ: ਵਿਚ ਸ਼ਬਦ 'ਜਿਹਦਾ' ਹੈ ।
4. ਤਰੱਕੀ ।
5. ਪੀ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਪਹਿਲੀ ਪੰਕਤੀ ਇਸ ਤਰ੍ਹਾਂ ਹੈ :—
   'ਜਦ ਡਿੱਠਾ ਮਹਾਂ ਸਿੰਘ ਨੇ, ਉਸ ਰਾਜ ਵਸੀਦਾ' ।
6. ਗੁੱਸਾ ।
7. ਸ਼ਾਨ ਸ਼ੌਕਤ ।

*Original with:*
Language Department Punjab
*Digitized by:*
Panjab Digital Library

ਜੇ ਇਹ ਭੀ ਇਕ ਨਵਾਬ ਹੈ, ਇਸ ਮੁਲਕੇ ਸੰਦਾ।
ਤੇ ਸਿਰ ਦਾ ਦਰਦ ਪਛਾਣ ਕੇ, ਕੁਝ ਕਰੀਏ ਧੰਦਾ।
ਨਹੀਂ ਤਾਂ ਮਗ਼ਜ਼ ਦਮਾਗ਼ ਦਾ, ਸਭ ਹੋਸੀ ਗੰਦਾ।

## 15.

ਹੀਲਾ ਕਰੀਏ ਤਦ ਜਾਂ, ਪਰ ਜਾਏ ਕੀਤਾ[1]।
ਮੱਤ ਪਾੜ ਅਵੱਲਾ ਪਾੜੀਏ, ਨਾ ਜਾਏ ਸੀਤਾ।
ਕਿਉਂ ਆਕਲ ਕੰਮ ਵਗਾੜਦਾ, ਹੋ ਚੁਪ ਚਪੀਤਾ।
ਤੇ ਮੱਤ ਇਹ ਦੌੜੇ ਜੰਗ, ਲੈ ਹਥਿਆਰ ਪਲੀਤਾ।
ਜੇ ਮੁਲਕ ਖੜਾਈਏ[2] ਹੱਥ ਥੀਂ, ਨਾ ਜਾਏ ਲੀਤਾ।
ਤੇ ਜੰਗ ਪਿਆਲਾ ਜ਼ਹਿਰ ਦਾ, ਮੱਤ ਦੀਜੇ[3] ਪੀਤਾ।

## 16.

ਪਰ ਘਲੇ ਮਹਾਂ ਸਿੰਘ ਨੇ, ਕੁਝ ਨੌਕਰ ਖ਼ਾਸੇ।
ਜੇ ਜਾਹੋ ਤੁਸੀਂ ਸ਼ਤਾਬ ਹੀ, ਗ਼ੁਲਾਮੀ ਪਾਸੇ।
ਤੇ ਮੰਗੋ ਟੱਕੇ ਓਸ ਥੀਂ, ਕਿਸੇ ਨਾਲ ਕਿਆਸੇ।
ਯਾ ਤੁਸੀਂ[4] ਲਿਆਓ ਓਸ ਨੂੰ, ਕਿਸੇ ਨਾਲ ਦਿਲਾਸੇ।
ਮੱਤ ਕਿਵੇਂ ਗੌਰ ਦਲਾਸਿਉਂ, ਆ ਏਥੇ ਫਾਸੇ।
ਜੇ ਜੱਟ ਫੱਟ ਬਿਨ ਬੱਧਿਆਂ, ਨਾ ਆਵੇ ਰਾਸੇ।
ਪਰ ਰਾਜੇ ਉਤੋਂ ਰਾਜਿਆਂ, ਨਿਤ ਰਹਿਣ ਪਿਆਸੇ[5]।
ਤੇ ਖ਼ੂਨ ਕਰੇਂਦੇ ਸੱਕਿਆਂ, ਕਰ ਜਾਣਨ ਹਾਸੇ।
ਤੇ ਰਾਜ ਪਿਆਰੇ ਰਾਜਿਆਂ, ਤੀਕ ਦੁਪਰਿਆਰੇ।
ਤੇ ਪੀਂਦੇ ਰੱਤ ਉਹ ਜਾਨੀਆਂ, ਹੋ ਘੂਰੇ ਘਾਰੇ।
ਤੇ ਰਾਜੇ ਅਕਸਰ ਰਾਜਿਆਂ, ਨੂੰ ਮਾਰਣ ਹਾਰੇ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਹ ਪੰਕਤੀ ਇਸ ਤਰ੍ਹਾਂ ਹੈ :—
   'ਹੀਲਾ ਕਰੀਏ ਤਦੋਂ, ਜਦੋਂ ਕੁਝ ਜਾਏ ਕਰੀਤਾ'।
2. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਥੇ ਸ਼ਬਦ 'ਵੰਞਾਈਏ' ਹੈ।
3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਥੇ, 'ਚਾਹੀਏ' ਸ਼ਬਦ ਹੈ।
4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਥੇ ਸ਼ਬਦ 'ਜਾਂ ਓਨ੍ਹ' ਹੈ।
5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਹ ਪੰਕਤੀ ਇਸ ਤਰ੍ਹਾਂ ਹੈ :—
   'ਰਾਜੇ ਰਾਜਿਆਂ ਲੋਹੂ ਦੇ, ਨਿਤ ਰਹਿਣ ਪਿਆਸੇ'।

*Original with:*
Language Department Punjab
*Digitized by:*
Panjab Digital Library

ਤੇ ਖੁਸਰੋ ਕੁੱਠਾ ਪੁਤਰੇ, ਗੱਲ ਆਲਮ ਸਾਰੇ[1] ।
ਤੇ ਮਾਰਿਆ ਆਲਮਗੀਰ[2] ਨੇ, ਉਸ ਭਾਈਚਾਰੇ ।
ਪਰ ਡਾਢੇ ਨਾਲ ਮੁਕਾਬਲਾ, ਨਾ ਆਵੇ ਵਾਰੇ ।
ਤੇ[3] ਆਪ ਹਕੀਕਤ ਅਗਲੀ, ਹੋਰ ਛਡ ਪਸਾਰੇ ।

17.

ਜਾਂ ਘੱਲੇ[4] ਮਹਾਂ ਸਿੰਘ ਦੇ, ਜਾਂ ਮੀਏ[5] ਅੱਗੇ ।
ਤੇ ਕੁਲ ਹਕੀਕਤ ਸਿੰਘ ਦੀ, ਸਭ ਦੱਸਣ ਲੱਗੇ ।
ਜੇ ਦੇਹੋ ਹਾਸਲ[6] ਮੁਲਕ ਦਾ, ਜੋ ਚਾਹੋ ਪੱਗੇ[7] ।
ਨਹੀਂ ਤੇ ਲੜਦਾ ਸਿੰਘ ਹੈ, ਗੱਲ ਹੋਸੀ ਜੱਗੇ ।
ਤੇ ਬੋਲਿਆ "ਕਰਸਾਂ ਜੰਗ ਭੀ, ਨਾ ਦੇਸਾਂ ਟੱਕੇ"[8] ।
ਪਰ ਸੁਣ ਕੇ ਸੁਖਨ ਗ਼ੁਲਾਮ ਦਾ, ਮੂੰਹ ਹੋਏ ਬੱਗੇ ।
ਤੇ ਆਹਾ ਤਦੋਂ ਗ਼ੁਲਾਮ ਵੀ, ਉਸ ਸਾਵੇਂ ਗੱਗੇ ।
ਪਰ ਦੱਸੇ ਪੀਰ ਮੁਹੰਮਦਾ, ਹੁਣ ਕਿਚਰਕੁ ਤੱਗੇ[9] ।

18.

ਤੇ ਲਿਖ ਜਵਾਬ ਗ਼ੁਲਾਮ ਭੀ, ਹੱਥ ਉਨ੍ਹਾਂ ਘੱਲੇ ।
ਤੇ ਮੈਂ ਤੇ ਆਓ[10] ਸਿੰਘ ਜੀ, ਹੋਰ ਕੌ ਨਾ ਝੱਲੇ ।

---

1. ਇਹ ਕਵੀ ਦੀ ਭੁੱਲ ਹੈ । ਸ਼ਹਿਜ਼ਾਦਾ ਖੁਸਰੋ ਸ਼ਹਿਨਸ਼ਾਹ ਜਹਾਂਗੀਰ ਦਾ ਪੁਤਰ ਸੀ। ਅਕਬਰ ਦੇ ਕਾਲਵੱਸ ਹੋਣ ਤੇ ਸਹਿਜ਼ਾਦਾ ਖੁਸਰੋ ਨੇ ਆਪਣੇ ਨਾਨਕੇ ਰਾਜਪੂਤ ਸਰਦਾਰਾਂ ਦੀ ਸਹਾਇਤਾ ਲੈਕੇ ਆਪਣੇ ਪਿਤਾ (ਜਹਾਂਗੀਰ) ਦਾ ਹੱਕ ਮਾਰ ਕੇ ਦਿੱਲੀ ਤੇ ਤਖ਼ਤ ਤੇ ਬੈਠਣ ਦੀ ਕੋਸ਼ਿਸ਼ ਕੀਤੀ । ਪਰ ਸਫਲ ਨਾ ਹੋਇਆ । ਆਖ਼ਰ ਖੁਸਰੋ ਬਗਾਵਤ ਕਰਕੇ ਪੰਜਾਬ ਵੱਲ ਆ ਗਿਆ । ਜਹਾਂਗੀਰ ਉਸ ਦਾ ਪਿੱਛਾ ਕਰ ਰਿਹਾ ਸੀ । ਉਸ ਨੂੰ ਗ੍ਰਿਫ਼ਤਾਰ ਕਰਕੇ ਆਸਫ਼ ਖ਼ਾਂ ਦੇ ਹਵਾਲੇ ਕਰ ਦਿੱਤਾ ਗਿਆ । ਇਸ ਨੇ ਉਸ ਨੂੰ ਸ਼ਹਿਜ਼ਾਦਾ ਖੁਰਮ (ਸ਼ਾਹਜਹਾਂ) ਦੇ ਹਵਾਲੇ ਕਰ ਦਿੱਤਾ । ਖ਼ੁਰਮ ਨੇ 1622 ਵਿਚ ਉਸ ਨੂੰ ਚੁੱਪ ਕੀਤੇ ਮਰਵਾ ਦਿੱਤਾ । ਸੋ ਖੁਸਰੋ ਨੂੰ ਪੁੱਤਰ ਨੇ ਨਹੀਂ ਸਗੋਂ ਭਰਾ ਨੇ ਮਰਵਾਇਆ ।

2. ਭਾਵ ਔਰੰਗਜ਼ੇਬ ।

3. ਪੰ: ਯੂ: ਦੀ ਪੁਸਤਕ ਤੇ ਪ੍ਰਾ: ਜੈ: ਵਿਚ ਇਥੇ 'ਤੂੰ' ਹੈ ।

4. ਪੰ: ਯੂ: ਦੀ ਪੁਸਤਕ ਪ੍ਰਾ: ਜੈ: ਵਿਚ 'ਜਾਂ ਘੱਲੇ' ਦੀ ਥਾਂ 'ਚਾਕਰ' ਹੈ ।

5. ਭਾਵ ਗ਼ੁਲਾਮ ਮੁਹੰਮਦ ਚੱਠਾ

6. ਮਾਮਲਾ

7. ਇੱਜ਼ਤ, ਭਲਾਈ ।

8. ਪੰ: ਯੂ: ਦੀ ਪੁਸਤਕ ਤੇ ਪ੍ਰਾ: ਜੈ: ਵਿਚ ਸ਼ਬਦ 'ਟੱਕੇ' ਹੈ ।

9. ਕਦੋਂ ਕੁ ਤਕ ਇਸ ਤਰ੍ਹਾਂ ਨਿਭੇਗੀ ।

10. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਥੇ ਸ਼ਬਦ 'ਮੈਂਥੇ' ਹੈ ।

*Original with*
Language Department Punjab
*Digitized by:*
Panjab Digital Library

ਤੇ ਗਿਣਕੇ ਦੱਮ[1] ਮਹਿਸੂਲ ਦੇ, ਮੈਂ ਪਾਸਾਂ ਪੱਲੇ ।
ਪਰ ਦਿਲ ਨਾ ਕਰਨੀ[2] ਜੰਗ ਦੀ, ਜਾਂ ਜ਼ੋਰਾਂ ਚੱਲੇ ।
ਤੇ ਕਿਹਾ ਮਹਾਂ ਸਿੰਘ ਨੇ, ਆ ਲਸ਼ਕਰ ਹੱਲੇ ।
ਤੇ ਮਾਰੇ ਹੱਥ ਉਨ੍ਹਾਂ ਨੇ, ਹੋ ਖੜੇ ਅਵੱਲੇ ।

19.

ਤੇ ਲਸ਼ਕਰ ਮਹਾਂ ਸਿੰਘ ਦਾ, ਦਰਿਆਈ ਕਾਂਗਾਂ ।
ਤੇ ਸੈਦ ਨਗਰ ਨੂੰ ਵਗਿਆ, ਕਰ ਕੂਕਾਂ ਚਾਂਗਾਂ ।
ਤੇ ਕਾਨੇ ਜਿਉਂਕਰ ਬੇਲਿਆਂ, ਤਿਉਂ ਗਭਕੇ ਸਾਂਗਾਂ ।
ਤੇ ਕਹੀਆਂ ਹੋਰ ਕੁਹਾੜੀਆਂ, ਹੱਥ ਸੋਟੇ ਡਾਂਗਾਂ ।
ਤੇ ਲੱਥੇ ਤੰਬੂ ਤਾਣ ਕੇ, ਸਭ ਟਾਂਗ ਬਟਾਂਗਾਂ[3] ।
ਬਾਹਰ ਗੁਰੂ ਚਿਤਾਰਦੇ, ਤੇ ਅੰਦਰ ਬਾਂਗਾਂ[4] ।
ਪਰ ਖੂਨ ਨਾ ਕਰੀਏ ਕਿਸੇ ਦਾ, ਭਠ ਦਰਮਾ ਦਾਂਗਾਂ ।

20.

ਤੇ ਲੱਗੀ ਸੱਟ ਨਗਾਰਿਆਂ, ਹਰ ਡੇਰੇ ਵੱਜਣ[5] ।
ਤੇ ਤੋਪਾਂ ਹੋਰ ਤਮੂਰਚੇ[6], ਜਿਉਂ ਬੱਦਲ ਗੱਜਣ ।
ਤੇ ਘੋੜੇ ਕਰਨ ਸ਼ਤਾਬੀਆਂ, ਉਠ ਕਟਕੋਂ ਭੱਜਣ ।
ਤੇ ਤੇਗਾਂ ਬਹੁਤ ਪਿਆਸੀਆਂ, ਨਾ ਰੱਤੋਂ ਰੱਜਣ ।
ਤੇ ਸੁਲਹ ਕਰੇਂਦੇ ਮੌਤ ਦੀ, ਨਾ ਮਿਲਦੇ ਸੱਜਣ ।
ਪਰ ਦੁਸ਼ਮਨ ਦੇਖ ਕੇ, ਨਾ ਪਰਦਾ[7] ਕੱਜਣ ।

21.

ਪਰ ਕਹਿ ਤੂੰ ਪੀਰ ਮੁਹੰਮਦਾ, ਇਕ ਗੱਲ ਗਿਆਨਾਂ ।
ਤੇ ਘੋੜੇ ਰਖੇ ਥੰਮ ਕੇ, ਕਰ ਜ਼ੋਰ ਜਵਾਨਾਂ ।

---

1. ਨਕਦੀ ।
2. ਪੰ: ਯੂ: ਦੀ ਪੁਸਤਕ ਵਿਚ ਇਥੇ 'ਕਰੀਏ' ਹੈ ।
3. ਨਿੱਕੇ ਵੱਡੇ ।
4. ਭਾਵ ਸ਼ਹਿਰ ਤੋਂ ਬਾਹਰ ਸਿੱਖ ਆਪਣੇ ਗੁਰੂ ਨੂੰ ਚਿਤਾਰ ਰਹੇ ਸਨ ਤੇ ਸ਼ਹਿਰ ਦੇ ਮੁਸਲਮਾਨ ਬਾਂਗਾਂ ਦੇ ਰਹੇ ਸਨ ।
5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ 'ਹਰ ਡੇਰੇ ਵੱਜਣ' ਦੀ ਥਾਂ ਤੇ 'ਪਏ ਮਾਰੂ ਵਜਣ' ।
6. ਇਕ ਹਲਕੀ ਲੰਮੀ ਤੋਪ ਜੋ ਊਠ ਤੇ ਰਖ ਕੇ ਚਲਦੀ ਹੈ ।
7. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਪਰਦੇ' ਹੈ ।

Original with:
Language Department Punjab
Digitized by:
Panjab Digital Library

ਤੇ ਤੇਗ਼ਾਂ ਵਾਂਗ ਸਵਾਲੀਆਂ, ਦਰਾਜ਼[1] ਜ਼ਬਾਨਾਂ ।
ਤੇ ਲੋਕਾਂ ਮਿਲਣ ਵਿਸਾਹਿਆਂ, ਵਿਚ ਘੱਤ ਮਿਆਨਾਂ ।
ਤੇ ਤੀਰ ਕਰੇਂਦੇ ਆਜਜ਼ੀ, ਅਸੀਂ ਪਹਿਲੇ ਜਾਣਾਂ ।
ਤੇ ਸਾਂਗਾਂ ਕੰਬਣ ਕਹਿਰ ਥੀਂ, ਵਿਚ ਹੱਥ ਜਵਾਨਾਂ ।
ਤੇ ਸਬਰ ਗੁਵਾਇਆ ਤੁਬਕਾਂ, ਤਦ ਖੋਲ ਦਹਾਨਾ[2] ।
ਪਰ ਹੱਥ ਪਹੁੰਚੇ ਕਿਸੇ ਦਾ, ਸੀ ਕੋਟ ਸਮਿਆਨਾ[3] ।
ਜਾਂ ਦੌੜਨ ਸਿਧੇ ਜੰਗ ਤੇ[4], ਹੱਥ ਨੱਪ ਹਥਿਆਰਾਂ ।
ਤੇ ਕਹਿ ਤੂੰ ਪੀਰ ਮੁਹੰਮਦਾ, ਕੀ ਹਾਲ ਸਵਾਰਾਂ ।
ਜਿਉਂ ਪਉਂਦੀ ਵੱਟ ਅਚਾਨਚੱਕ, ਜਾ ਵਿਚ ਉਡਾਰਾਂ ।
ਤੇ ਚਮਕੇ ਜਿਉਂ ਕਰ ਬਿਜਲੀ[5] ਸੋ ਗਲ ਤਲਵਾਰਾਂ ।
ਤੇ ਵੱਸਣ ਤੁਬਕਾਂ ਗੋਲੀਆਂ, ਜਿਉਂ ਅਬਰ[6] ਬਹਾਰਾਂ ।
ਪਰ ਮਾਰਣ ਹਿਕ ਦੋ ਮੋਰਚੇ[7], ਵਿੱਚ ਲੈਲ ਨਿਹਾਰਾਂ[8] ।

22.

ਤੇ ਲਿਖਿਆ ਖ਼ਤ ਗ਼ੁਲਾਮ ਨੇ, ਕਰ ਧੱਕ[9] ਤਕਰੀਰਾਂ ।
ਤੇ ਘਲਿਆ ਮਹਾਂ ਸਿੰਘ ਨੂੰ, ਤਾਅਨੇ ਧੀਰਾਂ ।
ਜੋ ਕੀਤਾ ਤੁਧ ਇਹ ਸਿੰਘ ਜੀ, ਨਾ ਕੰਮ ਅਮੀਰਾਂ ।
ਜੇ ਕਰਨਾ ਜੰਗ ਮੁਕਾਬਲਾ, ਇਹ ਨਾਲ ਫ਼ਕੀਰਾਂ ।
ਤੇ ਮੈਂ ਤੇ[10] ਆਓ ਸਿੰਘ ਜੀ, ਜੋ ਜੰਗ ਤਦਬੀਰਾਂ ।
ਜੋ ਜ਼ਹਿਰ ਖਵਾਈਏ ਜ਼ਹਿਰ ਤੇ, ਨਾ ਖੰਡੋਂ ਖੀਰਾਂ ।

23.

ਤੇ ਹੋਇਆ ਸਾਲ[11] ਇਸ ਜੰਗ ਵਿਚ, ਕਰ ਥੱਕੇ ਜੰਗਾਂ ।
ਪਰ ਜਾਤਾ ਮਹਾਂ ਸਿੰਘ ਨੇ, ਹੁਣ ਕਦੀ ਨਾ ਸੰਗਾਂ ।

---

1. ਲਮੀ ।
2. ਮੂੰਹ ।
3. ਭਾਵ ਇਹ ਹੈ ਕਿ ਸ਼ਹਿਰ ਦੀ ਦੀਵਾਰ ਬਹੁਤ ਉੱਚੀ ਸੀ ।
4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ ਸ਼ਬਦ 'ਨੂੰ' ਹੈ ।
5. ਪੰ: ਯੂ: ਦੀ ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਬਿਜਲੀ' ਹੈ ।
6. ਬੱਦਲ ।
7. ਪ੍ਰਾ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਢੂੰ' ਹੈ ।
8. ਲੈਲ-ਓ-ਨਿਗਰ-ਭਾਵ ਰਾਤ-ਦਿਨ ।
9. ਪ੍ਰਾ: ਜੰ: ਵਿਚ ਇਥੇ 'ਧਿਕ' ਸ਼ਬਦ ਹੈ ।
10. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਸ਼ਬਦ 'ਮੈਂਥੇ' ਹੈ ।
11. ਇਹ ਗੱਲ ਆਖਣਾ ਕਿ ਘੇਰਾ ਸਾਲ ਭਰ ਰਿਹਾ ਕੁਝ ਅਤਿਕਥਨੀ ਜੇਹੀ ਜਾਪਦੀ ਹੈ ।

Original with:
Language Department Punjab
Digitized by:
Panjab Digital Library

ਤੇ ਖ਼ੁਥਾ ਨਾ ਕੁਝ[1] ਕੋਟ ਦਾ, ਕੁਝ ਤੀਰ ਤਫੰਗਾਂ ।
ਤੇ ਸੱਚ ਕਿਰਾੜਾਂ[2] ਇਫ਼ਤਰੇ[3], ਕਰ ਰੰਗ ਬਰੰਗਾਂ ।
ਵੜਨਾ ਕੀਤਾ ਕੋਟ ਵਿਚ, ਕਰ ਗੱਲਾਂ ਢੰਗਾਂ ।
ਤੇ ਅਕਸਰ ਉਹ ਥਾਂ ਮਾਰੀਏ, ਨਿਤ ਜਿਥੇ ਕੰਗਾਂ[4] ।
ਪਰ ਰੱਬ ਤੋਂ ਏਸ ਨਫ਼ਾਕ[5] ਥੀਂ, ਖ਼ੇਜ਼ਾਰੀ[6] ਮੰਗਾਂ ।

## 24.

ਤੇ ਓੜਕ ਭੱਲੇ ਖ਼ੱਤਰੀ, ਚਾ[7] ਸੁਰੰਗ ਲਵਾਈ ।
ਰਾਤੋਂ ਰਾਤ ਅਚਾਨਚਕ, ਚਾ ਪਈ ਲੋਕਾਈ ।
ਘਰ ਭੇਤੀ ਨਗਰੇ ਸਾੜਿਆ, ਪਰ ਨਾਲ ਤਵਾਈ[8] ।
ਘਰ ਭੇਤੀ ਦਹਿਸਿਰ[9] ਮਾਰਿਆ, ਉਸ ਲੰਕ ਸੜਾਈ ।
ਘਰ ਭੇਤੀ ਬਾਜ਼ੀ ਹਰਸਨ, ਜਿਉਂ ਗੱਲ ਵਿਹਾਈ[10] ।

## 25.

ਜਾਂ ਫਤਿਹ ਕਰਾਈ ਰੱਬ ਨੇ, ਉਸ ਕੋਟੇ ਸੰਦੀ ।
ਤੇ ਲੁਟੇ ਮਾਲ ਮਤਾਅ ਭੀ, ਹੋਰ ਦੌਲਤ ਚੰਦੀ[11] ।
ਲਾਈ ਅੱਗ ਚੁਪੀਤਿਆਂ, ਦੇ ਢਾਹ ਬੁਲੰਦੀ ।
ਤੇ ਪਈ ਦੱਸ ਗ਼ੁਲਾਮ ਦੇ, ਕਿਸੇ ਬੇਟੇ ਸੰਦੀ ।
ਪਰ ਵਸਤੀ ਅੰਦਰ ਸ਼ਹਿਰ ਦੇ, ਸੀ ਚੰਗੀ ਮੰਦੀ ।
ਤੇ ਪੁੱਤਰ ਇਕ ਗ਼ੁਲਾਮ ਦਾ, ਫੜ ਖੜਿਆ ਬੰਦੀ[12] ।

---

1. ਪ੍ਰਾ: ਜੀ: ਵਿਚ ਇਥੇ 'ਖੁਥਾ ਨਾ ਕੁਝ' ਦੀ ਥਾਂ ਤੇ 'ਖ਼ੁਥਾ ਮੂਲ ਨਾ' ਹੈ ।
2. ਹਟਵਾਣੀਏ, ਹਿੰਦੂ ਵਪਾਰੀ ।
3. ਫ਼ਰੇਬ, ਛਲ, ਤੁਹਮਤ ਤੇ ਅਤਿਕਥਨੀ ।
4. ਝੰਗੜਾ, ਫ਼ਸਾਦ
5. ਫੁਟ, ਏਕਤਾ ਨਾ ਹੋਣਾ
6. ਛੁਟਕਾਰਾ, ਉਪਰਾਮਤਾ *
7. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਜਾ' ਸ਼ਬਦ ਹੈ ।
8. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਕਰ ਦਈ ਤਬਾਹੀ' ਹੈ ।
9. ਰਾਵਣ
10. ਪੰ: ਯੂ: ਦੀ ਪੁਸਤਕ ਅਤੇ ਪ੍ਰਾ:ਜੀ: ਵਿਚ ਸ਼ਬਦ 'ਵਧਾਈ' ਹੈ ।
11. ਬਹੁਤ ਸਾਰੀ
12. ਕੈਦੀ

*Original with:*
Language Department Punjab
*Digitized by:*
Panjab Digital Library

26.

ਪਰ ਗੁੱਜਰ ਸਿੰਘ ਗ਼ੁਲਾਮ ਦਾ, ਉਹ ਪੁੱਤਰ ਫੜਿਆ ।
ਤੇ ਕਰਕੇ ਕੈਦ ਸਲਾਮ ਗੜ੍ਹ[1], ਜਾ ਜ਼ੋਰੀਂ ਵੜਿਆ ।
ਤੇ ਪਿੱਛੇ ਮਹਾਂ ਸਿੰਘ ਭੀ, ਲੈ ਲਸ਼ਕਰ ਚੜ੍ਹਿਆ ।
ਤੇ ਗੁੱਜਰ ਸਿੰਘ ਸੀ ਸੂਰਮਾ, ਨਾ ਦਿੱਤੋਸੁ ਲੜਿਆ ।
ਤੇ ਮਹਾਂ ਸਿੰਘ ਲੈ ਡੋਗਰੇ, ਮੁੜ ਓਥੇ ਅੜਿਆ ।
ਜੋ ਹੱਥ ਆਇਆ ਓਸ ਨੂੰ, ਫੜ ਓਥੋਂ ਖੜਿਆ ।

27.

ਤੇ ਕਰਕੇ ਡੇਰੇ ਕੂਚ, ਫਿਰ ਹੋਏ ਰਵਾਨਾ ।
ਜਾਂ ਹਿਕ ਵਰ੍ਹਾ ਜਾਂ ਘਟ ਵਧ, ਕੁਝ ਗਿਆ ਜ਼ਮਾਨਾ ।
ਤੇ ਘਲਿਆ ਮਹਾਂ ਸਿੰਘ ਨੇ, ਇਕ ਲਿਖ ਪਰਵਾਨਾ ।
ਜੇ ਚਾਹੇਂ ਪੁੱਤਰ ਜੀਵਿਆ, ਤਾਂ ਦੇਹੁ ਖ਼ਜ਼ਾਨਾ ।
ਨਹੀਂ ਤੇ ਉਸ ਨੂੰ ਮਾਰਸਾਂ, ਮੈਂ ਰੱਖ ਨਿਸ਼ਾਨਾ ।
ਜੇ ਜਿਗਰ ਖੜਾਸੇਂ[2] ਆਪਣਾ, ਹੁਣ ਛੱਡ ਬਹਾਨਾ[3] ।

28.

ਤੇ ਪੜ੍ਹ ਕੇ ਖ਼ਤ ਜਵਾਬ ਭੀ, ਲਿਖ ਘੱਲੇ ਮੀਆਂ ।
ਜੇ ਪੈਸਾ ਹਿੱਕ ਨਾ ਦਾਗਸਾਂ[4], ਮੈਂ ਡਾਹਢਾ ਹੀਆਂ ।
ਜੇ ਚੱਟੀ[5] ਕਾਸਾ ਜ਼ਹਿਰ ਦਾ, ਮੈਂ ਕਿਰਚਕੁ ਪੀਆਂ ।
ਤੁਧ ਪਾੜ ਅਵੱਲਾ ਪਾੜਿਆ, ਮੈਂ ਕੀਕੁਰ ਸੀਆਂ ।

---

1. ਇਸਲਾਮ ਗੜ੍ਹ-ਜਲਾਲਪੁਰ ਜੱਟਾਂ ਲਾਗੇ ਇਕ ਪਿੰਡ ਜਿਸ ਦਾ ਕਿਲ੍ਹਾ ਚੌਧਰੀ ਰਹਿਮਤ ਖ਼ਾਨ ਦੀ ਰਾਜਧਾਨੀ ਸੀ । ਖ਼ਾਲਸਾ ਫ਼ੌਜ ਨੇ ਜਦੋਂ ਸ਼ਹਿਰ ਵਿਚ ਦਾਖ਼ਲ ਹੋ ਕੇ ਲੁਟਮਾਰ ਸ਼ੁਰੂ ਕਰ ਦਿੱਤੀ ਤਾਂ ਗ਼ੁਲਾਮ ਮੁਹੰਮਦ ਓਥੋਂ ਭੱਜ ਕੇ ਰਸੂਲ ਨਗਰ ਚਲਿਆ ਗਿਆ । ਨੱਸਣ ਸਮੇਂ ਉਸ ਦਾ ਪੁਤਰ ਗ੍ਰਿਫ਼ਤਾਰ ਹੋ ਗਿਆ ਤੇ ਉਸ ਨੂੰ ਸ: ਗੁੱਜਰ ਸਿੰਘ ਦੇ ਕੈਂਪ ਵਿਚ ਲਿਆਂਦਾ ਗਿਆ । ਸ: ਗੁੱਜਰ ਸਿੰਘ ਭੰਗੀ ਦਾ ਗੁਜਰਾਤ ਤੇ ਕਬਜ਼ਾ ਹੋ ਗਿਆ ਸੀ । ਸ: ਮਹਾਂ ਸਿੰਘ ਨੇ ਆਪਣੇ ਦੁਸ਼ਮਣ ਦੇ ਪੁੱਤਰ ਨੂੰ ਕਾਬੂ ਕਰਨ ਲਈ ਸ: ਗੁੱਜਰ ਸਿੰਘ ਭੰਗੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਜੰਮੂ ਦੇ ਰਾਜੇ ਤੋਂ ਮਦਦ ਲੈ ਕੇ ਸ: ਗੁੱਜਰ ਸਿੰਘ ਨਾਲ ਜੰਗ ਕਰਨ ਲਈ ਤਿਆਰ ਹੋ ਗਿਆ । ਹੋ ਸਕਦਾ ਹੈ ਕਿ ਕੋਈ ਛੋਟੀ ਮੋਟੀ ਜੰਗ ਹੋਈ ਹੋਵੇ ਪਰ ਕਿਉਂਕਿ ਸ: ਗੁੱਜਰ ਸਿੰਘ ਦਾ ਲੜਕਾ ਸ: ਮਹਾਂ ਸਿੰਘ ਦੀ ਭੈਣ ਨਾਲ ਵਿਆਹਿਆ ਹੋਇਆ ਸੀ । ਇਸ ਲਈ ਉਸ ਨੇ ਪਿਓ ਤੋਂ ਚੋਰੀ ਗ਼ੁਲਾਮ ਮੁਹੰਮਦ ਦੇ ਪੁੱਤਰ ਨੂੰ ਸਰਦਾਰ ਮਹਾਂ ਸਿੰਘ ਦੇ ਹਵਾਲੇ ਕਰ ਦਿੱਤਾ ।

2. ਪ੍ਰਾ: ਜੰ: ਵਿਚ ਇਥੇ 'ਖਰਸੇਂ' ਸ਼ਬਦ ਹੈ ।

3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਅੰਤ ਵਿਚ ਇਕ ਪੰਕਤੀ ਹੋਰ ਹੈ :—'ਰਹਿ ਤਾਬਿਆ ਦਿਨ ਕੱਟ ਤੂੰ, ਉਹ ਆਕਲ ਖਾਨਾਂ ।'

4. ਦਵਾਂਗਾ, ਮੱਥੇ ਮਾਰਨਾ ।

5. ਪ੍ਰਾ: ਜੰ: ਵਿਚ ਇਥੇ 'ਦੇਵੇਂ' ਹੈ ।

Original with:
Language Department Punjab
Digitized by:
Panjab Digital Library

ਉਸ ਨੂੰ ਭਾਵੇਂ ਮਾਰ ਕੇ, ਹੇਠ[1] ਦੇਹੋ ਨੀਹਾਂ ।
ਜਾਂ ਮਾਪੇ ਰਹਿਣ ਸਲਾਮਤੀ, ਸੈ ਪੁੱਤਰ ਧੀਆਂ ।
ਤੇ ਓੜਕ ਚੱਠੇ, ਸਿੰਘ ਨੇ, ਚਾ ਲਾਰੇ[2] ਲਾਏ ।
ਤੇ ਕਰਕੇ ਦਗਾ ਨਿਫ਼ਾਕ ਭੀ, ਉਸ ਸੱਦ ਬੁਲਾਏ ।
ਮੀਆਂ ਖ਼ਾਂ ਗ਼ੁਲਾਮ ਭੀ, ਚੜ੍ਹ ਡੇਰੇ ਆਇਆ[3] ।
ਤੇ ਦੇ ਧਰਵਾਸ ਵਸਾਹ ਭੀ, ਉਸ ਕੋਲ ਬਹਾਇਆ[4] ।
ਤੇ ਕਰਕੇ ਗੱਲਾਂ ਚੰਗੀਆਂ, ਹਥਿਆਰ ਖੁਲਾਏ ।
ਤੇ ਫੜ ਕੇ ਦੋਵੇਂ ਸੂਰਮੇਂ, ਚਾ ਕੈਦ ਕਰਾਏ ।
ਪਰ[5] ਡਾਹਢੇ ਹੋਵਣ ਲਾਲਚੀ, ਕਰ ਲੈਣ ਸਵਾਏ ।

29.

ਤੇ ਜੋ ਫ਼ਰਮਾਇਆ ਨੇ, ਨਾ ਉਹਨਾਂ ਭਾਇਆ ।
ਤੇ ਬੇਫ਼ਰਮਾਨੀ ਵੇਖ ਕੇ, ਉਹ ਕਾਵੜ ਆਇਆ ।
ਤੇ ਮੀਆਂ ਖ਼ਾਂ ਧਰ ਤੋਪ ਦੇ, ਮੂੰਹ ਮਾਰ ਉਡਾਇਆ ।
ਤੇ ਦਹਿਸ਼ਤ ਖ਼ੌਫ਼ ਗ਼ੁਲਾਮ ਦੇ, ਉਸ ਦਿਲ ਵਿਚ ਪਾਇਆ ।
ਤੇ ਫ਼ਾਕਾ ਫ਼ਿਕਰ ਗ਼ੁਲਾਮ ਨੂੰ, ਵਿਚ ਕੈਦ ਦਵਾਇਆ ।
ਰਸੂਲ ਨਗਰ ਕਰ ਦੇਵਣਾ, ਛੁੱਟ ਕੈਦੋਂ ਆਇਆ ।
ਪਰ ਹੱਥੀਂ ਹੋਂਦਾ, ਗਮ ਭੀ, ਜਾਂ ਭੁਖ ਸੁਕਾਇਆ ।
ਜਾਂ ਜਾਤਾ ਮਹਾਂ ਸਿੰਘ ਨੇ, ਇਹ ਰਾਸ ਬਿਰਾਸਾ[6] ।
ਜੇ ਰਹਿਆ ਪੁੱਤਰ ਬੱਧਿਆ, ਇਹ ਫੇਰ ਮਵਾਸਾ[7] ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਸ਼ਬਦ 'ਵਿਚ' ਹੈ ।
2. ਪ੍ਰਾ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਲਾਵੇ' ਹੈ ।
3. ਪੰ: ਯੂ: ਦੀ ਪੁਸਤਕ ਅਤੇ ਪ੍ਰ: ਜੰ: ਵਿਚ ਸ਼ਬਦ 'ਆਏ' ਹੈ ।
4. ਉਪਰੋਕਤ ਦੋਹਾਂ ਵਿਚ "ਬਹਾਏ" ਹੈ ।
5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ ਵਿਚ ਇਥੇ 'ਜੋ' ਸ਼ਬਦ ਹੈ ।
6. ਚਾਲ ਦਾ ਅਸਫਲ ਹੋਣਾ ।
7. ਵੈਰੀ, ਕੱਬਾ ।

*Original with:*
Language Department Punjab
*Digitized by:*
Panjab Digital Library

ਤੇ ਡਰਨ ਡਰਾਵਣ ਖ਼ੌਫ਼ ਨੂੰ, ਨਾ ਜਾਣੇ ਮਾਸ਼ਾ ।
ਤੇ ਦੇਕੇ ਜੋੜੀ ਕੰਗਣਾਂ[1], ਇਕ ਘੋੜਾ ਖ਼ਾਸਾ ।
ਪੁੱਤਰ ਉਸ ਦਾ ਛਡਿਆ, ਕਰ ਗੌਰ ਦਿਲਾਸਾ ।
ਪਰ ਵੇਖ ਦਿਲਾਸਾ ਦੁਸ਼ਮਣਾਂ, ਨਾ ਜਾਣੀ ਹਾਸਾ ।
ਜੇ ਦੁਸ਼ਮਣ ਗ਼ੌਰ ਦਲਾਸਿਓਂ, ਚਾ ਕਰਨ ਬਿਨਾਸ਼ਾ ।
ਤੇ ਮਾਰਣ ਮੁੜ ਕੇ ਓਸ ਨੂੰ, ਕਰ ਜਾਣਨ[2] ਹਾਸਾ ।

## 30.

ਜੇ ਮਰਦਾ ਸ਼ਰਬਤ ਪੀਤਿਆਂ, ਨਾ ਮੌਹਰਾ ਦੇਈਏ ।
ਵੇਖ ਦਿਲਾਸਾ ਦੁਸ਼ਮਣਾਂ, ਨਾ ਗ਼ਾਫ਼ਿਲ ਥੇਈਏ ।
ਜੇ ਦੇਣ[3] ਗੌਰ ਦਿਲਾਸਿਉਂ, ਚਾ ਪਾਹਣ[4] ਕਜ਼ੀਏ ।
ਤੇ ਦਗਾ ਨਾ ਖਾਈਏ ਦੁਸ਼ਮਣਾਂ, ਪਰ ਜਾਂ ਜਾਂ ਜਈਏ[5] ।
ਤੇ ਦੁਸ਼ਮਣ ਓੜਕ ਮਾਰਦੇ, ਕਰ ਡਾਹਡੇ ਹੀਏ ।
ਤੇ ਮਾਲ ਮਤਾਅਦੀਂ ਚੱਠਿਆਂ, ਢੋ ਮਨਚਰ[6] ਸੁੱਟੇ ।
ਤੇ ਨਗਰੇ[7] ਡੇਰਾ ਸਿੰਘ ਦਾ, ਵਿਚ[8] ਮਨਚਰ ਚੱਠੇ ।
ਜਾਂ ਨਗਰੇ ਖਿੜਾਇਆ ਚੱਠਿਆਂ, ਸਰ ਕਰਦੇ ਨੱਠੇ ।
ਤੇ[9] ਮਿਲੇ ਮਹਾਂ ਸਿੰਘ ਨੂੰ, ਉਹ ਮਟਿਉਂ ਨੱਠੇ[10] ।
ਤੇ ਚੜ੍ਹਦੀ ਕੰਨੀ ਵੇਖ ਕੇ, ਸਭ ਹੋਏ ਇਕੱਠੇ ।

---

1. ਉਸ ਜ਼ਮਾਨੇ ਵਿਚ, ਸਗੋਂ ਕਈ ਪਿੰਡਾਂ ਵਿਚ ਅਜੇ ਤੀਕ ਮਰਦ ਵੀ ਗਹਿਣੇ ਪਹਿਨਦੇ ਹਨ। ਮਰਦਾਂ ਦੇ ਜ਼ੇਵਰ ਬਹੁਤ ਕਰਕੇ ਕੰਨ ਦੀਆਂ ਗੋਲ ਗੋਲ ਵਾਲੀਆਂ, ਹੱਥ ਵਿਚ ਕੜਿਆਂ ਦੀ ਜੋੜੀ, ਗੱਲ ਵਿਚ ਕੈਂਠਾ ਜਾਂ ਗਾਨੀ, ਇਕ ਬਾਂਹ ਵਿਚ ਕੂਹਨੀ ਤੋਂ ਉਤੇ ਸੋਨੇ ਦਾ ਅਨੰਤ ਆਦਿ ਹਨ ।

2. ਪ੍ਰਾ: ਜੰ: ਵਿਚ ਇਥੇ 'ਜਾਵਣ' ਸ਼ਬਦ ਹੈ ।

3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਸ਼ਬਦ 'ਜੌ ਦਬਕਣ' ਹੈ ।

4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ 'ਪਾਵਣ' ਸ਼ਬਦ ਹੈ ।

5. ਪੰ: ਯੂ: ਦੀ ਪ੍ਰਾ: ਜੰ: ਵਿਚ ਇਥੇ 'ਜਦ ਤਕ ਜਗ' ਸ਼ਬਦ ਹੈ ।

6. ਇਕ ਕਸਬੇ ਦਾ ਨਾਂ, ਜੋ ਚੱਠਿਆਂ ਦੇ ਹਿੰਦੂ ਵਡ ਵਡੇਰੇ ਕਿਸ਼ਨੇ ਜੱਟ ਨੇ ਅਕਬਰ ਦੇ ਰਾਜ ਸਮੇਂ ਵਸਾਇਆ ਸੀ । ਇਹ ਜ਼ਿਲ੍ਹਾ ਗੁਜਰਾਂਵਾਲੇ ਵਿਚ ਹੈ ।

7. ਭਾਵ ਰਸੂਲ ਨਗਰ ।

8. ਪ੍ਰਾ: ਜੰ: ਵਿਚ ਇਥੇ 'ਤੇ' ਹੈ ।

9. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਪੰਕਤੀ ਇਸ ਤਰ੍ਹਾਂ ਹੈ :—'ਤੇ ਮਿਲ ਪਏ ਮਹਾਂ ਸਿੰਘ ਨੂੰ, ਉਹ ਨਹੀਓਂ ਨੱਠੇ ।

10. ਭਾਵ ਇਹ ਹੈ ਕਿ ਮੀਆਂ ਗ਼ੁਲਾਮ ਮੁਹੰਮਦ ਨੂੰ ਛਡ ਕੇ ਸ: ਮਹਾਂ ਸਿੰਘ ਨੂੰ ਜਾ ਮਿਲੇ ।

*Original with:*
Language Department Punjab
*Digitized by:*
Panjab Digital Library

31.

ਤੇ ਚੜ੍ਹਦੇ ਛੇ ਸੱਤ ਸੂਰਮੇ ਨੱਪ ਸਾਂਗਾਂ ਭੱਲੇ ।
ਤੇ ਮਿਲਕੇ ਮਾਰਨ ਪਾਸੜੇ[1], ਕਰ ਜ਼ੋਰ ਅਵੱਲੇ ।
ਤੇ ਰਾਹੀਂ ਇੱਕ ਦੋ ਆਦਮੀ, ਨਾ ਟੁਰਨ ਇਕੱਲੇ ।
ਤੇ ਟੋਲੀ ਮੋਹੀਆਂ ਕਪੜੇ, ਲੈ ਵੜਨੀ ਟਿੱਲੇ ।
ਤੇ ਦੇਸ[2] ਮਹਾਂ ਸਿੰਘ ਦੇ, ਉਸ ਘੋੜੇ ਘੱਲੇ[3] ।

32.

ਤੇ ਪਿਆ[4] ਸ਼ੋਰ ਜਹਾਨ ਵਿਚ, ਉਸ ਧੁਮਾਂ ਪਾਈਆਂ ।
ਤੇ ਲੋਕਾਂ ਅੱਗੇ ਸਿੰਘ ਦੇ, ਫ਼ਰਿਆਦਾਂ ਲਾਈਆਂ ।
ਜੇ ਛੇਡ ਗ਼ੁਲਾਮ ਮੁਹੰਮਦੇ, ਤੁਧ ਲੀਕਾਂ ਲਾਈਆਂ ।
ਤੇ ਭੱਠ ਅਸਾਡਾ ਜੀਵਿਆਂ[5], ਭੱਠ ਪਈਆਂ ਜਾਈਆਂ ।
ਤੇ ਪਿਓ ਦਾਦੇ ਦੀਆਂ ਖਟੀਆਂ, ਅਸਾਂ ਆਣ ਗਵਾਈਆਂ ।
ਤੇ ਵਾਂਗੂ ਦੁਲੇ ਭਟੀਏ[6], ਉਸ ਬੁਰੀਆਂ ਚਾਈਆਂ ।
ਪਰ ਕਿਥੇ ਅਕਬਰ ਬਾਦਸ਼ਾਹ, ਜਿਸ ਫੇਰ ਮੁੜਾਈਆਂ ।

33.

ਤੇ ਕਾਵੜ ਖਾਧੀ ਸਿੰਘ ਨੇ, ਸੱਦ ਫੌਜਾਂ ਥਾਣੇ ।
ਤੇ ਲੈ ਕੇ ਲਸ਼ਕਰ ਅਗਲੇ, ਮੁੜ ਮਨਚਰ ਧਾਣੇ ।
ਤੇ ਗਿਰਦ ਬਗਿਰਦੀ ਮਨਚਰੇ, ਆ ਤੰਬੂ ਤਾਣੇ ।
ਤੇ ਲੱਥੇ ਲਸ਼ਕਰ ਸਿੰਘ ਦੇ ਕਰ ਖੂਬ ਟਿਕਾਣੇ ।
ਤੇ ਲਾ ਕੇ ਸਿੰਘਾਂ ਮੋਰਚੇ, ਢੋ[7] ਨੇੜੇ ਆਣੇ ।
ਪਰ ਦਾਰੂ ਸਿੱਕਾ ਮਨਚਰੇ, ਤੇ ਕੋਠੀ ਦਾਣੇ ।
ਤੇ ਖੌਫ਼ ਨਾ ਕੁਝ ਗ਼ੁਲਾਮ ਨੂੰ, ਉਹ ਮੌਜਾਂ ਮਾਣੇ ।

---

1. ਦਾਅ ਮਾਰਨਾ
2. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਥੇ ਸ਼ਬਦ 'ਦੇਸੀ' ਹੈ ।
3. ਭਾਵ ਸ: ਮਹਾਂ ਸਿੰਘ ਦੇ ਇਲਾਕੇ ਵਿਚ ਲੁਟ ਮਾਰ ਕਰਨ ਲਈ ਆਪਣੇ ਆਦਮੀ ਘੱਲੇ ।
4. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ 'ਪਾਇਆ' ਸ਼ਬਦ ਹੈ ।
5. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਥੇ 'ਜੀਵਣਾ' ਹੈ ।
6. ਦੁਲਾ ਭੱਟੀ—ਇਹ ਜ਼ਾਤ ਦਾ ਭੱਟੀ ਰਾਜਪੂਤ ਸੀ ਅਤੇ ਸਾਂਦਲ ਬਾਰ ਦਾ ਪ੍ਰਸਿੱਧ ਸੂਰਮਾ ਸੀ ਜਿਸ ਅਕਬਰ ਬਾਦਸ਼ਾਹ ਦੇ ਸਮੇਂ, ਵਕਤ ਦੀ ਸਰਕਾਰ ਨਾਲ ਟੱਕਰ ਲਈ ਸੀ ।
7. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੈ: ਵਿਚ ਇਥੇ 'ਧੂ' ਹੈ ।

*Original with:*
Language Department Punjab
*Digitized by:*
Panjab Digital Library

34.

ਤੇ ਪਾਈ ਤੋਂਫਾਂ ਤੁਬਕਾਂ, ਜਾਂ ਧੂਆਂ ਧਾਰੀ ।
ਤੇ ਗੱਜਣ ਹੋਰ ਜਮੂਰਚੇ, ਜੇ ਏਹਾ[1] ਵਾਰੀ ।
ਤੇ ਕੜਕਣ ਡੇਰੇ ਰਹਿਕਲੇ[2], ਭਉ ਪਾਵਣ ਹਾਰੀ[3] ।
ਤੇ ਘਥੀ[4] ਡੰਡ ਨਕਾਰਿਆਂ, ਕਰ ਮਾਰੋ ਮਾਰੀ ।
ਤੇ ਫਰਸ਼ ਉਠਾਇਆ ਘੋੜਿਆਂ, ਪੁਟ ਧਰਤੀ ਸਾਰੀ ।
ਤੇ ਰੰਗ ਵਟਾਇਆ ਦੋਹੂੰ ਨੇ, ਵਿਚ ਗਰਦ ਗੁਬਾਰੀ ।
ਤੇ ਪਿਆ ਤੂਫਾਨ ਇਕ ਮੌਤ ਦਾ, ਘਤ ਕਹਿਰ ਕਹਾਰੀ[5] ।
ਪਰ ਚੱਠਾ ਨਿਕਲ ਮਨਚਰੋਂ, ਤਲਵਾਰਾਂ ਮਾਰੀ ।
ਤੇ ਵਾਰ ਨਾ ਅਜ਼ਰਾਈਲ[6] ਨੂੰ, ਲਾਹੌਲ[7] ਪੁਕਾਰੀ ।

25.

ਤੇ ਸਾਂਗਾਂ ਮੱਲੇ ਧੜਾਕ[8] ਵਿੱਚ, ਮੁਲਕੀ ਗੱਲਾਂ ।
ਤੇ ਗੋਲੇ ਰੋਹੜਨ ਜਮੂਰਿਆਂ, ਜਿਉਂ ਨਿਸਬਤ ਬੱਲਾਂ ।
ਤੇ ਤੀਰ ਮਰੇਂਦੇ ਝਾਟ ਭੀ, ਜਿਉਂ ਮਾਰਨ ਇੱਲਾਂ ।
ਤੇ ਤੇਗਾਂ ਆਖਣ ਭੁੱਖ ਥੀਂ, ਹਾਏ ਗੋਸ਼ਤ ਢਿੱਲਾਂ ।
ਤੇ ਫੜ ਫੜ ਕੋਹਣ ਆਦਮੀ, ਜਿਉਂ ਕੁੱਠੇ ਬਿੱਲਾਂ[9] ।
ਤੇ ਗਿਰਦੇ ਮਨਚਰ ਰੱਤ ਦੀਆਂ, ਹੋ ਗਈਆਂ ਗਿੱਲਾਂ ।
ਤੇ ਮੋਇਆ ਦੀਵਾਨ ਇਕ ਸਿੰਘ ਦਾ, ਪੈ ਗਈਆਂ ਢਿੱਲਾਂ ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ ਸ਼ਬਦ 'ਜਾਂ ਆਹੀ' ਹੈ ।
2. ਹਲਕੀ ਤੋਪ
3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ 'ਭਾਰੀ' ਸ਼ਬਦ ਹੈ ।
4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਪਾਈ' ਹੈ ।
5. ਖ਼ੁਦ ਈ ਕਹਿਰ
6. ਮੌਤ ਦਾ ਫ਼ਰਿਸ਼ਤਾ
7. ਰੱਬ ਰੱਬ ਕਰਨਾ, ਦੁਹਾਈ ਪਾਉਣਾ
8. ਪੰ: ਯੂ: ਦੀ ਪੁਸਤਕ ਵਿਚ ਇਥੇ 'ਧੜਾ ਧੜ' ਤੇ ਪ੍ਰਾ: ਜੰ: ਵਿਚ 'ਧੜਾੜਾਕ' ਹੈ ।
9. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ ਸ਼ਬਦ 'ਪਲਾਂ' ਹੈ ।

Original with:
Language Department Punjab
Digitized by:
Panjab Digital Library

## 36.

ਤੇ ਕਰਕੇ ਡੇਰੇ ਕੂਚ[1] ਭੀ, ਮੁੜ[2] ਪਈ ਲੋਕਾਈ ।
ਤੇ ਗਏ ਮਕਾਨੀਂ ਆਪਣੀ, ਸਭ ਜਾ ਬਜਾਈ[3] ।
ਤੇ ਅੱਗੇ ਵਾਂਗੂੰ ਚੱਠਿਆਂ, ਮੁੜ ਧੂੰਮ ਧੁਮਾਈ ।
ਤੇ ਨਿਤ ਹਮੇਸ਼ਾਂ ਪਾਸਨੇ, ਕਰ ਮਾਰਨ ਧਾਈ ।
ਤੇ ਦੂਜੀ ਵਾਰੀ ਓਸ ਦੀ, ਮੁੜ ਫਿਰੀ ਦੋਹਾਈ ।
ਤੇ ਖ਼ਲਕਤ ਉਸ ਦੇ ਧੌੜ ਥੀਂ, ਸਭ ਆਜਜ਼ ਆਈ ।
ਤੇ ਕੰਬੇ ਖਲਕਤ ਖ਼ੌਫ਼ ਥੀਂ, ਕੀ ਆਖ ਸੁਣਾਈ ।

## 37.

ਤੇ ਕੀਤੀ ਫ਼ਤਿਹ ਅਜ਼ੀਮ[4] ਭੀ, ਉਸ ਬਹੁਤੀ ਥਾਈਂ ।
ਤੇ ਦੇ ਕੇ ਕੰਡ ਉਸ ਜੰਗ ਥੀਂ, ਨਾ ਮੁੜੇ ਕਦਾਈਂ ।
ਤੇ ਦੋਹੀਂ ਹਾਥੀਂ ਸਿੰਘ ਭੀ, ਨਿਤ ਕਰੇ ਦੁਆਈਂ ।
ਰੱਬਾ ਮੈਨੂੰ ਚੱਠਿਆਂ, ਕਿਸੇ ਟਾਂਗ[5] ਮਿਲਾਈਂ ।
ਤੇ ਦੇਖਾਂ ਜੰਗ ਬਹਾਦਰਾਂ, ਲਾ ਮਨਚਰ ਤਾਈਂ ।

## 38.

ਤੇ ਸੁਣੀ ਦੁਆ ਰੱਬ ਸਿੰਘ ਦੀ, ਚੜ੍ਹ ਚੱਠੇ ਧਾਏ ।
ਤੇ ਕੁਲਿਆਂ ਵਾਲੇ ਕੋਟ[6] ਥੀਂ, ਚਾ ਮਾਲ ਦਬਾਏ ।
ਤੇ ਕੇਹਾ ਮਹਾਂ ਸਿੰਘ ਨੇ, ਅੱਜ ਰੱਬ ਮਿਲਾਏ ।
ਤੇ ਚੜ੍ਹ ਕੇ ਸਿੰਘਾਂ ਹੱਥ ਭੀ, ਉਠ ਵਾਗੀਂ[7] ਪਾਏ ।
ਤੇ ਮਿਲਿਆ ਲਸ਼ਕਰ ਸਿੰਘ ਤਾਂ ਕਰ ਹਾਏ ਹਾਏ ।

---

1. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਤਰ' ਹੈ ।
2. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ 'ਤੁਰ' ਸ਼ਬਦ ਹੈ ।
3. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਥਾਈਂ ਥਾਈਂ' ਸ਼ਬਦ ਹੈ ।
4. ਮਹਾਨ
5. ਪੀ: ਖ਼ੁ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਢੰਗ' ਹੈ ।

. ਇਹ ਨਿਕਾ ਜਿਹਾ ਕਸਬਾ ਸ: ਮਹਾਂ ਸਿੰਘ ਦੇ ਇਲਾਕੇ ਵਿਚ ਸ਼ਾਮਲ ਸੀ । ਇਸ ਤੇ ਗ਼ੁਲਾਮ ਮੁਹੰਮਦ ਦਾ ਹੱਥ ਮਾਰਣਾ ਇਹ ਸਪੱਸ਼ਟ ਕਰਦਾ ਹੈ ਕਿ ਪਹਿਲ ਚੱਠਿਆਂ ਨੇ ਕੀਤੀ ।

7. ਪ੍ਰਾ: ਜੀ: ਵਿਚ ਇਥੇ 'ਝਾਗੀਂ' ਹੈ ।

*Original with:*
Language Department Punjab
*Digitized by:*
Panjab Digital Library

ਤੇ ਤੀਰਾਂ ਤੁਥਕਾਂ ਨੇਜ਼ਿਆਂ, ਤਦ ਮੀਂਹ ਵਸਾਏ ।
ਪਰ ਦੇ ਕੇ ਚਾਲਾਂ ਚੱਠਿਆਂ, ਆ ਫੇਰ ਹਟਾਏ ।

39.

ਖ਼ਾਂ ਗੁੱਸਾ ਸ਼ੇਰੀਂ[1] ਪੈ ਗਿਆ, ਕਢ ਤੇਗ਼ ਮਿਆਨੋਂ ।
ਤੇ ਗਿਆ ਮਹਾਂ ਸਿੰਘ ਤੇ, ਜਿਉਂ ਤੀਰ ਕਮਾਨੋਂ ।
ਤੇ ਮਾਰੀ ਫੱਟ ਉਸ ਸਾਹਮਣੇ, ਹੱਥ ਧੋ ਕੇ ਜਾਨੋਂ ।
ਤੇ ਛਡਿਆ ਆਸਨ ਸਿੰਘ ਨੇ, ਚੁਕ ਗਿਆ ਧਿਆਨੋਂ ।
ਤੇ ਮਾਰੇ ਘੋੜੇ ਸਿੰਘ ਦੇ, ਤੁਰੇ ਉਸ ਮੈਦਾਨੋਂ ।
ਤੇ ਲਸ਼ਕਰ ਨੱਠਾ ਸਿੰਘ ਦਾ, ਬੇਸ਼ਕ[2] ਬਹਾਨੋਂ ।
ਤੇ ਚਿੜੀਆਂ ਵਾਂਗੂ ਉੜੇ[3], ਉਸ ਸ਼ੇਰ ਜਵਾਨੋਂ ।
ਤੇ ਰਹਿਆ ਨਾਮ ਬਹਾਦਰਾਂ, ਮੁੜ[4] ਗਏ ਜਹਾਨੋਂ ।

40.

ਤੇ ਨੱਠਾ ਲਸ਼ਕਰ ਸਿੰਘ ਦਾ, ਕੁਝ ਪੇਸ਼ ਨਾ ਜਾਏ ।
ਤੇ ਆਂਦੇ ਮਾਲ ਸਲਾਮਤੀ, ਵਿਚ ਜੇਹੀ ਤਵਾਏ ।
ਪਰ ਹਰਗਿਜ਼ ਸਮਝ ਗ਼ੁਲਾਮ ਨੂੰ ਇਹ ਮੂਲ ਨਾ ਆਏ ।
ਜੋ ਜਾਂਦਾ ਦੌਰ ਕਿਆਮਤੀ[5], ਹੱਥ ਸੰਭਲ ਪਾਏ[6] ।
ਤੇ ਹੋ ਕੇ ਚੁਪ ਚੁਪੀਤਿਆਂ, ਕੋਈ ਰੋਜ਼ ਲੰਘਾਏ ।
ਜੋ ਰਾਜ ਵਰਾਸਤ ਉਸ ਦੇ ਜਿਸ ਰੱਬ ਭੀ ਭਾਏ ।
ਪਰ ਹੋਂਦੀ ਕੁਵਤ[7] ਕੌਣ ਹੈ, ਜੋ ਜ਼ੋਰ ਨਾ ਲਾਏ ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਸ਼ੇਰ ਉਹ' ਹੈ ।
2. ਪ੍ਰਾ: ਜੀ: ਵਿਚ ਇਥੇ 'ਉਹ ਏਸ' ਸ਼ਬਦ ਹੈ ।
3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਉਡ ਗਏ' ਹੈ ।
4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਇਥੇ 'ਟੁਰ' ਸ਼ਬਦ ਹੈ ।
5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਜੋ ਜਾਂਦਾ ਉਹ ਦਰ ਕਿਆਮਤੇ' ਸ਼ਬਦ ਹਨ ।
6. ਨੱਠੀ ਜਾਂਦੀ ਖ਼ਾਲਸਾ ਫ਼ੌਜ ਦਾ ਪਿੱਛਾ ਕਰਨ ਦੀ ਗ਼ਲਤੀ ਲਈ ਕਵੀ ਗ਼ੁਲਾਮ ਮੁਹੰਮਦ ਨੂੰ ਕੋਸਦਾ ਹੈ । ਉਹ ਆਖਦਾ ਹੈ ਕਿ ਇਸ ਜਿੱਤ ਤੋਂ ਬਾਅਦ ਉਸ ਨੂੰ ਚੁੱਪ ਕਰਨਾ ਚਾਹੀਦਾ ਸੀ ।
7. ਸ਼ਕਤੀ ।

Original with:
Language Department Punjab
Digitized by:
Panjab Digital Library

## 41.

ਪਰ ਜਾ ਲਾਏ[1] ਜ਼ੋਰ ਭੀ, ਤਾਂ ਸੰਭਲ ਲਾਈਏ ।
ਤੇ ਅੱਵਲ ਘਰੋਂ ਸੰਭਾਲ ਕੇ, ਮੁੜ ਬਾਹਰ ਜਾਈਏ ।
ਤੇ ਘਰ ਦਾ ਫ਼ੇਟਕ[2] ਮਾਰਦਾ, ਭਓ ਜਾਨੋਂ ਖਾਈਏ ।
ਤੇ ਪਾਟਾਂਗਾਸ ਨਾ ਆਂਵਦਾ, ਸੌ ਰਫ਼ੂ ਕਰਾਈਏ ।
ਤੇ ਔਰਤ ਚੰਗੀ ਵੇਖਕੇ, ਨਾ ਬਹੁਤ ਸਲਾਹੀਏ ।
ਤੇ ਚੜ੍ਹਦੇ ਚੰਦ ਹੀ ਜਾਣ[3] ਕੇ, ਚਾ ਸਾਣ ਚੜ੍ਹਾਈਏ ।
ਥੋੜੀ ਹਿਆਤੀ ਸਮਝ ਕੇ, ਚਾ ਮੌਹਰਾ ਖਾਈਏ ।

## 42.

ਸੁਣ ਰੰਨਾਂ ਦੀ ਗੱਲ ਤੋਂ, ਨਾ ਮੁੜੀ[4] ਹਿੱਚੋਂ[5] ।
ਤੇ ਔਰਤ ਮੰਦੀ ਘੱਟ ਭੀ, ਨਾ ਹੋਂਦੀ ਰਿੱਛੋਂ ।
ਇਹ ਦੋਵੇਂ ਚੀਜ਼ਾਂ ਬਾਜ਼ ਭੀ, ਨਾ ਆਵਣ ਜਿੱਚੋਂ ।
ਤੇ[6] ਖ਼ਾਸਾ ਹਰਮੁ ਗ਼ੁਲਾਮ, ਇਕ ਹਰਮਾਂ ਵਿੱਚੋਂ ।
ਤੇ ਲੈ ਕੇ ਪੁੱਤਰ ਸਿੰਘ ਨੂੰ, ਜਾ ਮਿਲਿਆ ਪਿੱਛੋਂ ।
ਪਰ ਪਉਂਦੇ ਜੰਗ ਮੁਕਾਬਲੇ, ਇਹ ਓੜਕ ਕੱਚੋਂ ।

## 43.

ਤੇ ਕਹਿਆ ਮਹਾਂ ਸਿੰਘ ਨੂੰ, ਉਸ ਬਹੁਤੀ ਵਾਰੇ ।
ਜੋ ਚੱਠਾ ਮਾਦਾ ਅੱਜ ਹੈ, ਨਾ ਆਵੇ ਦਾਰੇ[7] ।
ਤੇ ਸੱਦ ਨਜੂਮੀ ਪੰਡਤਾਂ, ਸਿੰਘ ਪੁਛੇ ਸਾਰੇ ।
ਤੇ ਕਹਿਆ ਵੇਖ ਨਜੂਮੀਆਂ, ਹੁਣ ਚੱਠੇ ਮਾਰੇ ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਜਦ ਲਾਈਏ' ਹੈ ।
2. ਫੁਟ, ਬੇ ਇਤਫ਼ਾਕੀ
3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ ਸ਼ਬਦ 'ਵੇਖ' ਹੈ ।
4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਸ਼ਬਦ 'ਮੁੜਨੋਂ' ਹੈ ।
5. ਜ਼ਿਦ ਤੋਂ ।
6. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਹ ਪੰਕਤੀ ਇਸ ਤਰ੍ਹਾਂ ਹੈ :—
   'ਖ਼ਾਸਾ ਹਰਮ ਗ਼ੁਲਾਮ ਦਾ ਸਭ ਹਰਮਾਂ ਵਿਚੋਂ ।
7. ਭਾਵ ਮੁਕਾਬਲੇ ਤੇ ਨਹੀਂ ਆ ਸਕੇਗਾ । ਭਾਵ ਇਹ ਹੈ ਕਿ ਗ਼ੁਲਾਮ ਮੁਹੰਮਦ ਦੇ ਖ਼ਾਨਦਾਨ ਦੀ ਔਰਤ ਨੇ ਜਾ ਕੇ ਮਹਾਂ ਸਿੰਘ ਕੋਲ ਇਹ ਭੇਦ ਖੋਲ੍ਹ ਦਿੱਤਾ ਕਿ ਗ਼ੁਲਾਮ ਮੁਹੰਮਦ ਬੀਮਾਰ ਹੈ ਇਸ ਲਈ ਉਹ ਜੰਗ ਵਿਚ ਨਹੀਂ ਆ ਸਕਦਾ ।

Original with:
Language Department Punjab
Digitized by:
Panjab Digital Library

ਪਰ ਕਰਕੇ ਡੇਰਾ ਕੂਚ ਭੀ, ਚੜ੍ਹ ਚਲੋ ਸਾਰੇ[1] ।
ਤੇ ਹੋ ਕੇ ਪਾਰੋਂ ਮਾਰਿਓ, ਕਰ ਲਸ਼ਕਰ ਭਾਰੇ ।
ਤੇ ਕਰ ਕੇ ਡੇਰਾ ਗਾਖੜੇ[2], ਕੁਝ ਰੋਜ਼ ਗੁਜ਼ਾਰੇ ।

## 44.

ਤੇ ਘੱਲੇ ਗੁੱਜਰ ਸਿੰਘ ਨੂੰ, ਲਿਖ ਚਿੱਠੀ ਚੀਰੀ ।
ਤੇ ਮੈਨੂੰ ਚੱਠਾ ਸਿੰਘ ਜੀ, ਹੁਣ ਦੇਂਦਾ ਧੀਰੀ[3] ।
ਤੇ ਜ਼ੋਰ ਕਰੇਂਦਾ ਹਿੱਕ ਦਾ, ਹੋਰ ਨਾਹੀਂ ਤੀਰੀ[4] ।
ਤੇ ਮੈਨੂੰ ਹਰਦਮ ਓਸ ਦੀ, ਹੈ ਬਹੁਤ ਜ਼ਹੀਰੀ[5] ।
ਤੇ ਖਾਵਣ ਪੀਵਣ ਖ਼ਵਾਬ ਵੀ, ਨਾ ਲੱਜ਼ਤ ਸ਼ੀਰੀ[6] ।
ਪਰ ਜ਼ਹਿਰ ਰਲਾਇਆ ਓਸ ਨੇ, ਵਿਚ ਖੰਡੋਂ ਖੀਰੀ ।
ਤੇ ਜੇ ਹੁਣ ਨਿਕਲ ਮਨਚਰੋਂ, ਉਸ ਕੀਤਾ ਖੰਨਾਂ[7] ।
ਤੇ ਲੜਨ ਲੜਾਈ ਕਹਿਣ ਦੀ, ਮੈਂ ਮੂਲ ਨਾ ਮੰਨਾਂ ।
ਤੇ ਖੜ ਮਰੇਸੀ ਬਹੁਤਿਆਂ, ਕਰ ਸਾਂਝਾ ਬੰਨਾਂ ।
ਤੇ ਫਿਰਸਾਂ ਵਿਚ ਜਹਾਨ ਦੇ, ਕਰ ਅੰਨਾਂ ਅੰਨਾਂ[8] ।
ਪਰ ਸਾਨੂੰ ਮਾਰ ਵੰਞਾਵਸਨ, ਫੜ ਹੱਥੀਂ ਰੰਨਾਂ ।
ਪਰ ਹੋ ਇਕੱਠੇ ਮਨਚਰੇ, ਕਰ ਲਈਏ ਬੰਨਾਂ[9] ।

---

1. ਪੀ: ਯੁ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਪਾਰੋ' ਸ਼ਬਦ ਹੈ ।

2. ਕਿਸੇ ਪਿੰਡ ਆਦਿ ਦਾ ਨਾਂ ਲਗਦਾ ਹੈ ।

3. ਧੀਰਜ ਦੇਣਾ, ਟਾਲ ਮਟੋਲ ਕਰਨਾ, ਮਖ਼ੌਲ ਉਡਾਉਣਾ, ਹੁਣ ਸ: ਮਹਾਂ ਸਿੰਘ, ਸ: ਗੁੱਜਰ ਸਿੰਘ ਭੰਗੀ ਨੂੰ ਸਹਾਇਤਾ ਲਈ ਆਖਦਾ ਹੈ । ਕਵੀ ਇਹ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਮਹਾਂ ਸਿੰਘ ਆਪ ਚੱਠੇ ਦੇ ਮੁਕਾਬਲੇ ਤੇ ਕਮਜ਼ੋਰ ਹੈ ।

4. ਪੀ ਯੁ: ਦੀ ਪੁਸਤਕ ਅਤੇ ਪ੍ਰਾ: ਜੰ ਵਿਚ ਸ਼ਬਦ 'ਪੀਰੀ' ਹੈ ।

5. ਫ਼ਿਕਰ ।

6. ਖਾਣਾ ਪੀਣਾ ਸਭ ਹਰਾਮ ਹੋ ਗਿਆ ।

7. ਖੰਡਾ, ਖੜਗ, ਜਿਵੇਂ 'ਖਨਿਓਂ ਤਿੱਖਾ' ।

8. ਭਾਵ ਮੰਗਦੇ ਫਿਰਨਾ, ਅਤਿ ਗ਼ਰੀਬ ਹੋ ਜਾਣਾ ।

9. ਅਧੀਨ ।

*Original with*
Language Department Punjab
*Digitized by:*
Panjab Digital Library

**45.**

ਤੇ ਗੁੱਜਰ ਸਿੰਘ ਤੇ ਪੁੱਤਰੇ, ਤਦ ਆਹੀ ਲੜਾਈ[1] ।
ਤੇ ਘੱਲ ਪਰਵਾਨਾ ਸਿੰਘ ਨੇ, ਚਾ ਸੁਲਹ ਕਰਾਈ ।
ਜੇ ਮੇਰੀ ਗੱਲ ਨਿਬੇੜ ਕੇ, ਮੁੜ ਕਰਿਓ ਕਾਈ ।
ਜੇ ਪਿਓ ਪੁੱਤਰ ਨੇ ਫ਼ੌਜ ਭੀ, ਸਰਪਟ ਹਿਲਾਈ[2] ।
ਤੇ ਥਾਨੇ ਛੇੜਾਂ ਸੱਚ ਕੇ, ਦਰ ਬਹੁਤ ਲੋਕਾਈ ।
ਤੇ ਲੱਗੀ ਸੱਟ ਨਕਾਰਿਆਂ, ਚੜ੍ਹ ਕੀਤੀ ਧਾਈ ।

**46.**

ਤੇ ਲਸ਼ਕਰ ਮਹਾਂ ਸਿੰਘ ਦਾ, ਜਿਉਂ ਸਾਵਨ ਹਾਠਾਂ[3] ।
ਤੇ ਲੜੀਆਂ ਫ਼ੌਜਾਂ ਜੋੜ ਕੇ, ਦਰਿਆਵੀਂ ਠਾਠਾਂ ।
ਤੇ ਰਾਹ ਛੁਪਾਇਆ ਗ਼ਰਦ ਨੇ, ਨਾ ਦਿਸਣ ਵਾਟਾਂ ।
ਤੇ ਲਸ਼ਕਰ ਪਾਰ ਚੜ੍ਹੇਂਦਿਆਂ, ਨਾ ਵਾਰੀ ਘਾਟਾਂ ।
ਤੇ ਨੇਜ਼ੇ ਸੂਰਜ ਸਾਹਮਣੇ, ਵਿੱਚ ਮਾਰਣ ਲਾਟਾਂ ।
ਤੇ ਪਿਆ[4] ਜੰਗ ਮੁਕਾਬਲਾ, ਵਿੱਚ ਸਿੰਘਾਂ ਰਾਠਾਂ ।

**47.**

ਤੇ ਤੋਫ਼ਾ ਹੋਰ ਜੰਬੂਰਿਆਂ, ਚਾ ਪਾਈਆਂ ਛੰਡਾਂ ।
ਤੇ ਤੁਬਕਾਂ ਵੱਸਣ ਗੋਲੀਆਂ, ਜਿਉਂ ਸਾਵਣ ਫੰਡਾਂ ।
ਤੇ ਪਿਆ ਤੂਫ਼ਾਨ ਇੱਕ ਮੌਤ ਦਾ, ਸੈ ਹੋਈਆਂ ਰੰਡਾਂ ।
ਤੇ ਹਿੰਦੂ ਜਰਮ[5] ਨਾ ਸਾੜਦੇ, ਚਾ ਫੂਕਣ ਝੰਡਾਂ ।
ਤੇ ਮੁਸਲਮ ਮੋਇਆ ਨ ਦਬੀਏ, ਤਦ ਵਿੱਚ ਘੁਮੰਡਾਂ ।
ਪਰ ਮਰਣ ਬਹਾਦਰ ਜੰਗ ਥੀਂ, ਨਾ ਫੇਰਨ ਕੰਡਾਂ ।

---

1. ਸ: ਗੁੱਜਰ ਸਿੰਘ ਦੇ ਤਿੰਨ ਪੁੱਤਰ ਸਨ—ਮੁੱਖਾ ਸਿੰਘ, ਸਾਹਿਬ ਸਿੰਘ, ਫਤਿਹ ਸਿੰਘ । ਗੁਜਰਾਤ ਵਾਲਾ ਇਲਾਕਾ ਉਸ ਨੇ ਦੋ ਵੱਡੇ ਪੁੱਤਰਾਂ ਨੂੰ ਸੌਂਪਿਆ ਹੋਇਆ ਸੀ । ਪਰ ਇਨ੍ਹਾਂ ਦੋਵਾਂ ਭਰਾਵਾਂ ਵਿੱਚ ਵੈਰ ਵਿਰੋਧ ਹੋ ਗਿਆ ਤੇ ਜੰਗ ਤਕ ਨੌਬਤ ਪਹੁੰਚ ਗਈ । ਮੁੱਖਾ ਸਿੰਘ ਲੜਾਈ ਵਿਚ ਮਾਰਿਆ ਗਿਆ ਜਿਸ ਕਰਕੇ ਗੁੱਜਰ ਸਿੰਘ, ਸਾਹਿਬ ਸਿੰਘ ਤੇ ਨਰਾਜ਼ ਹੋ ਗਿਆ ਅਤੇ ਇਸ ਨੂੰ ਆਪਣੀ ਵਰਾਸਤ ਤੋਂ ਬੇਦਖ਼ਲ ਕਰਨ ਲਈ ਤਿਆਰ ਹੋ ਗਿਆ । ਮਹਾਂ ਸਿੰਘ ਅਤੇ ਦੂਜੇ ਸਰਦਾਰਾਂ ਦੇ ਕਹਿਣ ਤੇ ਆਪਸ ਵਿਚ ਰਾਜ਼ੀ ਨਾਮਾ ਹੋਇਆ ਅਤੇ ਮੁੱਖਾ ਸਿੰਘ ਵਾਲਾ ਇਲਾਕਾ ਫਤਿਹ ਸਿੰਘ ਨੂੰ ਦੇ ਦਿਤਾ ਗਿਆ ।
2. ਪ੍ਰਾ: ਜੰ: ਵਿਚ 'ਮਿਲਾਈ' ਹੈ ।
3. ਸਾਵਣ ਦੇ ਘਨਘੋਰ ਬੱਦਲ ।
4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਸ਼ਬਦ 'ਹੋਇਆ' ਹੈ ।
5. ਅਰਥਾਤ ਜਨਮ ।

*Original with:*
Language Department Punjab
*Digitized by:*
Panjab Digital Library

### 48.

ਤੇ ਜਿਉਂ ਫਰਵਾਹਾਂ[1] ਝੱਖੜੋਂ, ਤਿਉਂ ਤੀਰ ਸ਼ੁਕਾਵਣ ।
ਤੇ ਚਾਮਲ ਚਾਇਆ ਘੋੜਿਆਂ, ਉਹ ਗਰਦ ਉਠਾਵਣ[2] ।
ਤੇ ਬੱਦਲ ਹੋਇਆ ਧੂੜ ਦਾ, ਚੜ੍ਹ ਹਾਠਾਂ ਆਵਣ ।
ਤੇ ਵਰ੍ਹਿਆ ਮੀਂਹ ਤਦ ਰੱਤ ਦਾ, ਜਿਉਂ ਲੱਗਾ ਸਾਵਣ ।
ਤੇ ਤੇਗਾਂ ਤੇਸ਼ ਮਰੇਂਦਿਆਂ, ਵਿਚ ਰੱਤੂ ਨਹਾਵਣ ।
ਤੇ ਸਾਂਗਾਂ ਵਾਂਗ ਪਰਿੰਦਿਆਂ, ਭਰ ਚਿੰਜੂ ਜਾਵਣ ।
ਪਰ ਗ਼ਾਜ਼ੀ ਮਰਣ ਕਬੂਲ ਭੀ[3], ਨਾ ਪੈਰ ਹਟਾਵਣ ।

### 49.

ਚਾ ਘੋੜਾ ਅੰਦਰ ਸ਼ਾਮ ਦੇ, ਚਾ ਸੂਰਜ ਫੇਰੇ ।
ਤੇ ਲੱਗਾ ਮੁਲਕ ਮੁਖ਼ਾਲਫ਼ਾਂ, ਆ ਪਿਛੋਂ ਹੇਰੇ ।
ਤੇ ਜ਼ੁਲਮ ਉਠਾਇਆ ਰਾਤ ਨੇ, ਪੈ ਗਏ ਹਨੇਰੇ ।
ਤੇ ਥਾਨੇ ਲਸ਼ਕਰ ਚੰਨ ਦੇ, ਆ ਬਹੁਤ ਘਨੇਰੇ ।
ਤੇ ਵੱਖੋਂ ਵੱਖੀ ਫ਼ਲਕ[4] ਨੂੰ, ਚਾ ਪਾਵਣ ਘੇਰੇ ।
ਤੇ ਲਸ਼ਕਰ ਮਹਾਂ ਸਿੰਘ ਦੇ, ਆ ਕੀਤੇ ਡੇਰੇ ।

### 50.

ਤੇ ਚੰਨ ਵਲਾਇਤ ਦੋਹੋਂ ਦਾ, ਪਾ ਬੈਠਾ ਥੰਨਾਂ[5] ।
ਤੇ ਸੂਰਜ ਵੇਖ ਅਚਾਣਚਕ, ਧਰੂ[6] ਚੜ੍ਹਿਆ ਖੰਨਾਂ[7] ।

---

1. ਫਰਾਂ ਜਾਂ ਫਲਾਈ ਦਾ ਬਿਛ—ਹਵਾ ਚਲਣ ਨਾਲ ਇਸ ਵਿਚ ਸ਼ੂਕ ਪੈਦਾ ਹੁੰਦੀ ਹੈ ।
2. ਪੰ: ਯੂ: ਦੀ ਪੁਸਤਕ ਵਿਚ ਪਾਠ 'ਉਡਾਵਣ' ਹੈ ।
3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ 'ਭੀ' ਦੀ ਥਾਂ 'ਕਰ' ਹੈ ।
4. ਅਸਮਾਨ ।
5. ਅਧੀਨ ਕਰ ਲੈਣਾ ।
6. ਧਰੂ—ਭਾਵ ਧਰੂ ਤਾਰਾ ।
7. ਅੱਧਾ ।

*Original with:*
Language Department Punjab
*Digitized by:*
Panjab Digital Library

ਤੇ ਕੁਠਾ ਲਸ਼ਕਰ ਚੰਨ ਦਾ, ਇਸ ਪਾਇਆ ਬੰਨਾਂ ।
ਤੇ ਦਹਿਸ਼ਤ ਪਾਈ ਚੰਨ ਨੂੰ, ਨਾ ਜਾਈਂ ਓ ਚੰਨਾਂ ।
ਤੇ ਦੇਖ ਤਵਾਈ ਚੰਨ ਦੀ, ਉਠ ਲਹਿੰਦੇ ਭੰਨਾਂ ।
ਤੇ ਸ਼ੋਰ ਕਰਾਰਾ ਲਸ਼ਕਰਾਂ, ਵਿਚ ਆਇਆ ਕੰਨਾਂ ।
ਤੇ ਚੜ੍ਹਿਆ ਮਹਾਂ ਸਿੰਘ ਦਾ, ਲਾ[1] ਹੋਲੀ ਵੰਨਾਂ[2] ।

## 51.

ਸ਼ਹਿਰੋਂ ਬਾਹਰ ਬੁਰਜ ਸੀ, ਇਕ ਤੀਰ ਉਡਾਰੀ[3] ।
ਤੇ ਬੁਰਜੇ ਅੰਦਰ ਆਦਮੀ, ਕੁਝ[4] ਆਹੇ ਕਾਰੀ ।
ਤੇ ਪੂੰਜੀ ਇਕ ਗ਼ੁਲਾਮ ਦੀ, ਇਹ ਆਹੀ ਭਾਰੀ ।
ਤੇ ਕੀਤਾ ਹੀਲਾ ਲਸ਼ਕਰਾਂ, ਚੜ੍ਹ ਪਈ ਸਵਾਰੀ ।
ਤੇ ਸਾਂਗਾਂ, ਤੀਰਾਂ, ਨੇਜ਼ਿਆਂ, ਨਾ ਆਵੇ ਵਾਰੀ ।
ਤੇ ਬੁਰਜ ਛੁਪਾਇਆ ਤੁਬਕਾਂ, ਵਿਚ ਧੂੰਆਂ ਧਾਰੀ ।
ਤੇ ਛਾਣੀ ਕੰਧ ਜੰਮੂਰਿਆਂ, ਕਰ ਪੂਰੀ ਸਾਰੀ ।
ਤੇ ਗਰਦ ਉਠਾਈ ਲਸ਼ਕਰਾਂ, ਪੈ ਗਈ ਗ਼ੁਬਾਰੀ ।

## 52.

ਜਾਂ ਨੇੜੇ ਢੁੱਕੇ ਬੁਰਜ ਦੇ, ਸਭ ਸ਼ੀਰਾਂ ਹੰਨੇ ।
ਤੇ ਵੇਖ ਜਵਾਨਾਂ ਅੰਦਰੋਂ, ਧਰੂ ਕੱਢੇ ਖੰਨੇ[5] ।
ਤੇ ਕਰ ਕੇ ਬਹੁਤ ਦਲੇਰੀਆਂ, ਉਠ ਬਾਹਰ ਭੰਨੇ ।
ਪਰ[6] ਜੇ ਕਰਦਾ ਸਾਰ ਵੀ, ਤਾਂ ਖਾਂਦਾ ਬੰਨੇ ।
ਪਰ ਸੱਚ ਮੁੱਚ ਮੌਤ ਸੁਜਾਖਿਆਂ, ਚਾ ਕਰਦੀ ਅੰਨ੍ਹੇ ।

---

1. ਪ੍ਰਾ: ਜੰ: ਵਿਚ 'ਦਾ ਲਾ' ਦੀ ਥਾਂ 'ਸੀ ਉਹ' ਸ਼ਬਦ ਹਨ ।
2. ਖ਼ੂਨ ਦੀ ਹੋਲੀ ਖੇਡਦਾ ਹੋਇਆ ।
3. 'ਇਕ ਤੀਰ ਉਡਾਰੀ' ਭਾਵ ਜਿਥੋਂ ਤਕ ਤੀਰ ਜਾ ਸਕਦਾ ਹੈ ਉਨੇ ਫ਼ਾਸਲੇ ਤੇ ।
4. ਪੰ: ਯੂ: ਦੀ ਪੁਸਤਕ ਵਿਚ ਸ਼ਬਦ 'ਕੁਲ' ਹੈ ।
5. ਖੰਡੇ, ਤਲਵਾਰਾਂ ।
6. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਸ਼ਬਦ 'ਪੁਰਜ਼ੇ' ਹੈ ਜੋ ਗ਼ਲਤ ਪਰਤੀਤ ਹੁੰਦਾ ਹੈ । ਇਸ ਪੰਗਤੀ ਦਾ ਅਰਥ ਇਹ ਹੈ ਕਿ ਮਹਾਂ ਸਿੰਘ ਨੇ ਤੇਜ਼ੀ ਨਾਲ ਹੱਲਾ ਕੀਤਾ ਕਿ ਚੱਠਿਆਂ ਨੂੰ ਇਸ ਦਾ ਪਤਾ ਤਕ ਨਾ ਲਗਿਆ । ਸੋਹਨ ਲਾਲ ਦੀ ਦਫਤਰ ਦੋਇਮ ਪੰਨਾ 19 ਉਤੇ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ, ਅਤੇ ਇਸ ਲੜਾਈ ਨੂੰ 'ਸਿਰੇ ਸਵਾਰੀ' ਕਹਿੰਦਾ ਹੈ ।

*Original with:*
Language Department Punjab
*Digitized by:*
Panjab Digital Library

### 53.

ਤੇ ਫਟ ਨਾ ਹੋਵੇ ਕਤਰਾ, ਉਹ ਕਰ ਕਰ ਹੱਟੇ ।
ਤੇ ਜ਼ੋਰ ਕੀ ਕਰਨੀ ਤਾਲਿਆਂ[1], ਜਾਂ ਪਏ ਅਪੁੱਠੇ ।
ਤੇ ਚੜ੍ਹੀਆਂ ਵਾਂਗ ਅਸਵਾਰ ਭੀ, ਚੌਗਿਰਦੇ ਨੱਠੇ ।
ਪਰ ਦੋਸ਼ ਨਾ ਕੁਝ ਬਹਾਦਰਾਂ, ਹਥਿਆਰਾਂ ਮੱਠੇ ।

### 54.

ਤੇ ਤੁਬਕਾਂ ਹੋਰ ਜਜ਼ਾਇਲਾਂ[2], ਸੈ ਸ਼ਹਿਰੋਂ ਦੱਖਣ[3] ।
ਤੇ ਫੁਟ ਨਾ ਹੋਵੇ ਮੂਲ ਭੀ, ਜਿਉਂ ਢੀਮਾਂ ਲੱਗਣ ।
ਤੇ ਤੇਗਾਂ ਹੋਈਆਂ ਖੁੰਡੀਆਂ, ਉਹ ਵਾਲ ਨਾ ਵੱਢਣ ।
ਪਰ ਦਾਣਾ ਉਮਰ ਨਿਖੁੱਟਿਆਂ, ਤਾਂ ਕਿਚਰਕ ਤੱਗਣ ।

### 55.

ਤੇ ਮਾਰ ਸਿਪਾਹ[4] ਉਸ ਬੁਰਜ ਵਿੱਚ, ਮੁੜ ਕੁੱਠੇ ਸਾਰੇ ।
ਤੇ ਜੰਗ ਲੜਾਈ ਕਰਦਿਆਂ, ਕੁਝ ਰੋਜ਼[5] ਗੁਜ਼ਾਰੇ ।
ਤੇ ਆਹਾ ਬੁਰਜ ਇਕ ਹੋਰ ਭੀ[6], ਉਸ ਸ਼ਹਿਰ ਕਿਨਾਰੇ ।
ਤੇ ਲੱਥਾ ਲਸ਼ਕਰ ਉਸ ਦੇ, ਮੱਲ ਪਾਸੇ ਚਾਰੇ ।
ਤੇ ਕਾਰੇ[7] ਦਹਿਨ ਸਵਾਰ ਭੀ, ਕਰ ਬਹਿਨ ਉਤਾਰੇ ।
ਪਰ ਕੀਤੇ ਅਹਿਮਦ ਖ਼ਾਨ ਨੇ, ਕੁਝ ਓਥੇ ਕਾਰੇ ।

---

1. ਕਿਸਮਤ ।

2. ਲੰਮੀਆਂ ਤੇ ਭਾਰੀਆਂ ਬੰਦੂਕਾਂ । ਇਨ੍ਹਾਂ ਦੀ ਮਾਰ ਹੋਰ ਬੰਦੂਕਾਂ ਨਾਲੋਂ ਲੰਮੇਰੀ ਹੁੰਦੀ ਸੀ । ਪੰ: ਜੁ: ਦੀ ਪੁਸਤਕ ਵਿਚ 'ਜਰਾਇਲਾਂ' ਹੈ ।

3. ਪੰ: ਜੁ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ 'ਦੱਗਣ' ਹੈ ।

4. ਫੌਜ

5. ਪ੍ਰਾ: ਜੀ: ਵਿਚ 'ਰੋਹੁ' ਹੈ ।

6. ਸੋਹਨ ਲਾਲ ਨੇ ਦਫ਼ਤਰ ਦੋ ਦੇ ਪੰਨਾ 19 ਤੇ ਚਾਰ ਬੁਰਜਾਂ ਦਾ ਜ਼ਿਕਰ ਕੀਤਾ ਹੈ ।

7. ਪ੍ਰਾ: ਜੀ: ਵਿਚ ਇਹ ਤੁਕ ਨਹੀਂ । ਪੰ: ਜੁ: ਦੀ ਪੁਸਤਕ ਵਿਚ 'ਕਾਵੇ' ਸ਼ਬਦ ਹੈ । ਉਕਤ ਦੋਹਾਂ ਪੁਸਤਕਾਂ ਵਿਚ ਇਸ ਬੰਦ ਦੀ ਅੰਤਲੀ ਤੁਕ ਹੈ, "ਕਈ ਸੂਰਮੇਂ ਮੌਤ ਦੇ, ਉਸ ਘਾਟ ਉਤਾਰੇ" ।

Original with:
Language Department Punjab
Digitized by:
Panjab Digital Library

## 56.

ਤੇ ਚੱਠੇ ਇਲਮ ਕਲਾਮ[1] ਥੀਂ, ਸਭ ਆਹੇ ਘਾਂਦੇ[2] ।
ਤੇ ਨੇਕੀ ਕਰਦੇ ਦਿਲ ਦੀ, ਉਹ ਢਿਲ ਨਾ ਲਾਂਦੇ ।
ਤੇ ਖ਼ਾਲੀ ਮੂਲ ਨਾ ਮੋੜਦੇ, ਜੋ ਮੰਗਣ ਜਾਂਦੇ ।
ਪਰ ਸੁਣੋ ਹਕੀਕਤ ਅਗਲੀ, ਜੋ ਲੋਕ ਸੁਣਾਂਦੇ ।
ਜਾਂ ਸਿੰਘਾਂ ਗਿਰਦੇ ਬੁਰਜ ਦੇ, ਚਾ ਮਾਰੇ ਫਾਂਦੇ ।
ਤੇ ਅਹਿਮਦ ਖ਼ਾਂ ਵਿੱਚ ਬੰਦਗੀ, ਸੀ ਬਾਹਰ ਬਾਂਦੇ[3] ।

## 57.

ਤੇ ਗਿਰਦ ਬਗਿਰਦੀ[4] ਮਨਚਰੇ, ਲਹਿ ਪਈ ਲੋਕਾਈ ।
ਤੇ ਦੇਂਹ ਰਾਤੀਂ ਜੰਗ ਭੀ[5], ਨਿਤ ਪਵੇ ਲੜਾਈ ।
ਪਰ ਹੁੰਦਾ ਜੰਗ ਮੁਕਾਬਲਾ, ਕੁਝ ਪੇਸ਼ ਨਾ ਜਾਈ ।
ਤੇ ਮਹਾਂ ਸਿੰਘ ਗ਼ੁਲਾਮ ਨਾਲ, ਇਹ ਪਾਰਸਾਈ[6] ।
ਜੇ ਮਿਲੇ ਗ਼ੁਲਾਮ ਨਾ ਮਾਰਸਾਂ, ਸਿਰ ਪੋਥੀ ਚਾਈ[7] ।
ਤੇ ਕਹਿਆ ਫੇਰ ਗ਼ੁਲਾਮ ਨੇ, ਮਤ ਹੋਇ ਖ਼ਤਾਈ[8] ।
ਪਰ ਘੱਲਿਆ ਕੁਤਬਦੀਨ ਨੂੰ, ਜਾ ਮਿਲ ਤੂੰ ਭਾਈ ।
ਤੇ ਜਾ ਕਰ ਡੇਰੇ ਸਿੰਘ ਦੇ, ਉਸ ਫ਼ਤਿਹ ਬੁਲਾਈ ।
ਤੇ ਮਹਾਂ ਸਿੰਘ ਭੀ ਉਸ ਨੂੰ, ਚਾ ਕੋਲ ਬਹਾਈ ।

---

1. ਭਾਵ ਕਲਾਮ ਇਲਾਹੀ ਅਰਥਾਤ ਕੁਰਾਨ ਸ਼ਰੀਫ਼ । ਪ੍ਰਾ: ਜੀ: ਵਿਚ ਸ਼ਬਦ 'ਇਮਲ ਕਲਾਮ' ਹੈ ।

2. ਪੜ੍ਹੇ ਹੋਏ ।

3. ਭਗਤੀ ਕਰ ਰਿਹਾ ਸੀ । ਇਸ ਬੰਦ ਵਿਚ ਕਵੀ ਇਹ ਗੱਲ ਖੋਲ੍ਹ ਕੇ ਦੱਸਣਾ ਚਾਹੁੰਦਾ ਹੈ ਕਿ ਕੀ ਚੱਠੇ ਕੁਰਾਨ ਸ਼ਰੀਫ਼ ਤੋਂ ਚੰਗੀ ਤਰ੍ਹਾਂ ਵਾਕਫ਼ ਸਨ ਅਤੇ ਉਹ ਪੁਨਦਾਨ ਕਰਨ ਵਿਚ ਸਦਾ ਤਤਪਰ ਰਹਿੰਦੇ ਸਨ ਭਾਵ ਇਹ ਕਿ ਉਹ ਬੜੇ ਨੇਕ ਸਨ ।

4. ਪ੍ਰਾ: ਜੀ: ਵਿਚ ਇਥੇ 'ਗਿਰਦੇ ਗਿਰਦੀ' ਹੈ ।

5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ 'ਦਿਹੁੰ ਤੇ ਰਾਤੀਂ ਅੜਿ ਦੀ' ਸ਼ਬਦ ਹਨ ।

6. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਸ਼ਬਦ 'ਨਾ ਪਾਰਵਸਾਈ' ਹਨ ।

7. ਸ੍ਰੀ ਗੁਰੂ ਗ੍ਰੰਥ ਸਾਹਿਬ ।

8. ਖ਼ਤਾ, ਭੁੱਲ, ਗ਼ਲਤੀ ।

Original with:
Language Department Panjab
Digitized by:
Panjab Digital Library

58.

ਤੇ ਗੌਰ ਦਿਲਾਸਾ ਅਗਲਾ, ਧਰਵਾਸ ਦਿਵਾਇਆ ।
ਤੇ ਕਹਿਆ ਆਪ ਗੁਲਾਮ ਭੀ, ਕਿਉਂ ਮਿਲਣ ਨਾ ਆਇਆ ।
ਤੇ ਮਹਾਂ ਸਿੰਘ ਗ੍ਰੰਥ ਨੂੰ, ਲੈ ਸਿਰ ਤੇ ਚਾਇਆ ।
ਤੇ ਦਗਾ ਨਾ ਮੂਲੇ ਵਿੱਚ ਏਸ, ਤਾਂ ਕਸਮ ਖ਼ੁਦਾਇਆ ।
ਪਰ ਪੁੱਤਰ[1] ਮਹਾਂ ਹਿੰਘ ਨੇ, ਉਸ ਨਾਲ ਚਲਾਇਆ ।
ਤੇ ਜਾ ਕੇ ਕਹੀਂ ਗੁਲਾਮ ਨੂੰ, ਤੁਧ ਬਾਪ ਬੁਲਾਇਆ ।

59.

ਤੇ ਲੜਕੇ ਦੋਵੇਂ ਲਸ਼ਕਰੋਂ ਵਿਚ ਮਨਚਰ ਆਵਣ ।
ਤੇ ਕੁਲ ਹਕੀਕਤ ਸਿੰਘ ਦੀ, ਸਭ ਆਖ ਸੁਣਾਵਣ ।
ਤੇ ਗੌਰ ਦਿਲਾਸਾ ਅਗਲਾ, ਧਰਵਾਸ ਦਿਵਾਵਣ ।
ਤੇ ਕਸਮ ਸੌਗੰਦ ਗ੍ਰੰਥ[2] ਨੂੰ, ਲੈ ਸਿਰ ਤੇ ਚਾਵਣ ।
ਤੇ ਜਾਤਾ ਸਮਝ ਗੁਲਾਮ ਨੇ, ਹੁਣ ਬਣਿਆ ਜਾਵਣ ।
ਤੇ ਜੋੜੀ ਕੰਗਣ ਸਿੰਘ ਦੀ, ਚਾ ਹੱਥੀ ਪਾਵਣ ।
ਪਰ ਆਪੇ ਜਾਣ ਪਛਾਣ ਕੇ, ਛਲ[3] ਲੱਗਾ ਖਾਵਣ ।

60.

ਤੇ ਆਕਲ ਮਰਣ ਕਬੂਲ ਕੀ[4], ਕਿਉਂ ਓਥੇ ਜਾਂਦਾ ।
ਜੋ ਰਾਜਾ ਹੋ ਕਮੰਦਰੀ, ਸਿਰ ਦਫ਼ਤਰ ਚਾਂਦਾ[5] ।
ਤੇ ਕਰਕੇ ਕੌਲ ਕਰਾਰ ਭੀ, ਪਰਜਾ ਫਿਰਾਂਦਾ ।
ਪਰ ਸੋਨਾਂ ਪਿੱਤਲ ਕੁੱਟ ਜਾਂ, ਇਕ ਭਾ ਵਿਕਾਂਦਾ ।

---

1. ਭਾਵ ਮਹਾਰਾਜਾ ਰਣਜੀਤ ਸਿੰਘ । ਇਨ੍ਹਾਂ ਦੀ ਪੈਦਾਇਸ਼ ਦੀ ਮਿਤੀ ਸੋਹਨ ਲਾਲ ਨੇ 4 ਮਘਰ, 1827 ਬਿ: (13 ਨਵੰਬਰ, 1780) ਦੱਸੀ ਹੈ । ਅਤੇ ਨਾਲ ਹੀ ਗੱਲ ਖ਼ਾਸ ਤੌਰ ਤੇ ਨੋਟ ਕੀਤੀ ਹੈ । ਇਨ੍ਹਾਂ ਦੀ ਪੈਦਾਇਸ਼ ਸਮੇਂ ਮਹਾਂ ਸਿੰਘ ਸੈਦ ਨਗਰ ਦੇ ਮੋਰਚੇ ਵਿਚ ਰੁਝਿਆ ਹੋਇਆ ਸੀ ।

ਪਰ ਲੈਫਿਲ ਗ੍ਰਿਫ਼ਨ ਤੇ ਡਾ: ਗੋਕਲ ਚੰਦ ਨਾਰੰਗ ਅਨੁਸਾਰ ਦੱਸ ਸਾਲਾ ਰਣਜੀਤ ਸਿੰਘ ਵੀ ਇਸ ਲੜਾਈ ਵਿਚ ਸ਼ਾਮਲ ਹੋਏ ਸਨ ।

2. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਕਸਮਾਂ ਖਾਕੇ ਗ੍ਰੰਥ ਨੂੰ' ਸ਼ਬਦ ਹਨ ।

3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ 'ਛਿੱਲ' ਸ਼ਬਦ ਹੈ ।

4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ 'ਕੇ' ਹੈ ।

5. ਇਹ ਪੰਕਤੀ ਉਪਰੋਕਤ ਦੋਹਾਂ ਪੁਸਤਕਾਂ ਵਿਚ ਇਸ ਤਰ੍ਹਾਂ ਹੈ :—
"ਰਾਜਾ ਹੋ ਕੇ ਮੁਲਕਦਾ, ਸਿਰ ਦਿਫ਼ਤਰ ਚਾਂਦਾ ।"

Original with:
Language Department Punjab
Digitized by:
Panjab Digital Library

ਤੇ ਅੰਬਾਂ ਵਿਚ ਧਿਰਕੋਣੀਆਂ, ਕੁਝ ਫਰਕ ਨਾ ਪਾਂਦਾ ।
ਪਰ ਦੋਸ਼ ਨਾ ਕੁਝ ਗ਼ੁਲਾਮ ਨੂੰ, ਰੱਬ ਆਪ ਕਰਾਂਦਾ[1] ।

61.

ਤੇ ਮੀਆਂ ਵਾਂਗ ਫ਼ਕੀਰ ਭੀ, ਚਾ ਵੇਸ ਵਟਾਏ ।
ਤੇ ਕਰਕੇ ਗੇਰੀ ਕਪੜੇ, ਗਲ ਸੇਹਲੀ ਪਾਵੇ ।
ਤੇ ਫੜ ਕੇ ਹਥ ਕਮਾਨ ਭੀ, ਵਿੱਚ ਡੇਰੇ ਆਵੇ ।
ਤੇ ਮੱਥੇ ਤੇ ਧਰ ਤੀਰ ਉਹ, ਜਾ ਫਤਿਹ ਬੁਲਾਵੇ ।
ਤੇ ਗ਼ੈਰਤ ਅਜੇ ਜਵਾਨ ਨੂੰ, ਨਾ ਦਿਲ ਥੀਂ ਜਾਵੇ ।
ਤੇ ਫੜ ਕੇ ਮਹਾਂ ਸਿੰਘ ਭੀ, ਚਾ[2] ਕੋਲ ਬਹਾਵੇ ।

62.

ਪਰ ਜਾਂ ਮੀਆਂ ਖ਼ਾਂ ਮਨਚਰੇਂ, ਵਿਚ ਲਸ਼ਕਰ ਆਇਆ ।
ਤੇ ਗਿਰਦ ਬਗਿਰਦੀ[3] ਲਸ਼ਕਰੇ, ਆ ਝੁਰਮਟ ਪਾਇਆ ।
ਤੇ ਮਰਨ ਕਬੂਲੇ ਲੋਕ ਭੀ, ਨਾ ਮੁੜਨ ਹਟਾਇਆ ।
ਪਰ ਯੂਸਫ਼ ਵਿਚ ਬਾਜ਼ਾਰ ਦੇ, ਚੰਨ ਅੱਜ ਵਿਕਾਇਆ ।
ਪਰ ਹੱਥ-ਪੜਥੀ ਲੋਕ ਲੈ, ਕਰ ਜ਼ੋਰ ਲਗਾਇਆ ।

63.

ਤੇ ਆਪ ਹਕੀਕਤ ਸੱਚ ਦੀ, ਛੱਡ ਹੋਰ ਕੁਸ਼ਾਲਾ[4],
ਤੇ ਕਹਿਆ ਸਿੰਘ ਗ਼ੁਲਾਮ ਨੂੰ, ਜੇ ਲੈ ਤੂੰ ਕਾਲਾ ।
ਤੇ ਕਹਿਆ ਫੇਰ ਗ਼ੁਲਾਮ ਨੇ, ਰੱਬ ਰਖਣ ਵਾਲਾ ।
ਪਰ ਦਿਤਾ ਸਾਨੂੰ ਸਿੰਘ ਜੀ, ਤੁਧ ਦੇਸ਼ ਨਿਕਾਲਾ ।
ਤੇ ਕਸਮ ਸੁਗੰਦਾ ਘੱਤ ਕੇ, ਇਹ ਕੀਤੇ ਈ ਚਾਲਾ ।
ਤੇ ਮੈਂ ਹੁਣ ਜਾਣਾ ਮਨਚਰੇਂ, ਤੂੰ ਬੈਠ ਸੁਖਾਲਾ ।

---

1. ਇਸ ਬੰਦ ਵਿਚ ਕਵੀ ਨੇ ਗ਼ੁਲਾਮ ਮੁਹੰਮਦ ਨੂੰ ਕੋਸਿਆ ਹੈ। ਪਰ ਫੇਰ ਹੋਣੀ ਨੂੰ ਮੁੱਖ ਰਖਕੇ ਉਸ ਨੂੰ ਇਸ ਭੁਲ ਤੋਂ ਬਰੀ ਕਰ ਦਿਤਾ ਹੈ। ਜਿਵੇਂ—"ਪਰਦੋਸ਼ ਨਾ ਕੁਝ ਗ਼ੁਲਾਮ ਨੂੰ, ਰੱਬ ਆਪ ਕਰੀਦਾ" ।

2. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ "ਉਹ ਨੂੰ" ਹੈ ।

3. ਉਪਰੋਕਤ ਦੋਹਾਂ ਪੁਸਤਕਾਂ ਵਿਚ ਇਥੇ "ਗਿਰਦੋ ਗਿਰਦੀ" ਹੈ ।

4. ਗੱਲਾਂ, ਬਖੇੜੇ ।

Original with:
Language Department Punjab
Digitized by:
Panjab Digital Library

## 64.

ਪਰ ਦੇਹੋਂ ਚਾਲੀ ਉਠ ਭੀ[1], ਮੈਂ ਮੱਕੇ ਜਾਣਾ ।
ਤੇ ਕਰੀਏ[2] ਤੋਸ਼ਾ[3] ਸਫ਼ਰ ਦਾ, ਲੱਦ ਖਾਣਾ ਦਾਣਾ ।
ਤੇ ਕਹਿਆ ਮਹਾਂ ਸਿੰਘ ਨੇ, ਮੈਂ ਇੰਞ ਪਛਾਣਾਂ ।
ਤੇ ਚੱਲਿਆ ਹੈ ਫਰਿਆਦ ਨੂੰ, ਤੂੰ ਕੋਲ ਪਠਾਣਾਂ[4] ।
ਪਰ ਕੀਤਾ ਸੁਖ਼ਨ ਗ਼ੁਲਾਮ ਨੇ, ਇਹ ਵਾਂਗ ਇਆਣਾ ।
ਤੇ ਦਿਲ ਦਾ ਭੇਤ ਨਾ ਦਸੀਏ, ਇਹ ਖ਼ੂਬ ਪਛਾਣਾ ।

## 65.

ਤੇ ਕਲਾ ਛੱਡ ਗ਼ੁਲਾਮ ਭੀ, ਕਿਉਂ ਉਥੋਂ ਭੁਲੇ ।
ਘਿਓ ਡੁਲ੍ਹਾ ਮੂਲ[5] ਨਾ ਆਖੀਏ, ਵਿੱਚ ਥਾਲੀ ਡੁਲੋ[6] ।

## 66.

ਤੇ ਚਾਲੀ ਉਠ ਦੇ ਛਕੜੇ, ਲੈ ਮਨਚਰ ਆਇਆ ।
ਤੇ ਜਿਥੇ ਸਨ[7] ਜ਼ਿਆਰਤਾਂ, ਉਹ ਤਾਕ[8] ਖੁਲਾਇਆ ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਸ ਪੰਕਤੀ ਦਾ ਪਹਿਲਾ ਭਾਗ ਇਸ ਤਰ੍ਹਾਂ ਹੈ :—"ਦੇ ਦਿਓ ਚਾਲੀ ਊਠ ਹੁਣ"........

2. ਉਪਰੋਕਤ ਦੋਹਾਂ ਪੁਸਤਕਾਂ ਵਿਚ ਇਥੇ 'ਕਰਕੇ' ਹੈ ।

3. ਸਫ਼ਰ ਤੇ ਜਾਂਦਿਆਂ ਜੋ ਸਮਾਨ ਨਾਲ ਲਿਜਾਇਆ ਜਾਂਦਾ ਹੈ, ਉਹ 'ਤੋਸ਼' ਕਹਿੰਦੇ ਹਨ ।

4. ਪੰ: ਯੂ: ਦੀ ਪੁਸਤਕ ਅਤੇ ਪ੍ਰ: ਜੰ: ਵਿਚ ਇਸ ਪਿਛੋਂ ਇਕ ਪੰਕਤੀ ਹੋਰ ਹੈ ।

"ਤੇ ਮੀਏਂ ਆਹੋ ਆਖਿਆ, ਜੋ ਅੱਲਾ ਭਾਣਾ ।" ਹੈ ਪਰ ਪ੍ਰਾ: ਜੰ: ਵਿਚ 'ਮੀਏ" ਦੀ ਥਾਂ 'ਮੈਂ ਹੀ' ਹੈ ।

5. ਇਹ ਸ਼ਬਦ ਉਪਰੋਕਤ ਦੋਹਾਂ ਪੁਸਤਕਾਂ ਵਿਚ ਨਹੀਂ ਹੈ ।

6. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਸ ਬੰਦ ਦੇ ਅੰਤ ਵਿਚ ਦੋ ਪੰਕਤੀਆਂ ਹੋਰ ਹਨ :—

"ਸੈ ਫ਼ਿਕਰਾਂ ਨੇ ਘੇਰਿਆ, ਸਿਰ ਜੱਖੜ ਝੁਲੇ ।
ਤੇ ਸਾਬਤ ਰਖੇ ਕਦਮ ਉਸ, ਸਹਿ ਦਾਵ ਅਵੱਲੇ ।"

7. ਪੰ: ਯੂ: ਦੀ ਪੁਸਤਕ ਵਿਚ ਇਥੇ "ਸਨ" ਹੈ ।

8. ਦਰਵਾਜ਼ਾ, ਅਲਮਾਰੀ ।

Original with:
Language Department, Punjab
Digitized by:
Panjab Digital Library

ਤੇ ਰਹੀਆਂ ਮੂਲ ਨਾ ਅਧੀਆਂ, ਰੋ ਹਾਲ ਵੰਵਾਇਆ[1] ।
ਤੇ ਸਾਨੂੰ ਏਸ ਜਹਾਨ ਥੀਂ, ਹੁਣ ਸਫ਼ਰ ਚਲਾਇਆ ।
ਪਰ ਭਾਰ ਸਲੇਟੀ[2] ਕਢਕੇ, ਸਬ ਸਾਥ ਲਦਾਇਆ ।
ਤੇ ਕਰਹੁੰ[3] ਤਿਆਰੀ ਚੱਲੀਏ, ਜਿਉਂ ਅੱਲਾ ਭਾਇਆ ।

**67.**

ਤੇ ਤੁਰ ਪਈ ਨਾਲ ਗ਼ੁਲਾਮ ਦੇ, ਸਭ ਚੰਗੀ ਮੰਦੀ ।
ਤੇ ਖ਼ਵੇਸ਼ ਕਬੀਲਾ ਆਪਣਾ, ਹੋਰ ਸਾਥੀ ਸੰਗੀ ।
ਤੇ ਸਾਥ ਲਦਾਇਆ ਹਾਜੀਆਂ, ਕਰ ਰੰਗ ਬਰੰਗੀ ।
ਪਰ ਗਾਫ਼ਲ ਮੂਲ ਨਾ ਜਾਣਦੇ ਮਤ ਪਾਉਣ ਫਿਰੰਗੀ[4] ।
ਤੇ ਮੌਤ ਨਾ ਦੇਂਦੀ ਦਮ ਦੀ[5], ਇਕ ਫ਼ੁਰਸਤ ਮੰਗੀ ।
ਤੇ ਓੜਕ ਕਢੇ ਮਨਚਰੋਂ, ਇਸ ਭੈੜੀ ਕੰਗੀ[6] ।

---

1. ਹਜ਼ਰਤ ਮੁਹੰਮਦ ਸਾਹਿਬ ਦੀਆਂ ਇਹ ਪਵਿੱਤਰ ਨਿਸ਼ਾਨੀਆਂ ਚੱਠੇ ਸਰਦਾਰ ਕੋਲ ਕਿੱਨੀਆਂ ਸਨ ਅਤੇ ਉਨ੍ਹਾਂ ਨੇ ਕਿੱਥੋਂ ਪਰਾਪਤ ਕੀਤੀਆਂ ਸਨ । ਕਵੀ ਨੇ ਕੁਝ ਨਹੀਂ ਦੱਸਿਆ । ਖ਼ਿਆਲ ਕੀਤਾ ਜਾਂਦਾ ਹੈ ਕਿ ਸਈਅਦ ਨਗਰ ਦੇ ਚੱਠੇ ਸਰਦਾਰਾਂ ਨੇ ਸਈਅਦਾਂ ਦੇ ਖ਼ਾਨਦਾਨ ਜਿਸ ਤੇ ਨੂਰ ਮੁਹੰਮਦ ਨੇ ਹੱਥ ਸਾਫ਼ ਕੀਤਾ ਸੀ, ਤੋਂ ਇਹ ਨਿਸ਼ਾਨੀਆਂ ਪ੍ਰਾਪਤ ਕੀਤੀਆਂ ਹੋਣ । ਕਵੀ ਨੇ ਇਹ ਵੀ ਨਹੀਂ ਦੱਸਿਆ ਕਿ ਸ: ਮਹਾਂ ਸਿੰਘ ਇਨ੍ਹਾਂ ਵਿਚੋਂ ਕੀ ਕੁਝ ਲੈ ਗਿਆ । ਸਵਾਏ ਇਸ ਤੋਂ ਕਿ ਖ਼ਾਲਸਾ ਇਨ੍ਹਾਂ ਵਿਚੋਂ ਅੱਧੀਆਂ ਲੈ ਗਿਆ ਹੈ । ਇੰਝ ਲਗਦਾ ਹੈ ਕਿ ਸ: ਮਹਾਂ ਸਿੰਘ ਨੇ ਇਨ੍ਹਾਂ ਨੂੰ ਖ਼ੂਬ ਸੰਭਾਲ ਕੇ ਰੱਖਿਆ ਅਤੇ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੇ ਮਹਾਰਾਜਾ ਦਾ ਤੋਸ਼ਾ ਖ਼ਾਨਾ ਅੰਗਰੇਜ਼ਾਂ ਦੇ ਹੱਥ ਆ ਗਿਆ ਅਤੇ ਇਹ ਚੀਜ਼ਾਂ ਲਾਹੌਰ ਦੀ ਸ਼ਾਹੀ ਮਸਜਿਦ ਵਿਚ ਜਮ੍ਹਾਂ ਹੋ ਗਈਆਂ ਸਨ । ਇਨ੍ਹਾਂ ਵਿਚ ਇਹ ਕੁਝ ਹੈ :—ਜੋੜਾ ਪਾਪੋਸ਼, ਛੜੀ, ਕੁਰਤਾ, ਟੋਪੀ, ਪਾਜਾਮਾ, ਕੁਝ ਸਿਰਦੇ ਵਾਲ ਨਿਮਾਜ਼ ਪੜ੍ਹਨ ਵਾਲੀ ਕਿਤਾਬ ਜੋ ਕੌਂਫ਼ਾ ਲਿਪੀ ਵਿਚ ਲਿਖੀ ਹੋਈ ਹੈ ।

2. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ 'ਸਲੀਤੇ' ਸ਼ਬਦ ਹੈ ।

3. ਉਪਰੋਕਤ ਦੋਹਾਂ ਪੁਸਤਕਾਂ ਵਿਚ ਇਥੇ 'ਕਰਕੇ' ਹੈ ।

4. ਇਹ ਕਵਿਤਾ ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ਾ ਕਰਨ ਤੋਂ ਬਾਅਦ ਲਿਖੀ ਗਈ ਹੈ ।

5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ 'ਵੀ' ਸ਼ਬਦ ਹੈ ।

6. ਲੜਾਈ, ਝਗੜਾ ।

Original with:
Language Department Punjab
Digitized by:
Panjab Digital Library

68.

ਤੇ ਸ਼ਹਿਰੋਂ ਬਾਹਰ ਨਿਕਲੇ, ਲੱਦ ਰਖ਼ਤ[1] ਮਤਾਅਈਂ ।
ਤੇ ਲਸ਼ਕਰ ਵਿਚੋਂ ਆਦਮੀ, ਇਕ ਗਿਆ ਤਦਾਈਂ ।
ਤੇ ਕਹਿਆ ਖ਼ਾਨ ਮੁਹੰਮਦੇ[2], ਉਸ ਵੇਖ ਕਦਾਹੀਂ ।
ਜੇ ਡੇਰੇ ਮਹਾਂ ਸਿੰਘ ਦੇ, ਹੁਣ ਕਰਨ ਸਲਾਹੀਂ ।
ਜੇ ਚੱਠੇ ਮਾਰੋ ਘੇਰ ਕੇ, ਹੁਣ ਜਾਵਣ ਨਾਹੀਂ ।
ਪਰ ਆਪਣਾ ਆਪ ਸੰਭਾਲ ਕੇ, ਤੁਸੀਂ ਟੁਰਿਓ ਰਾਹੀਂ ।

69.

ਤੇ ਸੁਣਕੇ ਖ਼ਾਨ ਮੁਹੰਮਦੇ, ਦਿਲ ਧੋਖਾ ਪਾਇਆ ।
ਤੇ ਗਿਆ ਡੇਰੇ ਸਿੰਘ ਦੇ, ਨਾ ਕਿਸੇ ਲਖਾਇਆ ।
ਤੇ ਕਹਿਆ ਮਹਾਂ ਸਿੰਘ ਨੇ, ਕਿਉਂ ਖਾਨੂ ਆਇਆ ।
ਤੇ ਅਗੋਂ ਖ਼ਾਨ ਮੁਹੰਮਦੇ, ਇਹ ਸੁਖ਼ਨ ਅਲਾਇਆ ।
ਤੇ "ਮਾਂ-ਪਿਉ ਮੇਰੇ ਸਿੰਘ ਜੀ ਤੁਧ ਸਫ਼ਰ ਚਲਾਇਆ ।
ਤੇ ਮੈਂ ਹੁਣ ਰਹਿਆ ਤੁਧ ਕੋਲ, ਕੂੜ ਉਨ੍ਹਾਂ ਗਵਾਇਆ ।

70.

ਤੇ ਕਹਿਆ ਮਹਾਂ ਸਿੰਘ ਨੇ, ਹੁਣ ਕੀਕਨ ਜਾਹੋ ।
ਤੇ ਕਹਿਆ ਖ਼ਾਂ ਮੁਹੰਮਦੇ, ਹੁਣ ਜਾਸਾਂ ਆਹੋ ।
ਤੇ ਕਹਿਆ ਮਹਾਂ ਸਿੰਘ ਨੇ, ਚਾ ਘੇਰਾ ਪਾਹੋ ।
ਤੇ ਮਾਰ ਦੋਗਾੜਾ[3] ਓਸ ਨੂੰ, ਚਾ ਥਾਉਂ ਲਾਹੋ ।
ਤੇ ਜ਼ਿੰਦਾ ਕੋਈ ਨਾ ਛਡਿਓ, ਚਾ ਜ਼ਿੱਦ ਮੁਕਾਹੋ ।
ਜੇ ਅੱਗੇ ਚਾਹੜੇ ਰੱਬ ਨੇ,[4] ਸਭ ਮਾਰ ਖਪਾਓ ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ ਸ਼ਬਦ 'ਮਾਲ' ਹੈ ।

2. ਗ਼ੁਲਾਮ ਮੁਹੰਮਦ ਦਾ ਪੁੱਤਰ ।

3. ਦੋ ਗੋਲੀਆਂ ਵਾਲੀ ਬੰਦੂਕ—ਇਸ ਦੇ ਲੱਗਣ ਨਾਲ ਮੌਤ ਵਧੇਰੇ ਯਕੀਨੀ ਬਣ ਜਾਂਦੀ ਹੈ । ਕਵੀ ਗਣੇਸ਼ ਦਾਸ ਨੇ ਵੀ ਇਹ ਸ਼ਬਦ ਵਰਤਿਆ ਹੈ :—

ਪਾਏ ਦੋਗਾੜਾ ਬੰਦੂਕ ਵਿਖੇ, ਤੱਕ ਕੇ ਕਲੂ ਨਿਸ਼ਾਨਾ ਪਠਾਨ ਚਲਾਇਓ ।
ਫੂਲਾ ਸਿੰਘ ਕੋ ਮਾਥਾ ਸੋ ਫੋੜ ਗਈ, ਲਾਗਤ ਹੀ ਸੁਰਧਾਮ ਸੁਧਾਇਓ ।

(ਫਤਿਹ ਨਾਮਾ ਗੁਰੂ ਖ਼ਾਲਸਾ ਜੀ ਕਾ)

4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਨਾਮੇ ਵਿਚ ਇਸ ਪੰਕਤੀ ਦਾ ਪਹਿਲਾ ਭਾਗ ਇਸ ਤਰ੍ਹਾਂ ਹੈ :—"ਜੋ ਅਗੋਂ ਚਕੂਕੇ ਗਏ ਹਨ,........"

Original with:
Language Department Punjab
Digitized by:
Panjab Digital Library

**71.**

ਤੇ ਅਜਲ ਪਿਆਲਾ ਮੌਤ ਦਾ, ਉਸ ਓਥੇ ਪੀਤਾ ।
ਤੇ ਖ਼ਬਰ ਨਾ ਕੁਝ ਗੁਲਾਮ ਨੂੰ, ਰਹਿ ਗਿਆ ਚੁਪੀਤਾ ।
ਤੇ ਉਸ ਨੂੰ ਕਾਸੇ[1] ਮੌਤ ਦੇ, ਚਾ ਖੀਵਾ[2] ਕੀਤਾ ।
ਤੇ ਮੌਤ ਜੋ ਪਾੜਨ ਪਾੜ ਦੀ, ਨਾ ਵੰਜੇ ਸੀਤਾ ।

**72.**

ਤੇ ਪਿਛੇ ਆਣ ਗੁਲਾਮ ਦੇ, ਇਕ ਲਾਲ[3] ਹਵਾਈ[4] ।
ਤੇ ਮੁੜ ਕੇ ਮੀਆਂ ਓਸ ਨਾਲ, ਇਹ ਸੁਖ਼ਨ ਅਲਾਈ ।
ਜੋ ਠਾਕ ਪਿਛਾਂਹਾਂ ਲਸ਼ਕਰਾਂ, ਹੱਥ ਕੋਈ ਨਾ ਪਾਈ ।
ਤੇ ਕਹਿਆ ਅਗੋਂ ਓਸ ਨੇ, ਕਰ ਖ਼ਤਰ ਨਾ ਕਾਈ ।
ਤੇ ਹੋ ਕੇ ਪਿਛੋਂ ਓਸ ਨੇ, ਚਾ ਕਲਾ ਦਖਾਈ ।
ਤੇ ਅਗੋਂ ਹਿਕੋਂ ਨਿਕਲੀ, ਚਾ ਮੂੰਹ ਦੇ ਖਾਈ ।
ਪਰ ਜ਼ੋਰ ਨਾ ਜਾਂਦਾ ਪੇਸ਼ ਭੀ, ਕੁਝ ਨਾਲ ਕਜ਼ਾਈ[5] ।

**73.**

ਤੇ ਤਲਵਾਰਾਂ ਵੰਡੀਆਂ, ਕਰ ਬੇਰਾ ਬੇਰਾ ।
ਤੇ ਰਹਿੰਦੀ ਬਾਬਤ ਓਸ ਦੀ, ਨੂੰ ਪਾਇਆ ਘੇਰਾ ।
ਤੇ ਨੱਠਾ ਕੁਤਬੁਦੀਨ ਭੀ, ਤਾਂ ਵੇਖ ਚੋਫੇਰਾ ।
ਤੇ ਗਇਆ ਡੇਰੇ ਸਿੰਘ ਦੇ, ਕਰ ਜ਼ੋਰ ਦੁਹੇਰਾ[6] ।

---

1. ਪਿਆਲਾ ।
2. ਮਸਤਾਨਾ, ਮਸਤ ।
3. ਤੋਪ ਆਦਿ ਦਾ ਫਾਇਰ ਕਰਨ ਸਮੇਂ ਜੋ ਅੱਗ ਨਿਕਲਦੀ ਹੈ ।
4. ਪੀ: ਜੁ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ ਸ਼ਬਦ "ਰਵਾਈ" ਹੈ ।
5. ਮੌਤ ।
6. ਪੀ: ਜੁ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ ਸ਼ਬਦ 'ਵਧੇਰਾ' ਹੈ ।

*Original with:*
Language Department Punjab
*Digitized by:*
Panjab Digital Library

## 74.

ਤੇ[1] ਲੂੰ ਨਾ ਦੇਸਾਂ ਪੁਟਕੇ, ਮੈਂ ਮੁਏ ਤੇਰੇ ।
ਤੇ ਸਹਿਮ ਪਿਆਂ ਨੂੰ ਬੰਨ੍ਹ ਕੇ, ਨਾ ਦਹਿਲ ਡਫੇਰੇ[2]।
ਪਰ ਡਾਹਢੇ ਲੈਂਦੇ ਡਾਹਢ ਥੀਂ, ਕਰ ਜ਼ੋਰ ਵਧੇਰੇ ।
ਤੇ ਕੀਤੇ ਗੁੱਜਰ ਸਿੰਘ ਨੇ, ਤਦ ਜਤਨ ਘਨੇਰੇ ।
ਜਾਂ ਘੱਲੇ ਮਹਾਂ ਸਿੰਘ ਦੇ, ਆ ਪਹੁਤੇ ਨੇੜੇ ।
ਤੇ ਕਹੇ ਜ਼ਬਾਨੀ ਓਸ ਨੂੰ, ਤੁਸੀਂ ਸੱਜਣ ਮੇਰੇ[3] ।
ਜੇ ਬੰਦਾ ਮੂਲ ਨਾ ਛੱਡਸਾਂ, ਇਹ ਦੁਸ਼ਮਣ ਮੇਰੇ ।
ਜੇ ਨਾ ਦੇਸੇਂ ਏਸ ਨੂੰ, ਤਾਂ ਪੌਸਾਂ ਖੇੜੇ ।

## 75.

ਤੇ ਸੁਣਕੇ ਗੁੱਜਰ ਸਿੰਘ ਨੇ, ਇਹ ਰਾਖ ਬਰਾਖਾ ।
ਤੇ ਕੱਢ ਫੜਾਇਆ ਓਸ ਨੂੰ, ਹੋ ਲੋਹਾ ਲਾਖਾ ।
ਤੇ ਕਹਿਆ ਮਹਾਂ ਸਿੰਘ ਨੂੰ, ਭੁਖ ਪਾਇਓ ਸਾਕਾ ।
ਤੇ ਹੱਥ ਨਾ ਮੂਲੇ ਅੱਪੜੇ, ਬੂਹ ਕੌੜੀ ਦਾਖਾ ।
ਪਰ ਜਾਂ ਮਾਰੇ ਰੱਬ ਭੀ, ਕੌਣ ਹੋਂਦਾ ਰਾਖਾ ।

## 76.

ਤੇ ਤੁਰਿਆ ਕੁਤਬੁੱਦੀਨ ਭੀ, ਜਾ ਓਥੇ ਕਹਿਆ ।
ਜੇ ਮੈਨੂੰ ਦੇਹੋ ਹਥਿਆਰ ਕੋ, ਪਰ[4] ਮੂਲ ਨਾ ਢਹਿਆ ।
ਤੇ ਰੱਬ ਦਾ ਦਿੱਤਾ ਕੌਣ ਹੈ, ਜਿਸ ਮੂਲ ਨਾ ਸਹਿਆ[5] ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਹ ਪੰਕਤੀ 81ਵੇਂ ਬੰਦ ਦੀ ਅੰਤਮ ਪੰਕਤੀ ਹੈ ਤੇ ਅੰਤਮ ਸ਼ਬਦ 'ਮੂਲੇ ਤੇਰਾ' ਹਨ ।

2. ਉਪਰੋਕਤ ਦੋਹਾਂ ਪੁਸਤਕਾਂ ਵਿਚ, ਇਸ ਪੰਕਤੀ ਵਿਚ, 'ਬੰਨ੍ਹ' ਦੀ ਥਾਂ 'ਭੰਨ' ਤੇ 'ਡਾਢੇਰੇ' ਦੀ ਥਾਂ 'ਵਡੇਰੇ' ਹੈ ।

3. ਪ੍ਰਾ: ਜੰ: ਵਿਚ 'ਇਹ' ਦੀ ਥਾਂ 'ਕਰ' ਤੇ 'ਮੇਰੇ' ਦੀ ਥਾਂ 'ਜੇਹੇ' ਹੈ ।

4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਦੀ ਪੁਸਤਕ ਵਿਚ ਇਥੇ "ਝੱਬ, ਮੈਂ" ਹੈ ।

5. ਉਪਰੋਕਤ ਦੋਹਾਂ ਪੁਸਤਕਾਂ ਵਿਚ ਇਸ ਬੰਦ ਦੇ ਅੰਤ ਵਿਚ ਇਕ ਪੰਕਤੀ ਹੋਰ ਹੈ :—
'ਲੱਖ ਨਾ ਉਸ ਥੀਂ ਸੌਰਿਆ, ਜਿਸ ਮਾਣਾ ਗਹਿਆ' ।

Original with:
Language Department Punjab
Digitized by:
Panjab Digital Library

ਤੇ ਵੇਖ ਪੈਗੰਬਰ ਜ਼ਕਰੀਆ[1], ਕਟ[2] ਖੋੜ੍ਹੋਂ ਵੜਿਆ[3] ।
ਤੇ ਲੈ ਪਨਾਹ ਉਹ ਰੁੱਖਦੀ, ਭਜ ਓਥੇ ਵੜਿਆ ।
ਤੇ ਗ਼ੈਰਤ ਵੇਖੋਂ ਰੱਬ ਦੀ, ਸਿਰ ਆਰਾਹ ਧਰਿਆ ।
ਤੇ ਸਿਰ ਤੇ ਪੈਰ ਚਰਾਇਆ, ਏਸ ਸੁਖ਼ਨ ਨ ਕਰਿਆ ।
ਤੇ ਰੱਬ ਦਾ ਦਿੱਤਾ ਸਿਰੇ ਤੇ, ਦੁੱਖ ਹੱਡੀਂ ਜਰਿਆ ।
ਤੇ ਬਾਝ ਪਨਾਹੇ ਰੱਬ ਦੀ, ਕੋਈ ਮੂਲ ਨਾ ਤਰਿਆ ।

## 77.

ਤੇ ਓੜਕ ਗ਼ੈਰਤ ਰੱਬ ਦੀ, ਇਹ ਹਾਲ ਕਰਾਇਆ[4] ।
ਤੇ ਤਰਫ਼ੇ ਮਹਾਂ ਸਿੰਘ ਦੇ, ਉਹ ਪਕੜ ਚਲਾਇਆ ।
ਤੇ ਜਾਤਾ ਕੁਤਬੁੱਦੀਨ ਨੇ, ਹੁਣ ਮਰਨਾ ਆਇਆ ।
ਤੇ ਕਰਕੇ ਹਮਲਾ ਓਸ ਨੇ, ਹੱਥ ਕੇਸੀਂ ਪਾਇਆ[5] ।
ਤੇ ਫੜ ਫੜ ਮਾਰੇ ਸੂਰਮੇ, ਭਉ ਮਰਨੋਂ ਚਾਇਆ ।

## 78.

ਤੇ ਬਹੁਤੇ ਓਸ ਨੇ, ਪਰ ਓੜਕ ਮੱਠਾ[6] ।
ਪਰ ਇਕੱਲਾ ਕੀ ਕਰੇ, ਸੋ ਮਾਰੇ ਝੁੱਟਾ ।
ਤੇ ਬੱਦਲ ਚੜ੍ਹਿਆਂ ਮੌਤ ਦਾ, ਮੀਂਹ ਤੇਗਾਂ ਲੱਥਾ ।

---

1. ਹਜ਼ਰਤ ਜ਼ਕਰੀਆ ਹਜ਼ਰਤ ਈਸਾ ਦੀ ਮਾਤਾ, ਮਰੀਅਮ ਦੇ ਚਾਚੇ ਦੇ ਪੁਤਰ ਸਨ । ਜਦੋਂ ਬੀਬੀ ਮਰੀਅਮ ਬਿਨਾਂ ਵਿਆਹ ਦੇ ਹੀ ਗਰਭਵਤੀ ਹੋ ਗਈ ਤਾਂ ਆਪਣੇ ਲੋਕਾਂ ਤੋਂ ਡਰ ਕੇ ਇਕ ਰੁਖਦੇ ਤਨੇ ਵਿਚ ਪਨਾਹ ਲੈ ਲਈ ਸੀ । ਲੋਕਾਂ ਨੇ ਉਸ ਰੁੱਖ ਨੂੰ ਆਰੇ ਨਾਲ ਚੀਰ ਦਿਤਾ ਜਿਸ ਨਾਲ ਹਜ਼ਰਤ ਜ਼ਕਰੀਆਂ ਵੀ ਨਾਲ ਹੀ ਚੀਰ ਦਿਤੇ ਗਏ ।

2. ਪ੍ਰਾ: ਜੀ: ਵਿਚ 'ਕੱਟ' ਦੀ ਥਾਂ 'ਟੁਕ' ਹੈ ।

3. ਪੰ: ਯੂ: ਦੀ ਪੁਸਤਕ ਤੇ ਪ੍ਰਾ: ਜੀ: ਵਿਚ 'ਵੜਿਆ' ਦੀ ਥਾਂ 'ਤਰਿਆ' ਹੈ ।

4. ਇਸ ਪੰਕਤੀ ਤੋਂ ਪਿੱਛੋਂ ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਕ ਪੰਕਤੀ ਹੋਰ ਹੈ :—

'ਜੇ ਮੈਨੂੰ ਮਨੋਂ ਵਿਸਾਰ ਕੇ, ਕਿਉਂ ਗ਼ੈਰੀਂ ਧਾਇਆ' ।

5. ਇਹ ਗੱਲ ਸੰਭਵ ਨਹੀਂ—ਭੂਮਿਕਾ ਵਿਚ ਇਸ ਦਾ ਜ਼ਿਕਰ ਹੈ ।

6. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਹ ਪੰਕਤੀ ਨਹੀਂ ਹੈ ।

*Original with:*
Language Department Punjab
*Digitized by:*
Panjab Digital Library

ਤੇ ਮਾਰਿਆ ਕੁਤਬੁਦੀਨ ਭੀ, ਹੋਰ ਜੰਗ ਨਿਖੁੱਟਾ ।
ਤੇ ਇਉਂ ਕਰ ਪਿਆ ਚੱਠਿਆਂ, ਦਾ[1] ਪਾਸਾ ਪੁੱਠਾ ।
ਤੇ ਜਿਉਂ ਕਰ ਜ਼ੋਰ ਯਜ਼ੀਦੀਆਂ[2], ਇਮਾਮਾਂ ਕੁੱਠਾ ।
ਤੇ ਮੌਤੇ ਕੋਲੋਂ ਨੱਸਕੇ, ਕੋਈ ਮੂਲ ਨਾ ਛੁੱਟਾ ।

79.

ਤੇ ਦੁਨੀਆਂ ਖ਼ਵਾਬ ਖ਼ਿਆਲ ਹੈ, ਸੁਣ ਅਕਸਰ ਭਾਈ[3] ।
ਤੇ ਯਾ ਇਹ ਮਕਰ ਫ਼ਰੇਬ ਹੈ, ਹੋਰ ਗੱਲ ਨਾ ਕਾਈ[4] ।

80.

ਤੇ ਹਾਰ ਸਿੰਗਾਰ ਭੀ ਲਾਇਕੇ[5], ਇਹ ਆਪ ਦਿਖਾਵੇ ।
ਤੇ ਰੰਨਾਂ ਵਾਂਗੂ ਰਾਨ ਕੇ, ਦਿਲ ਮਿਹਰਾਂ ਪਾਵੇ[6] ।
ਤੇ ਵਾਂਗ ਮਹਿਮਾਨ ਛੋਕੜੇ[7], ਚਾ ਜ਼ਹਿਰ ਖਵਾਵੇ[8] ।

---

1. ਇਸ ਪੰਕਤੀ ਦਾ ਪਹਿਲਾ ਭਾਗ ਪ੍ਰਾ: ਜੰ: ਵਿਚ ਇਸ ਤਰ੍ਹਾਂ ਹੈ :—
'ਤੇ ਇੰਜ ਚੱਠਾ ਚਠਿਆਂ ਦਾ'

2. ਇਸ ਦਾ ਸੰਕੇਤ ਕਰਬਲਾ ਦੀ ਜੰਗ ਵੱਲ ਹੈ ਜਿਥੇ ਹਸਨ, ਹੁਸੈਨ ਨੂੰ ਯਜ਼ੀਦੀਆਂ ਨੇ ਸ਼ਹੀਦ ਕੀਤਾ ਸੀ ।

3. ਪੰ: ਯੂ: ਦੀ ਪੁਸਤਕ ਅਤੇ ਪ੍ਰ: ਜੰ: ਵਿਚ ਇਸ ਤੁਕ ਦਾ ਅੰਤਲਾ ਭਾਗ ਇਸ ਤਰ੍ਹਾਂ ਹੈ :—
'ਇਸ ਈਹੋ ਭਾਵੇ'

4. ਉਪਰੋਕਤ ਦੋਹਾਂ ਪੁਸਤਕਾਂ ਵਿਚ ਇਸ ਤੁਕ ਦਾ ਅੰਤਲਾ ਭਾਗ ਇਉਂ ਹੈ :—"ਜੋਗ੍ਰ ਮਕਰ ਫੈਲਾਵੇ"

5. ਉਕਤ ਦੋਹਾਂ ਪੁਸਤਕਾਂ ਵਿਚ ਇਸ ਤੁਕ ਦਾ ਪਹਿਲਾ ਭਾਗ ਇਉਂ ਹੈ :—
"ਹਾਰ ਸ਼ਿੰਗਾਰਾਂ ਲਾਇਕੇ............" ।

6. ਪ੍ਰਾ: ਜੰ: ਵਿਚ ਇਹ ਤੁਕ ਇਸ ਤਰ੍ਹਾਂ ਹੈ :—'ਰੰਨਾਂ ਵਾਂਗੂ ਏਸਦੀ ਹੈ ਫੋਰ ਸੁਹਾਵੇ' ।

7. ਪੰ ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਸ ਤੁਕ ਦਾ ਮੁਢਲਾ ਭਾਗ ਇਸ ਤਰ੍ਹਾਂ ਹੈ :—
'ਲਾਡ ਦਿਖਾ ਕੇ ਛੋਕੜੇ———'

8. ਉਪਰੋਕਤ ਦੋਹਾਂ ਪੁਸਤਕਾਂ ਵਿਚ ਬੰਦ ਨੰ: 91 ਤੇ 92 ਦੀ ਥਾਂ ਤੇ ਇਕੋ ਹੀ ਪੰਜ ਪੰਕਤੀਆਂ ਦਾ ਬੰਦ ਹੈ ।

*Original with:*
Language Department Punjab
*Digitized by:*
Panjab Digital Library

81.

ਤੇ ਉਸ ਨੂੰ ਸਿਰ ਤੋਂ ਮਾਰ ਕੇ, ਚਾ ਹੋਰ ਕਰਾਏ ।
ਤੇ ਫਿਰ ਵੀ[1] ਵਾਂਗੂ ਔਰਤਾਂ, ਨਾ ਕਰੇ ਵਫ਼ਾਏ ।
ਤੇ ਰੱਬ ਦੇਵੇ ਹੋਸ਼ ਭੀ[2], ਭੀ ਏਸ ਕੋਲ ਨਾ ਬਹੀਏ ।
ਤੇ ਘੱਤ ਤਲਾਕਾਂ ਏਸ ਨੂੰ, ਹੋ ਕੰਨੀਂ ਬਹੀਏ ।
ਤੇ ਮੰਦਾ ਕਿਸੇ ਨਾ ਆਖੀਏ, ਸਭ ਚੰਗ ਕਹੀਏ ।
ਤੇ ਅਜਰ ਦਹਿੰਦਾ[3] ਰੱਬ ਹੈ, ਸਭ ਓਸ ਥੀਂ ਲਹੀਏ ।
ਤੇ ਫ਼ਕਰ ਜ਼ਹੀਰੀ, ਆਜਜ਼ੀ, ਸਭ ਸਿਰ ਤੇ ਸਹੀਏ ।
ਜੇ ਫ਼ੁਰਸਤ ਪਿੱਛੇ ਭੰਗੀਉਂ, ਕੁਛ ਮੁਫ਼ਤ ਨਾ ਢਹੀਏ[4] ।

82.

ਤੇ ਕਿੱਥੇ ਹੈਨ ਉਹ ਆਦਮੀ, ਜੋ ਕਦਰ ਪਛਾਣਨ ।
ਤੇ ਹੁਣ ਦੇ ਹੱਥੋਂ ਦੇਖ ਕੇ, ਸੌ ਹੁਜਤ ਆਣਨ[5] ।
ਤੇ ਮੋਤੀ ਹੋਰ ਕਲੀਤਰੇ, ਹਿਕ ਰੰਗੇ ਜਾਣਨ ।
ਪਰ ਉਹਨਾਂ ਮੂਲ ਨਾ ਵੇਖਦਾ, ਸੌ ਕਰੀਏ ਚਾਨਣ ।
ਤੇ ਕਰਕੇ ਮਕਰ ਫ਼ਰੇਬ ਇਹ, ਸਭ ਲੋਕਾਂ ਚਾਨਣ ।
ਪਰ ਆਖ ਹਕੀਕਤ ਅਗਲੀ, ਜੋ ਲੋਕ ਸੁਣਾਵਣ ।
ਜਾਂ ਚੱਠੇ ਬਾਹਰ ਨਿਕਲੇ, ਸਫ਼ਰ ਤਿਆਰੀ ।
ਤੇ ਦੇਖ ਉਨ੍ਹਾਂ ਨੂੰ ਸਾਹਮਣੇ, ਚੜ੍ਹ ਪਈ ਸਵਾਰੀ ।
ਤੇ ਨੱਠਾ ਰਹਿਮਤ ਖ਼ਾਨ ਭੀ, ਲੈ ਜਿੰਦ ਪਿਆਰੀ ।
ਤੇ ਪਿੱਛੇ ਉਸ ਸਵਾਰ ਭੀ, ਕੁਝ ਲੱਗੇ ਕਾਰੀ ।
ਪਰ ਰੱਬ ਜਿਨ੍ਹਾਂ ਨੂੰ ਰੱਖਦਾ, ਤਾਂ ਕਿਹੜਾ ਮਾਰੀ ।
ਉਹ ਹੱਦੋਂ ਗਿਆ ਅਚਾਨਚਕ, ਧਨ ਜੰਮਣਹਾਰੀ ।

---

1. ਪੰ: ਯੂ: ਦੀ ਪੁਸਤਕ ਵਿਚ ਇਥੇ 'ਵੀ' ਸ਼ਬਦ ਹੈ । ਇਹ ਬੰਦ ਪ੍ਰਾ: ਜੰ: ਵਿਚ ਅੰਕਿਤ ਹੀ ਨਹੀਂ ।

2. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਇਥੇ ਸ਼ਬਦ 'ਤਾਂ' ਹੈ ।

3. ਨੇਕੀ ਬਦੀ ਦਾ ਫਲ ਦੇਣ ਵਾਲਾ ।

4. ਇਸ ਬੰਦ ਦੀ ਅੰਤਮ ਤੁਕ ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੰ: ਵਿਚ ਨਹੀਂ ।

5. ਇਸ ਤੋਂ ਬਾਅਦ ਦਾ ਪਾਠ ਪ੍ਰਾ: ਜੰ: ਵਿਚ ਅੰਕਿਤ ਨਹੀਂ ।

*Original with:*
Language Department Punjab
*Digitized by:*
Panjab Digital Library

Original with:
Language Department Punjab
Digitized by:
Panjab Digital Library

ਜੇ ਇਹ ਭੀ ਇਕ ਨਵਾਬ ਹੈ, ਇਸ ਮੁਲਕੇ ਸੰਦਾ ।
ਤੇ ਸਿਰ ਦਾ ਦਰਦ ਪਛਾਣ ਕੇ, ਕੁਝ ਕਰੀਏ ਧੰਦਾ ।
ਨਹੀਂ ਤਾਂ ਮਗ਼ਜ਼ ਦਮਾਗ਼ ਦਾ, ਸਭ ਹੋਸੀ ਗੰਦਾ ।

## 15.

ਹੀਲਾ ਕਰੀਏ ਤਦ ਜਾਂ, ਪਰ ਜਾਏ ਕੀਤਾ[1] ।
ਮੱਤ ਪਾੜ ਅਵੱਲਾ ਪਾੜੀਏ, ਨਾ ਜਾਏ ਸੀਤਾ ।
ਕਿਉਂ ਆਕਲ ਕੰਮ ਵਗਾੜਦਾ, ਹੋ ਚੁਪ ਚਪੀਤਾ ।
ਤੇ ਮੱਤ ਇਹ ਦੌੜੇ ਜੰਗ, ਲੈ ਹਥਿਆਰ ਪਲੀਤਾ ।
ਜੇ ਮੁਲਕ ਖੜਾਈਏ[2] ਹੱਥ ਥੀਂ, ਨਾ ਜਾਏ ਲੀਤਾ ।
ਤੇ ਜੰਗ ਪਿਆਲਾ ਜ਼ਹਿਰ ਦਾ, ਮੱਤ ਦੀਜੇ[3] ਪੀਤਾ।

## 16.

ਪਰ ਘਲੇ ਮਹਾਂ ਸਿੰਘ ਨੇ, ਕੁਝ ਨੌਕਰ ਖ਼ਾਸੇ ।
ਜੇ ਜਾਹੋ ਤੁਸੀਂ ਸ਼ਤਾਬ ਹੀ, ਗ਼ੁਲਾਮੀ ਪਾਸੇ ।
ਤੇ ਮੰਗੋ ਟੱਕੇ ਓਸ ਥੀਂ, ਕਿਸੇ ਨਾਲ ਕਿਆਸੇ ।
ਯਾ ਤੁਸੀਂ[4] ਲਿਆਓ ਓਸ ਨੂੰ, ਕਿਸੇ ਨਾਲ ਦਿਲਾਸੇ ।
ਮੱਤ ਕਿਵੇਂ ਗੌਰ ਦਲਾਸਿਉਂ, ਆ ਏਥੇ ਫਾਸੇ ।
ਜੇ ਜੱਟ ਫੱਟ ਬਿਨ ਬੱਧਿਆਂ, ਨਾ ਆਵੇ ਰਾਸੇ ।
ਪਰ ਰਾਜੇ ਉਤੋਂ ਰਾਜਿਆਂ, ਨਿਤ ਰਹਿਣ ਪਿਆਸੇ[5] ।
ਤੇ ਖ਼ੂਨ ਕਰੇਂਦੇ ਸੱਕਿਆਂ, ਕਰ ਜਾਣਨ ਹਾਸੇ ।
ਤੇ ਰਾਜ ਪਿਆਰੇ ਰਾਜਿਆਂ, ਤੀਕ ਦੁਪਰਿਆਰੇ ।
ਤੇ ਪੀਂਦੇ ਰੱਤ ਉਹ ਜਾਨੀਆਂ, ਹੋ ਘੂਰੇ ਘਾਰੇ ।
ਤੇ ਰਾਜੇ ਅਕਸਰ ਰਾਜਿਆਂ, ਨੂੰ ਮਾਰਣ ਹਾਰੇ ।

---

1. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਹ ਪੰਕਤੀ ਇਸ ਤਰ੍ਹਾਂ ਹੈ :—
'ਹੀਲਾ ਕਰੀਏ ਤਦੋਂ, ਜਦੋਂ ਕੁਝ ਜਾਏ ਕਰੀਤਾ' ।
2. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਕੋ ਸ਼ਬਦ 'ਵੰਞਾਈਏ' ਹੈ ।
3. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ, 'ਚਾਹੀਏ' ਸ਼ਬਦ ਹੈ ।
4. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਥੇ ਸ਼ਬਦ 'ਜਾਂ ਓਨੂੰ' ਹੈ ।
5. ਪੰ: ਯੂ: ਦੀ ਪੁਸਤਕ ਅਤੇ ਪ੍ਰਾ: ਜੀ: ਵਿਚ ਇਹ ਪੰਕਤੀ ਇਸ ਤਰ੍ਹਾਂ ਹੈ :—
'ਰਾਜੇ ਰਾਜਿਆਂ ਲੋਹੂ ਦੇ, ਨਿਤ ਰਹਿਣ ਪਿਆਸੇ' ।

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

B-096678

*Original with:*
Language Department Punjab
*Digitized by:*
Panjab Digital Library